20ਵਾਂ ਸਾਲ PARDES TIMES 20th year in Publication

# ਪਰਦੇਸ ਟਾਇਮਜ਼

ਬਲਬੀਰ ਸਿੰਘ ਐਮ ਏ (ਮੁੱਖ ਸੰਪਾਦਕ)

ਮਾਂ ਬੋਲੀ ਨੂੰ ਸਮਰਪਿਤ

www.pardestimes.com

pardestimes

ਪਰਦੇਸ ਟਾਇਮਜ਼ ਆਨਲਾਈਨ ਪੜ੍ਹਨ ਲਈ ਸਕੈਨ ਕਰੋ

VOL- 20 No. 492 October 14, 2026 E-mail : info@pardestimes.com Ph 510-938-7771

## ਸ. ਰਮੇਸ਼ ਸਿੰਘ ਅਰੋੜਾ ਲਾਹੌਰ ਤੋਂ ਬੇ-ਏਰੀਆ ਪਹੁੰਚੇ



ਪੱਛਮੀ ਪੰਜਾਬ (ਪਾਕਿਸਤਾਨ) ਤੋਂ ਸੂਬਾ ਸਰਕਾਰ ਵਿਚ ਘੱਟ ਗਿਣਤੀ ਮਾਮਲਿਆਂ ਦੇ ਮੰਤਰੀ ਸ. ਰਮੇਸ਼ ਸਿੰਘ ਅਰੋੜਾ ਵਿਸ਼ੇਸ਼ ਤੌਰ ਤੇ ਕੈਲੇਫੋਰਨੀਆ ਦੌਰੇ *ਤੇ ਪਹੁੰਚੇ, ਜਿੱਥੇ ਉਹਨਾਂ ਦਾ ਭਰਵਾਂ ਸਵਾਗਤ ਕੀਤਾ ਗਿਆ ਅਤੇ ਸਨਮਾਨ ਕੀਤਾ ਗਿਆ। *(ਰਿਪੋਰਟ ਅਤੇ ਤਸਵੀਰਾਂ ਸਫਾ 2 *ਤੇ ਦੇਖੋ ਜੀ)*

## ਪਰਗਟ ਸਿੰਘ ਬਣੇ ਪੰਜਾਬ ਕਾਂਗਰਸ ਦੇ ਪ੍ਰਧਾਨ



ਚੰਡੀਗੜ੍ਹ- ਕਾਂਗਰਸ ਪਾਰਟੀ ਨੇ ਪੰਜਾਬ ਵਿਚ ਆਪਣੇ ਕਾਟੋ-ਕਲੇਸ਼ ਨੂੰ ਖਤਮ ਕਰਨ ਦੀ ਕੋਸ਼ਿਸ਼ ਕਰਦਿਆਂ ਆਪਣੀ ਪਾਰਟੀ ਦਾ ਪੰਜਾਬ ਪ੍ਰਧਾਨ ਬਦਲ ਦਿੱਤਾ ਹੈ। ਇਸ ਵਾਰ ਸਾਬਕਾ ਹਾਕੀ ਕਪਤਾਨ ਪਰਗਟ ਸਿੰਘ ਨੂੰ ਪੰਜਾਬ ਕਾਂਗਰਸ ਦੀ ਕਮਾਨ ਸੌਂਪੀ ਗਈ ਹੈ। ਰਾਜਨੀਤੀ ਵਿਚ ਪਰਗਟ ਸਿੰਘ ਹਾਲਾਂਕਿ ਬਹੁਤ ਜ਼ਿਆਦਾ ਮਾਹਿਰ ਨਹੀਂ ਹਨ ਪਰ ਉਹਨਾਂ ਦੇ ਨਾਂ ਤੇ ਕਾਂਗਰਸ ਪਾਰਟੀ ਦੇ ਅੰਦਰ ਦੋਵੇਂ ਧੜੇ ਇਕ-ਦੂਜੇ ਦਾ ਵਿਰੋਧ ਕਰਨ ਦੀ ਬਜਾਏ ਉਹਨਾਂ ਦੇ ਨਾਲ ਖੜ੍ਹੇ ਹੋ ਗਏ ਹਨ। ਪੰਜਾਬ ਵਿਚ ਕਾਂਗਰਸ ਦੀ ਸਭ ਤੋਂ ਵੱਡੀ ਸਮੱਸਿਆ ਧੜੇਬੰਦੀ ਹੈ, ਹਾਲਾਂਕਿ ਪਰਗਟ ਸਿੰਘ ਇਸ ਧੜੇਬੰਦੀ ਦੀ ਸਮੱਸਿਆ ਨੂੰ ਕਿਵੇਂ ਹੱਲ ਕਰਦੇ ਹਨ, ਇਹ ਉਹਨਾਂ ਲਈ ਬਹੁਤ ਵੱਡੀ ਚੁਣੌਤੀ ਹੋਵੇਗੀ। ਪੰਜਾਬ ਕਾਂਗਰਸ ਇਸ ਵੇਲੇ ਧੜੇਬੰਦੀ ਦਾ ਬੁਰੀ ਤਰ੍ਹਾਂ ਸ਼ਿਕਾਰ ਹੈ। ਫਰਵਰੀ ਤੱਕ ਪੰਜਾਬ ਵਿਚ ਵਿਧਾਨ ਸਭਾ ਚੋਣਾਂ ਹੋਣੀਆਂ ਹਨ, ਇਸ ਕਰਕੇ ਕਾਂਗਰਸ ਵਿਚ ਇੱਕਜੁਟਤਾ ਲਈ ਕੇਂਦਰੀ ਹਾਈ ਕਮਾਨ ਪੂਰਾ ਤਾਣ ਲਗਾ ਰਹੀ ਹੈ। ਕਾਂਗਰਸ ਨੂੰ ਪੰਜਾਬ ਵਿਚ ਇਕ ਅਜਿਹੇ ਲੀਡਰ ਦੀ ਲੋੜ ਸੀ, ਜੋ ਕਿ ਵਿਵਾਦਾਂ ਵਿਚ ਨਾ ਘਿਰਿਆ ਹੋਵੇ ਅਤੇ ਜਿਸ ਦਾ ਹੋਰ ਕੋਈ ਧੜਾ ਵਿਰੋਧ ਵੀ ਨਾ ਕਰ ਸਕੇ। ਇਸ ਕਰਕੇ ਹੀ ਪਰਗਟ ਸਿੰਘ ਦੀ ਚੋਣ ਕੀਤੀ ਗਈ ਹੈ। ਹੁਣ ਪਰਗਟ ਸਿੰਘ ਕਾਂਗਰਸ ਵਿਚ ਧੜੇਬੰਦੀ ਨੂੰ ਖਤਮ ਕਰਨ ਲਈ ਕਿਹੜੇ ਕਦਮ ਚੁੱਕਦੇ ਹਨ, ਇਹ ਉਹਨਾਂ ਲਈ ਭਾਰੀ ਮਿਹਨਤ ਦਾ ਕੰਮ ਹੋਵੇਗਾ।

**Joshi Law Firm**
Attorneys at Law ਅਟਾਰਨੀ ਐਟ ਲਾਅ
www.joshilawfirm.com info@joshilawfirm.com

ਇਮੀਗ੍ਰੇਸ਼ਨ
ਡਿਪੋਰਟੇਸ਼ਨ
ਅਸਾਈਲਮ
ਸਿਟੀਜਨਸ਼ਿਪ
ਗਰੀਨ ਕਾਰਡ
ਫੈਮਲੀ ਪਟੀਸ਼ਨ
ਵਿਆਹ ਦੇ ਆਧਾਰ
ਤੇ ਗਰੀਨ ਕਾਰਡ
ਐਡਜਸਟਮੈਂਟ ਆਫ
ਸਟੇਟਸ
ਫੈਮਲੀ ਲਾਅ
ਤਲਾਕ ਦੀ ਪਟੀਸ਼ਨ
ਬੱਚੇ ਦੀ ਕਸਟਡੀ
ਭੱਤਾ ਜਾਂ ਖਰਚਾ
ਬੱਚਿਆਂ ਲਈ
ਖਰਚਾ
ਬੈਂਕਰਪਸੀ
ਚੈਪਟਰ 7 ਅਤੇ
ਚੈਪਟਰ 13 ਵਿਚ
ਲੈਣਦਾਰ ਦੇ
ਅਧਿਕਾਰ



TANVIR JOSHI
SBN: 302226
(559) 312-0083 (O) (888) 630-1230 (F)
516 W. SHAW AVE STE 200 FRESNO, CA 93704

UNITED ALL SERVICES
DMV Services, TAX, Insurance, Real Estate
VIN VERIFICATION
Prachee Bhullar (Dir)
DRE#02163985
Prachee@uallss.com
510-400-6811
32210 Alvarado Blvd.
Union city, CA 94587

## ਡਾ. ਆਤਮ ਸਿੰਘ ਰੰਧਾਵਾ, ਡਾ. ਨਬੀਲਾ ਰਹਿਮਾਨ ਸਨਮਾਨਿਤ



*(ਰਿਪੋਰਟ ਅਤੇ ਤਸਵੀਰਾਂ ਸਫਾ 8 *ਤੇ ਦੇਖੋ ਜੀ)*

SURYA INDIAN CUISINE
SWEETS & SNACKS



ਮਠਿਆਈਆਂ ਤੇ ਖਾਣਿਆਂ ਲਈ ਮਸ਼ਹੂਰ, ਵਿਆਹ ਤੇ ਹੋਰ ਖੁਸ਼ੀਆਂ ਦੇ ਮੌਕੇ ਲਈ, ਵੱਡੀ ਤੋਂ ਵੱਡੀ ਪਾਰਟੀ ਲਈ ਜਾਂ ਕੇਟਰਿੰਗ ਵਾਸਤੇ ਇਕ ਵਾਰ ਸੇਵਾ ਦਾ ਮੌਕਾ ਦਿਓ
ਸੰਪਰਕ ਕਰੋ:
669-275-2262, 408-892-2810

Meena Fashion
ਵਿਆਹ ਸ਼ਾਦੀ ਲਈ ਅਤੇ ਜਿਊਲਰੀ ਲਈ ਇਕ ਵਾਰ ਜਰੂਰ ਆਓ
408-905-3779



Raj Budwal
(Investment and Financial Advisor)
408-972-8000,
408-835-0202 (Cell)
Budwal and Associates
329 Piercy Road, San Jose, CA 95138
8350202@gmail.com

RAMANDEEP KAUR SOHAL
ATTORNEY
IMMIGRATION LAW, TRAFFIC LAW
JUSTICE, INTEGRITY, RESULTS

IMMIGRATION LAW
- ASYLUM CASES
- GREEN CARD APPLICATIONS
- FAMILY PETITIONS
- U VISA
- VAWA
- PASSPORT SERVICES

TRAFFIC LAWS
TRAFFIC LAW
- DUI & DWI DEFENSE
- SPEEDING & RECKLESS DRIVING
- DRIVING WITH A SUSPENDED LICENSE
- TRAFFIC TICKETS & POINT REDUCTION
- CDL (COMMERCIAL DRIVER) VIOLATIONS
- DMV ADMINISTRATIVE HEARINGS

+1 (650) 866-9084

# ਸ. ਰਮੇਸ਼ ਸਿੰਘ ਅਰੋੜਾ ਲਾਹੌਰ ਤੋਂ ਬੇ-ਏਰੀਆ ਪਹੁੰਚੇ















ਫਰੀਮਾਂਟ- ਪਿਛਲੇ ਹਫਤੇ ਕੈਲੇਫੋਰਨੀਆ ਦੇ ਦੌਰੇ 'ਤੇ ਉਚੇਚੇ ਤੌਰ 'ਤੇ ਲਾਹੌਰ (ਪੰਜਾਬ) ਦੇ ਇਕ ਮਨਿਸਟਰ ਜੋ ਘੱਟ-ਗਿਣਤੀਆਂ ਵੱਲੋਂ ਹੁੰਦੇ ਹਨ, ਉਸ ਲਈ ਪਹਿਲੀ ਵਾਰ ਸ. ਰਮੇਸ਼ ਸਿੰਘ ਅਰੋੜਾ ਸਾਹਿਬ ਨੂੰ ਇਹ ਮਨਿਸਟਰੀ ਦਿੱਤੀ ਗਈ ਕਿਉਂਕਿ ਪਿਛਲੇ ਸਾਲ 2025 ਤੋਂ ਪਾਕਿਸਤਾਨ ਤੇ ਪੰਜਾਬ ਦੀ ਸਰਕਾਰ ਵੱਲੋਂ ਪਹਿਲੀ ਵਾਰ ਸਿੱਖ ਸਰਦਾਰ ਸ. ਰਮੇਸ਼ ਸਿੰਘ ਅਰੋੜਾ ਨੂੰ ਮਨਿਸਟਰ ਬਣਾਇਆ ਗਿਆ, ਜਿਸ ਵਿਚ ਮੁਸਲਮਾਨ ਕੌਮ ਤੋਂ ਇਲਾਵਾ ਸਾਰੀਆਂ ਘੱਟ ਗਿਣਤੀ ਕੌਮਾਂ ਦੀ ਪ੍ਰਤੀਨਿਧਤਾ ਕਰਨ ਲਈ ਸਰਦਾਰ ਜੀ ਨੂੰ ਮਨਿ-ਸਟਰ ਬਣਾ ਕੇ ਮਾਣ ਬਖਸ਼ਿਆ।

ਪਾਕਿਸਤਾਨ ਵਿਚ ਜਿੰਨੇ ਵੀ ਗੁਰੂ ਘਰ (ਗੁਰੂਆਂ ਦੇ ਨਾਮ ਤੇ ਬਣਾਏ ਗਏ ਹਨ) ਬਣੇ ਹੋਏ ਹਨ, ਉਹਨਾਂ ਨੂੰ ਮੁੜ ਕੇ ਮੁਕੰਮਲ ਸਿੱਖ ਸੰਗਤ ਨੂੰ ਸੌਂਪ ਦਿੱਤਾ ਜਾਵੇ। ਮੇਰੇ ਵੱਲੋਂ ਇਕ ਸਵਾਲ ਦੇ ਜਵਾਬ ਵਿਚ ਸ. ਰਮੇਸ਼ ਸਿੰਘ ਅਰੋੜਾ ਨੇ ਜਵਾਬ ਦਿੱਤਾ ਕਿ ਪਾਕਿਸਤਾਨ ਵਾਲੇ ਪਾਸਿਉਂ ਬਾਰਡਰ ਖੁੱਲ੍ਹਾ ਹੈ ਤੇ ਅਸੀਂ ਪੰਜਾਬੀਆਂ ਨੂੰ ਉਡੀਕ ਰਹੇ ਹਾਂ। ਬਾਰਡਰ ਇੰਡੀਆ ਪੰਜਾਬ ਵਾਲੇ ਪਾਸਿਉਂ ਬੰਦ ਹਨ। ਉਹਨਾਂ ਅਨੁਸਾਰ ਸਾਨੂੰ ਬਾਹਰਲੇ ਪੰਜਾਬੀਆਂ ਨੂੰ ਭਾਰਤ ਸਰਕਾਰ ਨੂੰ ਬੇਨਤੀ ਕਰਨੀ ਚਾਹੀਦੀ ਹੈ ਕਿ ਇਹ ਬਾਰਡਰ ਪਹਿਲਾਂ ਵਾਂਗ ਖੋਲ੍ਹੇ ਜਾਣ ਤਾਂ ਕਿ ਅਸੀਂ ਆਪਣੇ ਗੁਰਧਾਮਾਂ ਦੇ ਖੁੱਲ੍ਹੇ ਦਰਸ਼ਨ ਕਰ ਸਕੀਏ। ਇਹ ਦੋਵਾਂ ਦੇਸ਼ਾਂ ਦੀ ਜੋ ਲੜਾਈ ਹੈ, ਇਸਨੂੰ ਸਿੱਖ ਧਰਮ ਦੇ ਗੁਰਧਾਮਾਂ ਤੇ ਜਾਣ ਤੋਂ ਰੋਕਣ ਨਾਲ ਸਿੱਖਾਂ ਦੇ ਮਨ ਕਿੰਨੇ ਦੁਖੀ ਹੁੰਦੇ ਹਨ। ਸਿੱਖਾਂ ਦੇ ਸਭ ਤੋਂ ਪਹਿਲੇ ਗੁਰੂ ਸਾਹਿਬ ਦੇ ਜਨਮ ਅਸਥਾਨ ਤੇ ਹਰ ਸਿੱਖ ਦਾ ਜਾਣਾ ਆਪਣਾ ਧਰਮ ਸਮਝਿਆ ਜਾਂਦਾ ਹੈ। 80 ਸਾਲਾਂ ਦੀ ਲੜਾਈ ਦਾ ਯੁੱਗ ਹੁਣ ਖਤਮ ਹੋ ਜਾਣਾ ਚਾਹੀਦਾ ਹੈ।

ਦੋਵੇਂ ਹੀ ਦੇਸ਼ ਗਰੀਬੀ ਰੇਖਾ 'ਚ ਆਉਂਦੇ ਹਨ ਪਰ ਲੜਨ ਨੂੰ ਹਮੇਸ਼ਾ ਤਤਪਰ ਰਹਿੰਦੇ ਹਨ।

ਲੋਕ ਇਕ-ਦੂਜੇ ਦੇਸ਼ ਦੇ ਆਜ਼ਾਦ ਸ਼ਹਿਰੀਆਂ ਨੂੰ ਮਿਲਣਾ ਚਾਹੁੰਦੇ ਹਨ। ਭਾਵੇਂ ਚੜ੍ਹਦੇ ਪੰਜਾਬ ਦੇ ਸ਼ਹਿਰ ਹੋਣ। ਉਹਨਾਂ ਦਾ ਮਨ ਉਹਨਾਂ ਦੇ ਮਾਂ-ਬਾਪ ਦਾ ਦੇਸ਼ ਵੇਖਣ ਨੂੰ ਕਰਦਾ ਹੈ।

ਇਕ ਪਾਸੇ ਜੇ ਭਾਰਤ ਇਹ ਕਹਿੰਦੇ ਹੈ ਕਿ ਅਸੀਂ ਸ਼ਾਂਤੀ ਪ੍ਰੇਮੀ ਹਾਂ ਤਾਂ ਕਿਰਪਾ ਕਰਕੇ ਗੁਆਂਢੀ ਦੇਸ਼ਾਂ ਨਾਲ ਸ਼ਾਂਤੀ ਵਾਰਤਾਵਾਂ ਸ਼ੁਰੂ ਕਰੋ ਨਾ ਕਿ ਸਾਲ 'ਚ ਕਈ ਵਾਰ ਲੜਾਈ ਦੇ ਮਾਹੌਲ ਬਣਾਉਣੇ।

ਸ. ਰਮੇਸ਼ ਸਿੰਘ ਅਰੋੜਾ ਜੀ ਨੂੰ ਇਕਬਾਲ ਗਾਖਲ ਹੁਰੀਂ ਰਾਜਾ ਸਵੀਟਸ, ਯੂਨੀਅਨ ਸਿਟੀ ਤੇ ਬਹੁਤ ਸਾਰੇ ਸੱਜਣਾਂ ਨਾਲ ਮਿਲਵਾਇਆ। ਗੁਰਚਰਨ ਸਿੰਘ ਮਾਨ, ਗੁਰਦਾਵਰ ਸਿੰਘ ਮਾਨ ਤੇ ਹੋਰ ਬਹੁਤ ਸਾਰੇ ਸੱਜਣਾਂ-ਮਿੱਤਰਾਂ ਨੇ ਰਮੇਸ਼ ਸਿੰਘ ਅਰੋੜਾ ਸਾਹਿਬ ਨੂੰ ਜੀਓ ਆਇਆਂ ਕਿਹਾ।

ਇਸੇ ਤਰ੍ਹਾਂ ਸਕੂਨ ਪੈਲੇਸ ਫਰੀਮਾਂਟ ਵਿਚ ਵੀ ਇਕ ਭਰਵੇਂ ਹਾਲ 'ਚ ਸ. ਰਮੇਸ਼ ਸਿੰਘ ਅਰੋੜਾ, ਜੋ ਘੱਟ ਗਿਣਤੀਆਂ ਦੇ ਵੱਲੋਂ ਪੱਛਮੀ ਪੰਜਾਬ ਦੇ ਮਨਿਸਟਰ ਹਨ, ਨੂੰ ਜੀਓ ਆਇਆਂ ਕਿਹਾ।

ਇਸ ਪ੍ਰੋਗਰਾਮ ਵਿਚ ਸੰਤ ਸਿੰਘ ਹੋਠੀ, ਜਸਵਿੰਦਰ ਸਿੰਘ ਜੰਡੀ, ਕਸ਼ਮੀਰ ਸਿੰਘ ਸ਼ਾਹੀ, ਜਸਜੀਤ ਸਿੰਘ ਨੇ ਬੁਲਾਰਿਆਂ ਦੇ ਤੌਰ 'ਤੇ ਮਨਿਸਟਰ ਸਾਹਿਬ ਨੂੰ ਜੀਓ ਆਇਆਂ ਕਿਹਾ।

ਰਮੇਸ਼ ਸਿੰਘ ਅਰੋੜਾ ਜੀ ਨੂੰ ਸਨਮਾਨਿਤ ਵੀ ਕੀਤਾ ਗਿਆ। ਸ. ਰਮੇਸ਼ ਸਿੰਘ ਅਰੋੜਾ ਨੇ ਸਿੱਖਾਂ ਨੂੰ ਪਾਕਿਸਤਾਨ 'ਚ ਆਪਣੇ ਗੁਰਧਾਮਾਂ ਦੇ ਦਰਸ਼ਨ ਲਈ ਸੱਦਾ ਪੱਤਰ ਵੀ ਦਿੱਤਾ।

ਬਲਕਾਰ ਸਿੰਘ ਮਾਲਕ ਸਕੂਨ ਪੈਲੇਸ ਵੱਲੋਂ ਵੀ ਆਏ ਸੱਜਣਾਂ-ਮਿੱਤਰਾਂ, ਵੀਰਾਂ-ਭੈਣਾਂ ਦਾ ਧੰਨਵਾਦ ਕੀਤਾ ਗਿਆ।

# CPICS T.V. ਵੱਲੋਂ ਇਕ ਦਿਨਾ ਫਿਲਮੀ ਮੇਲਾ ਲਾਇਆ ਗਿਆ





*ਦਿੱਲੀ ਯੂਨੀਵਰਸਿਟੀ ਤੋਂ ਆਏ ਡਾ. ਕੁਲਜੀਤ ਸਿੰਘ ਨੂੰ ਸਨਮਾਨਿਤ ਕਰਦੇ ਕਰਦੇ ਹੋਏ ਐਕਟਰ/ਡਾਇਰੈਕਟਰ ਸ੍ਰੀ ਕਵੀ ਰਾਜ਼, ਨਾਲ ਖੜ੍ਹੇ ਹਨ ਮਹਿੰਗਾ ਸਿੰਘ ਸਰਪੰਚ*

ਯੂਨੀਅਨ ਸਿਟੀ- ਪਿਛਲੇ ਹਫਤੇ ਟਰੇਸੀ ਕੈਲੇਫੋਰਨੀਆ ਵਿਚ ਸੀ. ਪੀ. ਆਈ. ਸੀ. ਐਸ. ਟੀ. ਵੀ. (CPICS T.V.) ਵੱਲੋਂ ਪਿਛਲੇ ਸਾਲ ਦੀ ਤਰ੍ਹਾਂ ਇਕ ਦਿਨਾ ਫਿਲਮੀ ਮੇਲਾ ਲਾਇਆ ਗਿਆ, ਜਿਸ ਵਿਚ ਕਈ ਡਾਕੂਮੈਂਟਰੀ ਫਿਲਮਾਂ ਲਾਈਆਂ ਗਈਆਂ। ਉਸ ਮੇਲੇ ਵਿਚ ਇਕ ਡਾਕੂਮੈਂਟਰੀ ਲਾਈ ਗਈ। ਇਕ ਘੰਟੇ ਦੇ ਕਰੀਬ ਜਿਸ ਵਿਚ *ਜਸਵੰਤ ਸਿੰਘ ਕੰਵਲ* ਦੀ ਜੀਵਨੀ ਤੇ ਬਹੁਤ ਹੀ ਪ੍ਰਭਾਵਸ਼ਾਲੀ ਇਕ ਡਾਕੂਮੈਂਟਰੀ ਵਿਖਾਈ ਗਈ। ਉਹਨਾਂ ਦੀ ਜ਼ਿੰਦਗੀ ਤੇ ਬਹੁਤ ਹੀ ਉਤਮ ਤਰੀਕੇ ਨਾਲ ਹਰ ਪੱਖ ਦਰਸਾਇਆ ਗਿਆ। ਉਹਨਾਂ ਦੇ ਲਿਖੇ ਨਾਵਲਾਂ ਤੇ ਗੱਲਬਾਤ ਦਰਸਾਈ ਗਈ, ਉਹਨਾਂ ਦੇ ਦੋਸਤਾਂ ਦੀਆਂ ਗੱਲਾਂਬਾਤਾਂ ਦਿਖਾਈਆਂ ਗਈਆਂ।

ਡਾਕੂਮੈਂਟਰੀ ਵਿਚ ਵੱਡੇ-ਵੱਡੇ ਲਿਖਾਰੀਆਂ ਦੇ ਮੱਤ ਦਰਸਾਏ ਗਏ ਹਨ, ਉਹਨਾਂ ਦਾ ਕੰਵਲ ਜੀ ਬਾਰੇ ਕੀ ਖਿਆਲ ਹੈ, ਉਹ ਵੀ ਦਰਸਾਇਆ ਗਿਆ ਹੈ ਤੇ ਕਈ ਦੋਸਤਾਂ ਦੀਆਂ ਗੱਲਾਂਬਾਤਾਂ ਵੀ ਦਿਖਾਈਆਂ ਗਈਆਂ ਜੋ ਕੰਵਲ ਬਾਰੇ ਕਾਫੀ ਗੂੜ੍ਹੀਆਂ ਗੱਲਾਂ ਦੱਸਦੇ ਦਰਸਾਏ ਗਏ ਹਨ।

ਡਾ. ਕੁਲਜੀਤ ਸਿੰਘ ਨੇ ਇਕ ਘੰਟੇ ਦੀ ਵੀਡੀਓ ਵਿਚ ਕੰਵਲ ਜੀ ਬਾਰੇ ਬਹੁਤ ਹੀ ਵਿਸਥਾਰ ਨਾਲ ਵਰਣਨ ਕੀਤਾ ਹੈ। ਆਸ ਹੈ ਇਸ ਵੀਡੀਓ ਨੂੰ ਹੋਰ ਵੀ ਦੂਰ-ਦੂਰ ਤੱਕ ਵੇਖਣ ਵਾਲਿਆਂ ਦੀ ਫਰਮਾਇਸ਼ ਡਾਕਟਰ ਸਾਹਿਬ ਤੱਕ ਹਮੇਸ਼ਾ ਪਹੁੰਚਦੀ ਰਹੇਗੀ ਤੇ 'ਪਰਦੇਸ ਟਾਇਮਜ਼' ਵੱਲੋਂ ਜਸਵੰਤ ਸਿੰਘ ਕੰਵਲ ਤੇ ਬਣਾਈ ਇਸ ਡਾਕੂਮੈਂਟਰੀ ਲਈ ਪੂਰੇ ਸਤਿਕਾਰ ਸਹਿਤ ਮੈਂ ਉਹਨਾਂ ਦਾ ਧੰਨਵਾਦ ਕਰਦੇ ਹਾਂ।

**- ਬਲਬੀਰ ਸਿੰਘ ਐਮ. ਏ.**

## 15 ਅਕਤੂਬਰ ਤੋਂ ਯੂਪੀਆਈ ਭੁਗਤਾਨ 'ਤੇ ਲਾਗੂ ਨਹੀਂ ਹੋਵੇਗੀ ਫੀਸ

ਨਵੀਂ ਦਿੱਲੀ : ਨੈਸ਼ਨਲ ਪੇਮੇਂਟ ਕਾਰਪੋਰੇਸ਼ਨ ਆਫ ਇੰਡੀਆ (ਐਨਪੀਸੀਆਈ) ਨੇ ਮੰਗਲਵਾਰ ਨੂੰ ਕਿਹਾ ਕਿ ਤਿਉਹਾਰਾਂ ਦੇ ਸੀਜ਼ਨ ਨੂੰ ਧਿਆਨ ਵਿਚ ਰੱਖਦੇ ਹੋਏ 15 ਅਕਤੂਬਰ 2026 ਤੋਂ ਲਾਗੂ ਹੋਣ ਵਾਲੀ ਯੂਪੀਆਈ ਮਰਚੈਂਟ ਡਿਸਕਾਊਂਟ ਰੇਟ (ਐਮਡੀਆਰ) ਫੀਸ ਨੂੰ ਦੀਵਾਲੀ ਤੱਕ ਟਾਲ਼ ਦਿੱਤਾ ਗਿਆ ਹੈ। ਦੀਵਾਲੀ ਤੋਂ ਬਾਅਦ ਯੂਪੀਆਈ ਐਮ ਡੀ ਆਰ ਫੀਸ ਲਾਗੂ ਕਰਨ ਸਬੰਧੀ ਨਵਾਂ ਨੋਟੀਫਿ-ਕੇਸ਼ਨ ਜਾਰੀ ਕੀਤਾ ਜਾਵੇਗਾ।

## 15 ਦਸੰਬਰ ਮਗਰੋਂ ਹੋ ਸਕਦੈ ਪੰਜਾਬ ਸਮੇਤ ਪੰਜ ਸੂਬਿਆਂ ਦੀਆਂ ਚੋਣਾਂ ਦਾ ਐਲਾਨ

ਨਵੀਂ ਦਿੱਲੀ- ਐਸਆਈਆਰ ਵਿਚ ਗੜਬੜੀਆਂ ਨੂੰ ਲੈ ਕੇ ਵਿਰੋਧੀ ਪਾਰਟੀਆਂ ਭਾਵੇਂ ਚੋਣ ਕਮਿਸ਼ਨ ਨੂੰ ਘੇਰਨ ਵਿਚ ਜੁਟੀਆਂ ਹੋਈਆਂ ਹਨ, ਪਰ ਇਸ ਤੋਂ ਬੇਫ਼ਿਕਰ ਚੋਣ ਕਮਿਸ਼ਨ ਅਗਲੇ ਸਾਲ ਯਾਨੀ 2027 ਦੇ ਸ਼ੁਰੂ ਵਿਚ ਹੀ ਉੱਤਰ ਪ੍ਰਦੇਸ਼, ਉੱਤਰਾਖੰਡ ਅਤੇ ਪੰਜਾਬ ਸਮੇਤ ਪੰਜ ਸੂਬਿਆਂ ਵਿਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਦੀਆਂ ਤਿਆਰੀਆਂ ਵਿਚ ਪੂਰੀ ਸ਼ਿੱਦਤ ਨਾਲ ਰੁੱਝ ਗਿਆ ਹੈ। ਕਮਿਸ਼ਨ ਨੇ ਸੂਬਿਆਂ ਵਿਚ ਚੋਣ ਤਿਆਰੀਆਂ ਦੀ ਜਾਂਚ ਕਰਨ ਲਈ ਅਧਿਕਾਰੀਆਂ ਦੀਆਂ ਟੀਮਾਂ ਭੇਜਣੀਆਂ ਸ਼ੁਰੂ ਕਰ ਦਿੱਤੀਆਂ ਹਨ। ਇਸ ਤਹਿਤ ਪਹਿਲੀ ਟੀਮ ਉੱਤਰਾਖੰਡ ਭੇਜੀ ਗਈ ਹੈ। ਜੋ ਸੰਕੇਤ ਮਿਲ ਰਹੇ ਹਨ, ਉਨ੍ਹਾਂ ਅਨੁਸਾਰ ਚੋਣ ਕਮਿਸ਼ਨ ਵੀ 15 ਦਸੰਬਰ ਤੱਕ ਤਿਆਰੀ ਹੋ ਸਕਦੀ ਹੈ। ਪੰਜਾਂ ਸੂਬਿਆਂ ਦਾ ਦੌਰਾ ਪੂਰਾ ਕਰ ਲਵੇਗਾ। ਅਜਿਹੇ ਵਿਚ 15 ਦਸੰਬਰ ਤੋਂ ਬਾਅਦ ਇਨ੍ਹਾਂ ਪੰਜਾਂ ਸੂਬਿਆਂ ਦੀਆਂ ਵਿਧਾਨ ਸਭਾ ਚੋਣਾਂ ਦਾ ਐਲਾਨ ਕਦੇ ਵੀ ਹੋ ਸਕਦਾ ਹੈ।

ਕਮਿਸ਼ਨ ਨਾਲ ਜੁੜੇ ਅਧਿਕਾਰਤ ਸੂਤਰਾਂ ਅਨੁਸਾਰ ਪੰਜਾਂ ਚੋਣਾਂ ਵਾਲੇ ਸੂਬਿਆਂ ਵਿਚ ਅਧਿਕਾਰੀਆਂ ਦੇ ਪੱਧਰ 'ਤੇ ਚੋਣ ਤਿਆਰੀਆਂ ਦੀ ਜਾਂਚ ਦਾ ਕੰਮ 15 ਨਵੰਬਰ ਤੱਕ ਪੂਰਾ ਕਰ ਲਿਆ ਜਾਵੇਗਾ। ਉੱਤਰ ਪ੍ਰਦੇਸ਼ ਨੂੰ ਛੱਡ ਦੇਈਏ ਤਾਂ ਬਾਕੀ ਚਾਰ ਸੂਬਿਆਂ ਉੱਤਰਾਖੰਡ, ਪੰਜਾਬ, ਗੋਆ ਅਤੇ ਮਨੀਪੁਰ ਵਿਚ ਚੋਣ ਤਿਆਰੀਆਂ ਦੀ ਜਾਂਚ ਲਈ ਅਧਿਕਾਰੀਆਂ ਦਾ ਇਹ ਦੌਰਾ ਅਕਤੂਬਰ ਮਹੀਨੇ ਵਿਚ ਹੀ ਪੂਰਾ ਹੋ ਜਾਵੇਗਾ। ਜਦਕਿ ਨਵੰਬਰ ਦੇ ਪਹਿਲੇ ਜਾਂ ਦੂਜੇ ਹਫ਼ਤੇ ਵਿਚ ਅਧਿਕਾਰੀਆਂ ਦੀਆਂ ਟੀਮਾਂ ਉੱਤਰ ਪ੍ਰਦੇਸ਼ ਜਾਣਗੀਆਂ। ਅਧਿਕਾਰੀਆਂ ਦਾ ਇਹ ਦੌਰਾ ਪੂਰਾ ਹੋਣ ਤੋਂ ਬਾਅਦ ਮੁੱਖ ਚੋਣ ਕਮਿਸ਼ਨਰ ਅਤੇ ਦੋਵੇਂ ਚੋਣ ਕਮਿਸ਼ਨਰਾਂ ਸਮੇਤ ਚੋਣ ਕਮਿਸ਼ਨ ਦਾ ਦੌਰਾ ਸ਼ੁਰੂ ਹੋਵੇਗਾ। ਯੋਜਨਾ ਅਨੁਸਾਰ ਇਹ ਦੌਰਾ ਵੀ 15 ਦਸੰਬਰ ਤੱਕ ਪੂਰਾ ਹੋ ਜਾਵੇਗਾ। ਅਜਿਹੇ ਵਿਚ ਇਸ ਤੋਂ ਬਾਅਦ ਚੋਣਾਂ ਦਾ ਐਲਾਨ ਕਦੇ ਵੀ ਹੋ ਸਕਦਾ ਹੈ। ਵੈਸੇ ਵੀ ਕਮਿਸ਼ਨ ਦੇ ਦੌਰੇ ਤੋਂ ਬਾਅਦ ਇਹ ਮੰਨਿਆ ਜਾਂਦਾ ਹੈ ਕਿ ਹੁਣ ਚੋਣਾਂ ਦਾ ਐਲਾਨ ਕਦੇ ਵੀ ਹੋ ਸਕਦਾ ਹੈ। ਜ਼ਿਕਰਯੋਗ ਹੈ ਕਿ 2022 ਵਿਚ ਇਨ੍ਹਾਂ ਪੰਜਾਂ ਸੂਬਿਆਂ ਦੀਆਂ ਚੋਣਾਂ ਦਾ ਐਲਾਨ 8 ਜਨਵਰੀ ਨੂੰ ਕੀਤਾ ਗਿਆ ਸੀ।

**ਈਵੀਐਮ ਦੀ ਪਹਿਲੇ ਪੜਾਅ ਦੀ ਜਾਂਚ ਸ਼ੁਰੂ**

ਚੋਣ ਤਿਆਰੀਆਂ ਦੇ ਇਸ ਸਿਲਸਿਲੇ ਵਿਚ ਚੋਣ ਕਮਿਸ਼ਨ ਨੇ ਪੰਜਾਂ ਸੂਬਿਆਂ ਵਿਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਵਿਚ ਵਰਤੀਆਂ ਜਾਣ ਵਾਲੀਆਂ ਈਵੀਐਮ ਦੀ ਪਹਿਲੇ ਪੜਾਅ ਦੀ ਜਾਂਚ (ਐਫਐਲਸੀ) ਵੀ ਸ਼ੁਰੂ ਕਰ ਦਿੱਤੀ ਹੈ। ਇਸ ਦੌਰਾਨ ਜ਼ਿਲ੍ਹਾ ਚੋਣ ਅਧਿਕਾਰੀ ਦੀ ਦੇਖ-ਰੇਖ ਅਤੇ ਮਾਨਤਾ ਪ੍ਰਾਪਤ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਦੀ ਮੌਜੂਦਗੀ ਵਿਚ ਭਾਰਤ ਇਲੈਕਟ੍ਰਾਨਿਕਸ ਲਿਮਟਿਡ ਅਤੇ ਇਲੈਕਟ੍ਰਾਨਿਕਸ ਕਾਰਪੋਰੇਸ਼ਨ ਆਫ ਇੰਡੀਆ ਲਿਮਟਿਡ ਦੇ ਅਧਿਕਾਰਤ ਇੰਜੀਨੀਅਰਾਂ ਵੱਲੋਂ ਈਵੀਐਮ ਮਸ਼ੀਨਾਂ ਦੀ ਤਕਨੀਕੀ ਜਾਂਚ ਕੀਤੀ ਜਾਂਦੀ ਹੈ। ਨਾਲ ਹੀ ਇਹ ਯਕੀਨੀ ਬਣਾਇਆ ਜਾਂਦਾ ਹੈ ਕਿ ਚੋਣਾਂ ਵਿਚ ਵਰਤੋਂ ਲਈ ਕਿਹੜੀਆਂ ਮਸ਼ੀਨਾਂ ਠੀਕ ਹਨ।

ਇਸ ਦੀ ਸ਼ੁਰੂਆਤ ਤੋਂ ਪਹਿਲਾਂ ਮਾਨਤਾ ਪ੍ਰਾਪਤ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਨੂੰ ਇਸ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ, ਤਾਂ ਜੋ ਉਹ ਉਸ ਦੌਰਾਨ ਮੌਜੂਦ ਰਹਿਣ। ਇਸ ਦੌਰਾਨ ਸਿਆਸੀ ਪਾਰਟੀਆਂ ਦੀ ਮੌਜੂਦਗੀ ਵਿਚ ਹੀ ਵੇਅਰਹਾਊਸ ਖੋਲ੍ਹਿਆ ਜਾਂਦਾ ਹੈ। ਨਾਲ ਹੀ ਇੰਜੀਨੀਅਰਾਂ ਦੀ ਟੀਮ ਨੂੰ ਪਛਾਣ ਪੱਤਰਾਂ ਸਮੇਤ ਅੰਦਰ ਲਿਆਂਦਾ ਜਾਂਦਾ ਹੈ। ਇਸ ਦੌਰਾਨ ਸੁਰੱਖਿਆ ਦੇ ਸਖ਼ਤ ਪ੍ਰਬੰਧ ਵੀ ਰਹਿੰਦੇ ਹਨ। ਨਾਲ ਹੀ ਸੀਸੀਟੀਵੀ ਰਾਹੀਂ ਰਿਕਾਰਡਿੰਗ ਵੀ ਕੀਤੀ ਜਾਂਦੀ ਹੈ। ਇਸ ਦੌਰਾਨ ਇੰਜੀਨੀਅਰ ਮਸ਼ੀਨ ਦੇ ਹਰ ਹਿੱਸੇ, ਯਾਨੀ ਕੰਟਰੋਲ ਯੂਨਿਟ, ਬੈਲਟ ਯੂਨਿਟ ਅਤੇ ਵੀਵੀਪੈਟ ਦੀ ਬਾਰੀਕੀ ਨਾਲ ਜਾਂਚ ਕਰਦੇ ਹਨ ਅਤੇ ਦੇਖਦੇ ਹਨ ਕਿ ਸਾਰੇ ਉਪਕਰਨ ਅਸਲੀ ਹਨ ਅਤੇ ਸਹੀ ਢੰਗ ਨਾਲ ਕੰਮ ਕਰ ਰਹੇ ਹਨ। ਇਕ-ਇਕ ਮਸ਼ੀਨ ਦੀ ਸਫ਼ਾਈ ਕੀਤੀ ਜਾਂਦੀ ਹੈ ਅਤੇ ਪੁਰਾਣੀ ਬੈਟਰੀ ਬਦਲ ਕੇ ਨਵੀਂ ਅਸਲੀ ਬੈਟਰੀ ਲਗਾਈ ਜਾਂਦੀ ਹੈ। ਇਸ ਤੋਂ ਬਾਅਦ ਸਿਆਸੀ ਪਾਰਟੀਆਂ ਦੀ ਮੌਜੂਦਗੀ ਵਿਚ ਹਰੇਕ ਮਸ਼ੀਨ 'ਤੇ ਇੱਕ ਮੌਕ ਪੋਲ ਕਰਵਾਇਆ ਜਾਂਦਾ ਹੈ ਅਤੇ ਇਹ ਦੇਖਿਆ ਜਾਂਦਾ ਹੈ ਕਿ ਮਸ਼ੀਨਾਂ ਸਹੀ ਢੰਗ ਨਾਲ ਕੰਮ ਕਰ ਰਹੀਆਂ ਹਨ ਜਾਂ ਨਹੀਂ। ਸਹੀ ਢੰਗ ਨਾਲ ਕੰਮ ਕਰਨ ਵਾਲੀਆਂ ਮਸ਼ੀਨਾਂ 'ਤੇ ਹਰੀ ਪਰਚੀ ਲਗਾ ਕੇ ਸਿਆਸੀ ਪਾਰਟੀਆਂ ਦੀ ਮੌਜੂਦਗੀ ਵਿਚ ਉਨ੍ਹਾਂ ਨੂੰ ਸਟਰਾਂਗ ਰੂਮ ਵਿਚ ਤਬਦੀਲ ਕਰ ਦਿੱਤਾ ਜਾਂਦਾ ਹੈ।


AASAAN DRIVING SCHOOL
ਅਸਾਨ ਡਰਾਈਵਿੰਗ ਸਕੂਲ, ਫਰਿਜ਼ਨੋ-ਮਡੇਰਾ

ਤਜ਼ਰਬੇਕਾਰ ਅਧਿਆਪਕ, ਬਹੁਤ ਹੀ ਵਾਜ਼ਬ ਰੇਟ 'ਤੇ
ਡਰਾਈਵਿੰਗ ਸਿੱਖਣ ਲਈ ਇਕ ਵਾਰ ਜ਼ਰੂਰ ਸੰਪਰਕ ਕਰੋ ਜੀ
Student driving
Please be patient
Contact Please :- 559-479-4676
408-890-8122, 408-314-2182

CALIFORNIA
IMMIGRATION SERVICES INC.
Your Registered & Bonded 'Immigration-Consultants'

ROSY (Kanwal) KAUR
Immigration Consultant
408-422-8585
510-573-3666
website:- www.caials.com email:- rosy@caials.com

- FAMILY IMMIGRATION
- GEEEN CARD PETITION
- CITIZENSHIP
- BUSINESS / VISITOR VISA
- OCI CARD / INDIAN PASSIORT / INDIA VISA
- STUDENT VISA
- RELIGIOUS VISA
- DIVORCE
- VARIOUS IMMIGRATION SERVICES
- U.K. VISA
- CANADA VISA & P.R.
- INDIAN PASSPORT
- POWER OF ATTORNEY

- ਫੈਮਲੀ ਇੰਮੀਗ੍ਰੇਸ਼ਨ
- ਗਰੀਨ ਕਾਰਡ ਪਟੀਸ਼ਨ
- ਸਿਟੀਜਨਸ਼ਿਪ
- ਬਿਜ਼ਨੈਸ ਵੀਜ਼ਾ / ਵਿਜ਼ਟਰ ਵੀਜ਼ਾ
- ਓ.ਸੀ.ਆਈ. ਕਾਰਡ / ਇੰਡੀਅਨ ਪਾਸਪੋਰਟ / ਇੰਡੀਆ ਵੀਜ਼ਾ
- ਸਟੂਡੈਂਟ ਵੀਜ਼ਾ
- ਰਲੀਜ਼ੀਅਸ ਵੀਜ਼ਾ
- ਤਲਾਕ
- ਕਈ ਹੋਰ ਇੰਮੀਗ੍ਰੇਸ਼ਨ ਸੇਵਾਵਾਂ
- ਯੂ. ਕੇ. ਵੀਜ਼ਾ, ਕੈਨੇਡਾ ਵੀਜ਼ਾ ਅਤੇ ਪੀ. ਆਰ.
- ਇੰਡੀਅਨ ਪਾਸਪੋਰਟ
- ਪਾਵਰ ਆਫ ਅਟਾਰਨੀ

Fremont Office: 2450 Peralta blvd unit 107 Fremont, CA 94536
Tracy Office: 1660 W Linnee Rd. Unit J 25, Tracy CA, 95377

## ਸੰਪਾਦਕੀ

### ‘SIR’ ’ਤੇ ‘ਸਿਰ ਖਪਾਈ’

ਭਾਰਤ ਵਿਚ ਚੋਣਾਂ ਤਾਂ ਸਾਲ ਵਿਚ ਲਗਭਗ ਹਰ ਮਹੀਨੇ ਕਿਤੇ ਨਾ ਕਿਤੇ ਹੁੰਦੀਆਂ ਰਹਿੰਦੀਆਂ ਹਨ ਪਰ ਆਮ ਜਨਤਾ ਦੇ ਮਨ ਵਿਚ ਅਸਲ ਚੋਣ ਵਿਧਾਨ ਸਭਾ ਅਤੇ ਲੋਕ ਸਭਾ ਹੀ ਹੁੰਦੀ ਹੈ। ਇਹ ਦੋਵੇਂ ਚੋਣਾਂ ਵਿਚੋਂ ਲੋਕ ਸਭਾ ਚੋਣਾਂ ਵਿਚ ਲੋਕੀ ਕੌਮੀ ਮੁੱਦਿਆਂ ਨੂੰ ਤਰਜੀਹ ਦਿੰਦੇ ਹਨ, ਜਦਕਿ ਵਿਧਾਨ ਸਭਾ ਚੋਣਾਂ ਵਿਚ ਹਰੇਕ ਸੂਬੇ ਦੇ ਆਪੋ-ਆਪਣੇ ਮੁੱਦੇ ਹੁੰਦੇ ਹਨ। ਪੰਜਾਬ ਵਿਚ ਜਨਵਰੀ-ਫਰਵਰੀ ਵਿਚ ਚੋਣਾਂ ਹੋਣ ਜਾ ਰਹੀਆਂ ਹਨ ਪਰ ਕੇਂਦਰ ਵਿਚ ਚੋਣਾਂ ਦਾ ਵਕਤ ਮਈ 2029 ਹਾਲੇ ਬਹੁਤ ਦੂਰ ਹੈ। ਫਿਰ ਅਜਿਹਾ ਕੀ ਹੋ ਰਿਹਾ ਹੈ ਕਿ ਭਾਰਤ ਵਿਚ ਵਿਰੋਧੀ ਪਾਰਟੀ ਵਜੋਂ ਭੂਮਿਕਾ ਨਿਭਾਅ ਰਹੀ ਕਾਂਗਰਸ ਪ੍ਰਦਰਸ਼ਨਾਂ ’ਤੇ ਉਤਰੀ ਹੋਈ ਹੈ ਕਿਉਂਕਿ ਚੋਣਾਂ ਵਿਚ ਤਾਂ ਹਾਲੇ ਬਹੁਤ ਵਕਤ ਹੈ, ਜਦਕਿ ਕਾਂਗਰਸ-ਭਾਜਪਾ ਵਰਗੀਆਂ ਕੌਮੀ ਪਾਰਟੀਆਂ ਲਈ ਸੂਬਿਆਂ ਦੀਆਂ ਚੋਣਾਂ ਇੰਨੀਆਂ ਜ਼ਿਆਦਾ ਮਹੱਤਵਪੂਰਨ ਨਹੀਂ ਹੁੰਦੀਆਂ, ਖਾਸ ਕਰਕੇ ਛੋਟੇ ਸੂਬਿਆਂ, ਜਿਵੇਂ ਪੰਜਾਬ, ਹਰਿਆਣਾ, ਹਿਮਾਚਲ, ਜੰਮੂ-ਕਸ਼ਮੀਰ, ਤੇਲੰਗਾਨਾ, ਸਿੱਕਮ, ਮੇਘਾਲਿਆ, ਨਾਗਾਲੈਂਡ, ਅਰੁਣਾਚਲ ਪ੍ਰਦੇਸ਼, ਗੋਆ, ਇੱਥੋਂ ਤੱਕ ਕਿ ਛੱਤੀਸਗੜ੍ਹ ਅਤੇ ਕੇਰਲ ਵਰਗੇ ਸੂਬੇ ਵੀ। ਚੰਡੀਗੜ੍ਹ, ਲਦਾਖ ਵਰਗੀਆਂ ਕੇਂਦਰੀ ਸ਼ਾਸ਼ਿਤ ਸਟੇਟਾਂ ਨੂੰ ਤਾਂ ਕੋਈ ਬਹੁਤੀ ਅਹਿਮੀਅਤ ਮਿਲਦੀ ਹੀ ਨਹੀਂ। ਪਰ ਉਤਰ ਪ੍ਰਦੇਸ਼, ਬਿਹਾਰ, ਬੰਗਾਲ, ਮੱਧ ਪ੍ਰਦੇਸ਼, ਰਾਜਸਥਾਨ, ਗੁਜਰਾਤ, ਮਹਾਰਾਸ਼ਟਰ, ਆਂਧਰਾ, ਤਾਮਿਲਨਾਡੂ, ਕਰਨਾਟਕ, ਉੜੀਸਾ ਵਰਗੇ ਸੂਬਿਆਂ ਨੂੰ ਬਹੁਤ ਅਹਿਮੀਅਤ ਮਿਲਦੀ ਹੈ ਕਿਉਂਕਿ ਲੋਕ ਸਭਾ ਦੀਆਂ 400 ਦੇ ਕਰੀਬ ਸੀਟਾਂ ਇਹਨਾਂ ਸੂਬਿਆਂ ਤੋਂ ਹੀ ਆਉਂਦੀਆਂ ਹਨ। ਫਿਰ ਅਜਿਹਾ ਕੀ ਕਾਰਨ ਹੈ ਕਿ ਕਾਂਗਰਸ ਨੇ ਇੰਡੀਆ ਬਲਾਕ ਦੀਆਂ ਕਈ ਪਾਰਟੀਆਂ ਨੂੰ ਲੈ ਕੇ ਭਾਰਤੀ ਚੋਣ ਕਮਿਸ਼ਨ ਦੇ ਖਿਲਾਫ ਮੋਰਚਾ ਖੋਲ੍ਹਿਆ ਹੋਇਆ ਹੈ। ਅਸਲ ਵਿਚ ਇਸ ਦੇ ਕਾਰਨ ਰਾਜਨੀਤਿਕ ਹਨ। ਭਾਰਤ ਵਿਚ ਕੁਝ ਦਿਨਾਂ ਤੋਂ ਇਕ ਨਵੀਂ ਸਿਆਸੀ ਤਾਕਤ ਦੇ ਉਭਰਨ ਦੀਆਂ ਸੰਭਾਵਨਾਵਾਂ ਹਨ, ਉਹ ਹੈ ਕਾਕਰੋਚ ਜਨਤਾ ਪਾਰਟੀ, ਹਾਲਾਂਕਿ ਇਸ ਨੂੰ ਵਿਦੇਸ਼ਾਂ ਤੋਂ ਪ੍ਰੇਰਿਤ ਇਕ ਅਰਾਜਕਤਾ ਫੈਲਾਉਣ ਵਾਲੀ ਲਹਿਰ ਵਜੋਂ ਵੀ ਦੇਖਿਆ ਜਾ ਰਿਹਾ ਹੈ। ਪਰ ਕਾਂਗਰਸ ਦੀ ਅਗਵਾਈ ਵਾਲੇ ਇੰਡੀਆ ਬਲਾਕ ਦੀਆਂ ਚਿੰਤਾਵਾਂ ਵਧਣੀਆਂ ਸੁਭਾਵਿਕ ਹਨ। ਇਹ ਚਿੰਤਾ ਉਸ ਵਕਤ ਹੋਰ ਜ਼ਿਆਦਾ ਵੱਧ ਗਈ, ਜਦੋਂ ਕਾਕਰੋਚ ਪਾਰਟੀ ਨੇ ਸੀ. ਜੇ. ਪੀ. ਗਿਆਨੇਸ਼ ਕੁਮਾਰ ਦਾ ਅਸਤੀਫਾ ਮੰਗ ਲਿਆ। ਸਭ ਜਾਣਦੇ ਹਨ ਕਿ ਸੀ. ਜੇ. ਪੀ. ਨੂੰ ਸਿਰਫ ਪਾਰਲੀਮੈਂਟ ਹੀ ਹਟਾ ਸਕਦੀ ਹੈ, ਉਸ ਲਈ ਵੀ 67 ਫੀਸਦੀ ਬਹੁਮਤ ਚਾਹੀਦਾ ਹੈ। ਜੇਕਰ ਲੋਕ ਸਭਾ ਦੀ ਮੌਜੂਦਾ ਸਥਿਤੀ ਦੇਖੀਏ ਤਾਂ ਭਾਜਪਾ ਦੀ ਅਗਵਾਈ ਵਾਲੇ ਗੱਠਜੋੜ ਕੋਲ 300 ਦੇ ਕਰੀਬ ਸੀਟਾਂ ਹਨ ਅਤੇ 232 ਦੇ ਕਰੀਬ ਇੰਡੀਆ ਗੱਠਜੋੜ ਦਾਅਵਾ ਕਰਦਾ ਹੈ ਪਰ ਤ੍ਰਿਣਾਮੂਲ ਕਾਂਗਰਸ ਦੇ 20, ਤਾਮਿਲਨਾਡੂ ਦੀ ਡੀ. ਐਮ. ਕੇ. ਦੇ 20 ਅਤੇ ਉਦਵ ਠਾਕਰੇ ਦੇ 8 ਵਿਚੋਂ 6 ਐਮ. ਪੀ. ਇੰਡੀਆ ਗੱਠਜੋੜ ਦੇ ਪਾਲੇ ਵਿਚ ਨਹੀਂ ਲੱਗ ਰਹੇ। ਅਜਿਹੀ ਸਥਿਤੀ ਵਿਚ ਜੇਕਰ ਭਾਜਪਾ ਲੋਕ ਸਭਾ ਦੀਆਂ ਸੀਟਾਂ ਵਧਾਉਣ ਦਾ ਮਤਾ ਦੁਬਾਰਾ ਲੈ ਆਈ ਤਾਂ ਕਾਂਗਰਸ ਦੀ ਮੁਸ਼ਕਿਲ ਹੋਰ ਵੱਧ ਜਾਵੇਗੀ ਕਿਉਂਕਿ ਇੰਡੀਆ ਬਲਾਕ ਵਿਚੋਂ 10 ਕੁ ਐਮ. ਪੀ. ਚਲੇ ਗਏ ਤਾਂ ਮਤਾ ਪਾਸ ਹੋ ਜਾਵੇਗਾ। ਕਾਂਗਰਸ ਨੂੰ ਹੁਣ ਲੱਗ ਰਿਹਾ ਹੈ ਕਿ ਉਹ ਆਪਣੇ ਇੰਡੀਆ ਬਲਾਕ ਨੂੰ ਮੁੜ ਸੰਗਠਿਤ ਕਰੇ ਅਤੇ ਇਸਦੀ ਲੀਡਰਸ਼ਿਪ ਵੀ ਆਪਣੇ ਕੋਲ ਰੱਖੇ। ਇਸ ਕਰਕੇ ਕਾਂਗਰਸ ਹੁਣ ਬੇ-ਵਕਤੇ ਜਿਹੇ ਪ੍ਰਦਰਸ਼ਨ ਕਰ ਰਹੀ ਹੈ।

**-ਬਲਬੀਰ ਸਿੰਘ ਐਮ ਏ**

Balbir Singh M.A.
Editor in Chief & Publisher
e-mail: bsma54@gmail.com
Tel : 510-938-7771

36415 RUSCHIN DR. NEWARK, CA 94560

Buta Ram joshi Staff Reporter, Fresno 559-803-0055

Sanjeev Garg Kali, Reporter Malwa Area, 96713-53789

RAJ BUDWAL
MEDIA PARTNER / REPRESENTATIVE
8350202@gmail.com 408-835-0202

Web designed www.pardestimes.com
by Aman Bansil 510-589-2245

The Pardes Times and people asociated with it are Not responsible for any claims made by the advertisers and don’t endorse any product or services advertised in the Pardes Times. Please consult your attorney before, buying/hiring contracting through the ads published in the news paper. The Pardes Times is in business of selling spaces and claims made by advertisers are not tested/confirmed by an independent source.

# ਪੰਜਾਬ ਦੀ ਕਪਾਹ ਬੈਲਟ ਕਿਉਂ ਝੋਨੇ ਵੱਲ ਜਾ ਰਹੀ ਹੈ

**ਬਲਵਿੰਦਰ ਸਿੰਘ ਸਿੱਧੂ**

ਉਤਰੀ ਭਾਰਤ ਦੀਆਂ ਸਾਉਣੀ ਦੀਆਂ ਫ਼ਸਲਾਂ ’ਚੋਂ ਮੁੱਖ, ਕਪਾਹ ਦੀ ਖੇਤੀ, ਪੰਜਾਬ ਦੀ ਰਵਾਇਤੀ ਕਪਾਹ ਪੱਟੀ (ਬਠਿੰਡਾ, ਮਾਨਸਾ, ਮੁਕਤਸਰ ਸਾਹਿਬ, ਫਾਜ਼ਿਲਕਾ, ਫਰੀਦਕੋਟ, ਫਿਰੋਜ਼ਪੁਰ ਤੇ ਸੰਗਰੂਰ ਤੇ ਬਰਨਾਲਾ) ’ਚੋਂ ਹੌਲੀ-ਹੌਲੀ ਝੋਨੇ ਤੇ ਹੋਰ ਫ਼ਸਲਾਂ ਵੱਲ ਤਬਦੀਲ ਹੋ ਗਈ ਹੈ। ਸਾਲ 1980 ਦੇ ਦਹਾਕੇ ਦੇ ਅਖ਼ੀਰ ’ਚ (1988-89) ਪੰਜਾਬ ’ਚ ਕਪਾਹ ਹੇਠ ਲਗਭਗ 7.58 ਲੱਖ ਹੈਕਟੇਅਰ ਰਕਬਾ ਸੀ, ਜੋ ਕਿ ਲਗਾਤਾਰ ਘਟਦਾ ਰਿਹਾ ਪਰ 2006 ’ਚ ਬੀਟੀ (ਨਵ) ਕਪਾਹ ਦੀ ਸ਼ੁਰੂਆਤ ਨੇ ਕਪਾਹ ਉਤਪਾਦਕਾਂ ’ਚ ਉਮੀਦ ਜਗਾਈ, ਜਿਸ ਦੇ ਨਤੀਜੇ ਵਜੋਂ ਇਸ ਹੇਠ ਰਕਬਾ ਵਧਿਆ ਤੇ ਆਮਦਨ ’ਚ ਵੀ ਵਾਧਾ ਹੋਇਆ ਅਤੇ 2014-15 ਤੱਕ ਕਈ ਸਾਲਾਂ ਦੌਰਾਨ ਇਹ ਫ਼ਸਲ 45 ਲੱਖ ਹੈਕਟੇਅਰ ਰਕਬੇ ’ਚ ਬੀਜੀ ਜਾਂਦੀ ਰਹੀ। 2015 ’ਚ ਚਿੱਟੀ ਮੱਖੀ ਦੇ ਹਮਲੇ ਤੇ ਉਸ ਤੋਂ ਬਾਅਦ 2021 ਤੋਂ ਗੁਲਾਬੀ ਸੁੰਡੀ ਦੇ ਲਗਾਤਾਰ ਹਮਲਿਆਂ ਕਾਰਨ ਰਕਬੇ ਦੀ ਗਿਰਾਵਟ ’ਚ ਤੇਜ਼ੀ ਆਈ ਅਤੇ ਇਹ ਘਟ ਕੇ 3.39 ਹੈਕਟੇਅਰ ਰਹਿ ਗਿਆ, ਜਿਸ ’ਚ ਪ੍ਰਤੀ ਹੈਕਟੇਅਰ ਔਸਤ ਝਾੜ 197 ਕਿੱਲੋਗ੍ਰਾਮ ਰੂੰ ਸੀ ਤੇ ਕੁੱਲ ਉਤਪਾਦਨ 3.39 ਲੱਖ ਗੰਢਾਂ ਸੀ।

ਪੰਜਾਬ ’ਚ ਰਵਾਇਤੀ ਕਪਾਹ ਦੀ ਖੇਤੀ ਦੇ ਲਗਾਤਾਰ ਸੁੰਗੜਨ ਕਾਰਨ ਇਸ ਫ਼ਸਲ ਹੇਠ ਰਕਬਾ 2025 ਦੌਰਾਨ ਲਗਭਗ 1.28 ਲੱਖ ਹੈਕਟੇਅਰ ਤੋਂ ਘਟ ਕੇ ਇਸ ਸਾਲ ਲਗਭਗ 80,000 ਹੈਕਟੇਅਰ ਦੇ ‘ਹੇਠਲੇ ਪੱਧਰ’ ਤੇ ਆ ਗਿਆ ਹੈ। ਚਿੱਟੀ ਮੱਖੀ ਤੇ ਗੁਲਾਬੀ ਸੁੰਡੀ ਦੇ ਵਾਰ-ਵਾਰ ਹਮਲਿਆਂ ਨੇ ਕਿਸਾਨਾਂ ਦਾ ਭਰੋਸਾ ਤੋੜ ਦਿੱਤਾ ਹੈ। ਸਮੇਂ ਨਾਲ ਇਨ੍ਹਾਂ ਕੀੜਿਆਂ ’ਚ ਰਸਾਇਣਕ ਕੀਟਨਾਸ਼ਕਾਂ ਵਿਰੁੱਧ ਰੋਧਕ ਸ਼ਕਤੀ ਪੈਦਾ ਹੋ ਗਈ ਹੈ, ਜਿਸ ਕਾਰਨ ਕਪਾਹ ਦੇ ਉਤਪਾਦਨ ’ਚ ਭਾਰੀ ਗਿਰਾਵਟ ਆਈ ਹੈ ਤੇ ਕਪਾਹ ਬਹੁਤ ਜ਼ੋਖਮ ਭਰੀ ਫ਼ਸਲ ਬਣ ਗਈ ਹੈ। ਕਪਾਹ ਦਾ ਪ੍ਰਤੀ ਹੈਕਟੇਅਰ ਔਸਤ ਝਾੜ ਜੋ 8 ਤੋਂ 12 ਕੁਇੰਟਲ ਪ੍ਰਤੀ ਏਕੜ ਹੁੰਦਾ ਸੀ, ਉਹ ਹੁਣ ਕਈ ਮਾਮਲਿਆਂ ’ਚ ਘਟ ਕੇ ਲਗਭਗ 56 ਕੁਇੰਟਲ ਰਹਿ ਗਿਆ ਹੈ। ਭਾਵੇਂ ਮੌਜੂਦਾ ਕੀਮਤ 9,000-10,000 ਰੁਪਏ ਪ੍ਰਤੀ ਕੁਇੰਟਲ ਵੀ ਹੈ, ਤਾਂ ਵੀ ਕੁੱਲ ਕਮਾਈ ਪ੍ਰਤੀ ਏਕੜ ਲੱਗਭੱਗ 50,000-60,000 ਰੁਪਏ ਹੀ ਬਣਦੀ ਹੈ ਤੇ ਖੇਤੀ ਦੇ ਖ਼ਰਚੇ ਕੱਢਣ ਤੋਂ ਬਾਅਦ ਮੁਨਾਫ਼ਾ ਬਹੁਤ ਘਟ ਰਹਿ ਜਾਂਦਾ ਹੈ। ‘ਕਾਟਨ ਕਾਰਪੋਰੇਸ਼ਨ ਆਫ਼ ਇੰਡੀਆ’ ਤੇ ਰਾਜ ਦੀਆਂ ਏਜੰਸੀਆਂ ਆਪਣੀ ਮੌਜੂਦਗੀ ਤੇ ਐੱਮਐੱਸਪੀ ’ਤੇ ਖ਼ਰੀਦ ਰਾਹੀਂ ਬਾਜ਼ਾਰ ਨੂੰ ਸਥਿਰ ਕਰਨ ਲਈ ਬਹੁਤ ਘੱਟ ਕੰਮ ਕਰਦੀਆਂ ਹਨ, ਖ਼ਾਸ ਕਰ ਬਾਜ਼ਾਰ ’ਚ ਅਸਥਿਰਤਾ ਦੇ ਸਮੇਂ ਦੌਰਾਨ। ਇਨ੍ਹਾਂ ਏਜੰਸੀਆਂ ਦੁਆਰਾ ਕਪਾਹ ਦੀ ਖ਼ਰੀਦ ਸ਼ਾਇਦ ਹੀ ਕੁੱਲ ਉਤਪਾਦਨ ਦੇ 10 ਫ਼ੀਸਦ ਤੋਂ ਵੱਧ ਹੁੰਦੀ ਹੈ ਤੇ ਹਾਲ ਹੀ ਦੋ ਸਾਲਾਂ ’ਚ ਇਹ ਲਗਭਗ ਨਾਮਾਤਰ ਹੈ। ਝੋਨੇ ਦੀ ਫ਼ਸਲ ਤੋਂ ਮਿਲਣ ਵਾਲੀ ਤੁਲਨਾਤਮਕ ਸੁਰੱਖਿਆ ਨੇ ਵੀ ਇਸ ਗਿਰਾਵਟ ’ਚ ਯੋਗਦਾਨ ਪਾਇਆ ਹੈ। ਝੋਨੇ ਲਈ ਮੌਜੂਦ ਪੱਕੇ ਬਾਜ਼ਾਰ ਨੇ ਹੌਲੀ-ਹੌਲੀ ਕਿਸਾਨਾਂ ਦੀ ਪਸੰਦ ਬਦਲ ਦਿੱਤੀ ਹੈ। ਪੰਜਾਬ ’ਚ ਪਿਛਲੇ ਲਗਭਗ ਇਕ ਦਹਾਕੇ ਦੌਰਾਨ ਡੇਢ ਲੱਖ ਤੋਂ ਵੱਧ ਟਿਊਬਵੈੱਲ ਕੁਨੈਕਸ਼ਨ ਲਗਾਏ ਗਏ ਹਨ, ਖ਼ਾਸ ਕਰ ਕੇ ਮਾਲਵਾ ਖੇਤਰ ’ਚ। ਸਿੰਚਾਈ ਦੀ ਸਹੂਲਤ ਵਧਣ ਨਾਲ, ਜਿਹੜੇ ਕਿਸਾਨ ਪਹਿਲਾਂ ਕਈ ਇਲਾਕਿਆਂ ’ਚ ਧਰਤੀ ਹੇਠਲੇ ਪਾਣੀ ਦੀ ਘਾਟ ਤੇ ਗੁਣਵੱਤਾ ਠੀਕ ਨਾ ਹੋਣ ਕਰ ਕੇ ਰਵਾਇਤੀ ਤੌਰ ’ਤੇ ਕਪਾਹ ਦੀ ਖੇਤੀ ਕਰਦੇ ਸਨ, ਉਨ੍ਹਾਂ ਲਈ ਹੁਣ ਝੋਨੇ ਦੀ ਖੇਤੀ ਵੱਲ ਮੁੜਨਾ ਆਸਾਨ ਹੋ ਗਿਆ ਹੈ।



ਘੱਟੋ-ਘੱਟ ਸਮਰਥਨ ਮੁੱਲ (ਐੱਮਐੱਸਪੀ) ’ਤੇ ਯਕੀਨੀ ਖ਼ਰੀਦ, ਮੰਡੀਆਂ ਦਾ ਵਿਸ਼ਾਲ ਨੈੱਟਵਰਕ, ਸਮੇਂ ਸਿਰ ਅਦਾਇਗੀ ਤੇ ਮੁਫ਼ਤ ਬਿਜਲੀ ਨੇ ਝੋਨੇ ਦੀ ਫ਼ਸਲ ਨੂੰ ਅਜਿਹੀ ਆਮਦਨ ਸੁਰੱਖਿਆ ਪ੍ਰਦਾਨ ਕੀਤੀ ਹੈ ਜੋ ਕਪਾਹ ਦੀ ਫ਼ਸਲ ਨੂੰ ਉਸ ਪੱਧਰ ’ਤੇ ਨਹੀਂ ਮਿਲਦੀ। ਵਧੀਆ ਗੁਣਵੱਤਾ ਵਾਲੇ ਬੀਜਾਂ ਤੇ ਖੇਤੀ ਰਸਾਇਣਾਂ ਦੀ ਸਪਲਾਈ ਨਾਲ-ਨਾਲ, ਪੰਜਾਬ ’ਚ ਕਪਾਹ ਦੀ ਖੇਤੀ ਨੂੰ ਕਈ ਅਜਿਹੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜੋ ਕਿਸਾਨਾਂ ਨੂੰ ਇਸ ਨੂੰ ਅਪਨਾਉਂਣ ਤੋਂ ਰੋਕਦੀਆਂ ਹਨ। ਮੌਸਮ ਅਤੇ ਮੰਡੀ ਦੀ ਬੇਭਰੋਸਗੀ ਦੋ ਅਜਿਹੇ ਮੁੱਖ ਕਾਰਕ ਹਨ, ਜਿਨ੍ਹਾਂ ਕਾਰਨ ਕਿਸਾਨ ਕਪਾਹ ਦੀ ਖੇਤੀ ਕਰਨ ਤੋਂ ਝਿਜਕਦੇ ਹਨ। ਬੇਮੌਸਮੀ ਬਾਰਿਸ਼, ਉਸ ਤੋਂ ਬਾਅਦ ਪਾਣੀ ਦੀ ਕਿੱਲਤ ਅਤੇ ਫ਼ਸਲੀ ਰੋਗਾਂ ਨੇ ਕਪਾਹ ਉਤਪਾਦਕਾਂ ਲਈ ਸਥਿਤੀ ਨੂੰ ਹੋਰ ਵੀ ਗੰਭੀਰ ਬਣਾ ਦਿੱਤਾ ਹੈ। ਕਪਾਹ ਦੀਆਂ ਕੀਮਤਾਂ ’ਚ ਘਾਟ-ਵਾਧ ਨੇ ਵੀ ਕਪਾਹ ਦੀ ਖੇਤੀ ਬਾਰੇ ਕਿਸਾਨਾਂ ਦੇ ਡਰ ਜਾਂ ਚਿੰਤਾਵਾਂ ਨੂੰ ਵਧਾ ਦਿੱਤਾ ਹੈ। ਇੱਕੋ ਸੀਜ਼ਨ ਦੌਰਾਨ ਕੀਮਤਾਂ ’ਚ 20 ਫ਼ੀਸਦ ਤੱਕ ਦਾ ਉਤਰਾਅ-ਚੜ੍ਹਾਅ ਆ ਸਕਦਾ ਹੈ। ਪੰਜਾਬ ਦੇ ਬਹੁਤ ਸਾਰੇ ਕਿਸਾਨਾਂ ਨੂੰ ਅਜਿਹੇ ਸਮਿਆਂ ਬਾਰੇ ਯਾਦ ਹੈ, ਜਦੋਂ ਕਪਾਹ ਦੀਆਂ ਕੀਮਤਾਂ ’ਚ ਅਚਾਨਕ ਗਿਰਾਵਟ ਕਾਰਨ ਉਨ੍ਹਾਂ ਦੀ ਆਮਦਨ ਉਮੀਦ ਨਾਲੋਂ ਘੱਟ ਰਹੀ ਅਤੇ ਉਹ ਕਪਾਹ ਦੀ ਖੇਤੀ ਨਾਲ ਜੁੜੇ ਜ਼ੋਖਮ ਉਠਾਉਂਣ ਤੋਂ ਨਿਰਾਸ਼ ਹੋ ਗਏ।

ਕਪਾਹ ਦੇ ਉਪਤਾਦਨ ’ਚ ਕਮੀ ਕਾਰਨ ਕਪਾਹ ਕੱਤਣ ਅਤੇ ਜਿਨਿੰਗ ਮਿੱਲਾਂ ਦੀ ਪੂਰੀ ਵਰਤੋਂ ਨਾ ਹੋਣ ਕਾਰਨ ਇਨ੍ਹਾਂ ਉਦਯੋਗਾਂ ’ਚ ਰੁਜ਼ਗਾਰ ਦਾ ਨੁਕਸਾਨ ਹੋਇਆ ਹੈ। ਸਾਲ 2010 ’ਚ ਰਾਜ ’ਚ ਮੌਜੂਦ 400 ਜਿਨਿੰਗ ਮਿੱਲਾਂ ’ਚੋਂ 80 ਫ਼ੀਸਦ ਜਾਂ ਤਾਂ ਬੰਦ ਹੋ ਗਈਆਂ ਹਨ। ਸਥਾਨਕ ਕਪਾਹ ਦੇ ਉਤਪਾਦਨ ’ਚ ਕਮੀ ਤੇ ਨਤੀਜੇ ਵਜੋਂ ਕੀਮਤਾਂ ਦੇ ਵਾਧੇ ਕਾਰਨ ਤੇ ਭਾਰਤ ਸਰਕਾਰ ਵੱਲੋਂ ਲਾਗੂ ਕੀਤੇ ਗਏ ਟੈਕਸਾਂ (ਡਿਉਟੀਆਂ) ਕਾਰਨ ਮਹਿੰਗੀ ਦਰਾਮਦ ਕਾਰਨ ਰਾਜ ਦੀਆਂ ਪ੍ਰਮੁੱਖ ਟੈਕਸਟਾਈਲ ਮਿੱਲਾਂ ਵੀ ਆਪਣੀ ਸਮਰੱਥਾ ਦੇ ਲਗਭਗ ਅੱਧੇ ਹਿੱਸੇ ’ਤੇ ਹੀ ਕੰਮ ਕਰ ਰਹੀਆਂ ਹਨ। ਕਪਾਹ ਦੇ ਰਕਬੇ ’ਚ ਘਾਟ ਕਾਰਨ ਇਸ ਦਾ ਪੇਂਡੂ ਇਲਾਕਿਆਂ ’ਚ ਕਪਾਹ ਦੀ ਚੁਗਾਈ ਸਮੇਂ ਮਿਲਣ ਵਾਲੇ ਰੁਜ਼ਗਾਰ ’ਤੇ ਵੀ ਅਸਰ ਪਿਆ ਹੈ। ਭਾਵੇਂ ਚੁਗਾਈ ਦਾ ਰੇਟ 10-12 ਰੁਪਏ ਪ੍ਰਤੀ ਕਿੱਲੋਗਰਾਮ ਹੈ ਪਰ ਇਸ ਕੰਮ ਲਈ ਮਜਦੂਰਾਂ ਦੀ ਘਾਟ ਨੇ ਵੀ ਕਿਸਾਨਾਂ ਦਾ ਇਸ ਫ਼ਸਲ ਨਾਲ ਮੋਹ ਭੰਗ ਕੀਤਾ ਹੈ।

ਹੁਣ ਜੀ ਰਾਮ ਐਕਟ ਅਨੁਸਾਰ ਦੋ ਮਹੀਨੇ ਲਈ ਮਨਰੇਗਾ ਅਧੀਨ ਕੰਮ ਬੰਦ ਕਰਨ ਉਪਰੰਤ ਸਥਿਤੀ ਕਿਸਾਨਾਂ ਲਈ ਸ਼ਾਇਦ ਕੁਝ ਸੁਖਾਵੀਂ ਹੋ ਜਾਵੇ। ਪੰਜਾਬ ’ਚ ਫ਼ਸਲੀ ਵਿਭਿੰਨਤਾ ਲਈ ਕਪਾਹ ਦੀ ਕਾਸ਼ਤ ਨੂੰ ਇਕ ਬਦਲ ਵਜੋਂ ਉਤਸ਼ਾਹਿਤ ਕਰਨਾ ਇਕ ਗੁੰਝਲਦਾਰ ਚੁਣੌਤੀ ਹੈ, ਇਸ ਨੂੰ ਇਕ ਬਦਲਵੇਂ ਫ਼ਸਲ ਵਜੋਂ ਕਾਇਮ ਰੱਖਣਾ ਜ਼ਰੂਰੀ ਹੈ, ਨਾ ਸਿਰਫ ਫ਼ਸਲੀ ਵਿਭਿੰਨਤਾ ਤੇ ਕਿਸਾਨਾਂ ਦੀ ਆਮਦਨ ਵਧਾਉਂਣ ਲਈ, ਸਗੋਂ ਕਪਾਹ ਦੀ ਗਿਨਿੰਗ, ਸਪਿ-ਨਿੰਗ ਤੇ ਟੈਕਸਟਾਈਲ ਮਿੱਲਾਂ ਦੇ ਗੁਜ਼ਾਰੇ ਲਈ, ਨਾਲ ਹੀ ਪੇਂਡੂ ਇਲਾਕਿਆਂ ’ਚ ਮਜ਼ਦੂਰਾਂ ਲਈ ਰੁਜ਼ਗਾਰ ਦੀ ਸੁਰੱਖਿਆ ਲਈ ਵੀ। ਇਸ ਯਤਨ ’ਚ ਢੁੱਕਵੀਆਂ ਨੀਤੀਆਂ ਰਾਹੀਂ ਕੁਸ਼ਲ ਸਿੰਚਾਈ ਤਕਨੀਕਾਂ ਅਤੇ ਫ਼ਸਲੀ ਚੱਕਰ ’ਚ ਤਬਦੀਲੀ ਨੂੰ ਉਤਸ਼ਾਹਿਤ ਕਰਨ ਤੇ ਪਾਣੀ ਦੀ ਕਮੀ ਦੇ ਮੁੱਦਿਆਂ ਨੂੰ ਹੱਲ ਕਰਨ ਦਾ ਉਪਰਾਲਾ ਕਰਨਾ ਚਾਹੀਦਾ ਹੈ। ਏਕੀਕ੍ਰਿਤ ਕੀਟ ਪ੍ਰਬ-ਧਨ ਅਭਿਆਸ ਜੋ ਰਸਾਇਣਕ ਕੀਟਨਾਸ਼ਕਾਂ ’ਤੇ ਨਿਰਭਰਤਾ ਨੂੰ ਘਟਾਉਂਦੇ ਹਨ, ਜਿਸ ’ਚ ਮਿੱਤਰ ਕੀੜੇ-ਮਕੌੜੇ ਅਤੇ ਕੀੜਿਆਂ ਪ੍ਰਤੀ ਰੋਧਕ ਕਪਾਹ ਦੀਆਂ ਕਿਸਮਾਂ ਦੀ ਵਰਤੋਂ ਸ਼ਾਮਲ ਹੈ, ਵਧੇਰੇ ਧਿਆਨ ਦੇਣ ਦੇ ਹੱਕਦਾਰ ਹਨ। ਘੱਟ ਉਤਪਾਦਨ ਦੇ ਸਮੇਂ ਦੌਰਾਨ ਕਪਾਹ ਕਿਸਾਨਾਂ ਦੀ ਸਹਾਇਤਾ ਲਈ ਸਰਕਾਰ ਨੂੰ ਵਿੱਤੀ ਪ੍ਰੋਤਸਾਹਨ, ਸਬਸਿਡੀਆਂ, ਬੀਮਾਂ ਯੋਜਨਾਵਾਂ ਵੀ ਪ੍ਰਦਾਨ ਕਰਨੀਆਂ ਚਾਹੀਦੀਆਂ ਹਨ ਅਤੇ ਕਪਾਹ ਦੀ ਸਮੇਂ ਸਿਰ ਮਾਰਕੀਟਿੰਗ ਤੇ ਖ਼ਰੀਦ ਦੀ ਸਹੂਲਤ ਦੇਣੀ ਚਾਹੀਦੀ ਹੈ। ਸਰਕਾਰ ਦੇ ਫ਼ਸਲੀ ਵਿਭਿੰਨਤਾ ਪ੍ਰੋਗਰਾਮ ਦਾ ਉਦੇਸ਼ ਕਿਸਾਨਾਂ ਨੂੰ ਫ਼ਸਲੀ ਵਿਭਿੰਨਤਾ ਬਾਰੇ ਸਿੱਖਿਅਤ ਕਰਨਾ ਅਤੇ ਤਕਨੀਕੀ ਸਹਾਇਤਾ ਅਤੇ ਵਿੱਤੀ ਸਹਾਇਤਾ ਪ੍ਰਦਾਨ ਕਰਨਾ ਹੋਣਾ ਚਾਹੀਦਾ ਹੈ। ਰਾਜ ’ਚ ਅਪਨਾਉਂਣ ਤੋਂ ਪਹਿਲਾਂ ਮੌਜੂਦਾ ਜਲਵਾਯੂ ਸਥਿਤੀਆਂ ਲਈ ਢੁਕਵੀਆਂ ਅਤੇ ਜੈਨੇਟਿਕ ਤੌਰ ਸੋਧੀਆਂ ਬੀਟੀ ਕਪਾਹ ਦੀਆਂ ਕਿਸਮਾਂ ਅਤੇ ਕਪਾਹ ਦੇ ਖੇਤੀ ਦੇ ਮਸ਼ੀਨੀਕਰਨ ਲਈ ਯੋਗ ਕਿਸਮਾਂ ਦੀ ਪਛਾਣ ਕਰਨ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਨੂੰ ਖੋਜ ਕਰਨੀ ਚਾਹੀਦੀ ਹੈ। ਘੱਟ ਸਮੇਂ ’ਚ ਤਿਆਰ ਹੋਣ ਵਾਲੀਆਂ ਨਵੀਆਂ ਕਿਸਮਾਂ ਅਤੇ ਹਾਈਬ੍ਰਿਡ (ਜਿਨ੍ਹਾਂ ’ਚ ਉੱਚ ਹਾਰਵੈਸਟ ਇੰਡੈਕਸ, ਉੱਚ ਗਿਨਿੰਗ ਪ੍ਰਤੀਸ਼ਤਤਾ ਅਤੇ ਬਹੁਤ ਵਧੀਆ ਰੇਸ਼ੇ ਦੀ ਗੁਣਵੱਤਾ ਹੁੰਦੀ ਹੈ) ਦੀ ਵਰਤੋਂ ਕਰਕੇ ਹਾਈਡੈਂਸਿਟੀ ਪਲਾਂਟਿੰਗ (ਵੱਧ ਘਣਤਾ ਵਾਲੀ ਬਿਜਾਈ) ਦੀ ਨਵੀਂ ਬਦਲਵੀਂ ਪ੍ਰਣਾਲੀ ਨਾਲ, ਝਾੜ ਨੂੰ ਦੁੱਗਣਾ ਕੀਤਾ ਜਾ ਸਕਦਾ ਹੈ ਅਤੇ ਉਤਪਾਦਨ ਲਾਗਤ ਨੂੰ ਕਾਫ਼ੀ ਹੱਦ ਤੱਕ ਘਟਾਇਆ ਜਾ ਸਕਦਾ ਹੈ। ਕਪਾਹ ਦੇ ਬੂਟੇ ਦੀ ਬਣਤਰ ’ਚ ਸੁਧਾਰ ਕਰਕੇ ਇਸਨੂੰ ਮਸ਼ੀਨੀ ਚੁਗਾਈ ਦੇ ਅਨੁਕੂਲ ਬਣਾਉਣਾ ਚਾਹੀਦਾ ਹੈ।

ਖੋਜ ਤੇ ਵਿਕਾਸ ’ਚ ਨਿਵੇਸ਼, ਕਪਾਹ ਦੀ ਕਾਸ਼ਤ ਦੀਆਂ ਟਿਕਾਊ ਤਕਨੀਕਾਂ ਨੂੰ ਲਾਗੂ ਕਰਨ, ਕਪਾਹ ਕਿਸਾਨਾਂ ਦਾ ਵਿੱਤੀ ਸਮਰਥਨ ਕਰਨ ਅਤੇ ਟੈਕਸਟਾਈਲ ਉਦਯੋਗ ਨੂੰ ਆਧੁਨਿਕ ਬਣਾਉਣ ’ਤੇ ਕੇਂਦਰਿਤ ਹੋਣਾ ਚਾਹੀਦਾ ਹੈ। ਰਾਜ ’ਚ ਕਪਾਹ ਦੀ ਕਾਸ਼ਤ ਨੂੰ ਉਤਸ਼ਾਹਿਤ ਕਰਨ ਲਈ ਵਿਆਪਕ ਉਪਾਵਾਂ ਦੀ ਲੋੜ ਹੈ, ਕਿਉਂਕਿ ਇਸ ਦੀ ਖੇਤੀ ’ਚ ਆਰਥਿਕ, ਵਾਤਾਵਰਣਿਕ ਅਤੇ ਸਮਾਜਿਕ ਲਾਭ ਲਈ ਮਹੱਤਵਪੂਰਨ ਸੰਭਾਵਨਾਵਾਂ ਹਨ ਤੇ ਰਾਜ ਦਾ ਟਿਕਾਊ ਢੰਗ ਨਾਲ ਕਪਾਹ ਦੀ ਉਤਪਾਦਕਤਾ ’ਚ ਵਿਸ਼ਵ ਪੱਧਰੀ ਆਗੂ ਵਜੋਂ ਉੱਭਰਨਾ ਸਿਰਫ਼ ਸਮੇਂ ਅਤੇ ਸੁਹਿਰਦ ਯਤਨਾਂ ਦੀ ਗੱਲ ਹੈ।

## ‘ਪਰਦੇਸ ਟਾਇਮਜ਼’ ਦੇ ਆਨਰੇਰੀ ਸਲਾਹਕਾਰ ਤੇ ਸਹਿਯੋਗੀ

(1) ਰਣਜੀਤ ਕੰਦੋਲਾ
(2) ਇੰਦਰਜੀਤ ਸਿੰਘ, ਹੇਵਰਡ
(3) ਜਸਵੀਰ ਸਿੰਘ ਕੁਲਾਰ
(4) ਗੁਰਚਰਨ ਸਿੰਘ ਮਾਨ
(5) ਡਾ. ਚਰਨਜੀਤ ਸਿੰਘ ਉਪਲ
(6) ਪਰਮਪਾਲ ਸਿੰਘ
(7) ਸ. ਮਹਿੰਗਾ ਸਿੰਘ ਸਰਪੰਚ
(8) ਕੁਲਦੀਪ ਸਿੰਘ ਅਟਵਾਲ
(9) ਸੁਰਜੀਤ ਸਿੰਘ ਅਟਵਾਲ
(10) ਭੁਪਿੰਦਰ ਸਿੰਘ ਪਦਮ
(11) ਸੁਰਿੰਦਰ ਸਿੰਘ ਧਨੋਆ
(11) ਕਸ਼ਮੀਰ ਸਿੰਘ ਧੁੱਗਾ
(13) ਬਲਦੇਵ ਸਿੰਘ ਮਾਨ
(14) ਰਾਜ ਬਡਵਾਲ
(15) ਪ੍ਰੋ. ਜਸਪਾਲ ਸਿੰਘ ਸੈਣੀ
(16) ਸੁਖਵਿੰਦਰ ਭੇਲਾ
(17) ਰਵਿੰਦਰ ਪਾਲ
(18) ਅਟਾਰਨੀ ਤਨਵੀਰ ਜੋਸ਼ੀ
(19) ਰੋਜ਼ੀ ਕਮਲ ਕੌਰ
(20) ਦਵਿੰਦਰ ਸਿੰਘ ਪਾਬਲਾ

# ਵਿਚੋਲਗੀ - ਵੱਲੋਂ 'ਪਰਦੇਸ ਟਾਇਮਜ਼'

ਪਰਦੇਸ ਟਾਇਮਜ਼ ਤੁਹਾਡੇ ਧੀਆਂ-ਪੁੱਤਰਾਂ ਨੂੰ ਚੰਗਾ ਵਰ ਲੱਭਣ 'ਚ ਤੁਹਾਡੀ ਮਦਦ ਕਰ ਸਕਦਾ ਹੈ। ਤੁਸੀਂ ਪੂਰੇ ਵੇਰਵੇ ਸਹਿਤ ਲਿਖ ਕੇ ਭੇਜੋ ਤੇ ਅਸੀਂ ਛਾਪ ਕੇ ਕੈਲੇਫੋਰਨੀਆ ਦੇ ਸਾਰੇ ਇਲਾਕਿਆਂ 'ਚ ਤੁਹਾਡਾ ਸੁਨੇਹਾ ਪਹੁੰਚਾਵਾਂਗੇ ਤੇ ਪਰਦੇਸ ਟਾਇਮਜ਼ ਦੀ website 'ਤੇ ਵੀ ਪਾਵਾਂਗੇ। ਫੀਸ- ਤਿੰਨ ਮਹੀਨੇ ਲਈ $ 300 ਜੋ ਪਹਿਲਾਂ ਭੇਜਣੇ ਹੋਣਗੇ।

**Pay-in-Advance** **ਸੰਪਰਕ- info@pardestimes ਜਾਂ 510-938-7771**

### ਵਰ ਦੀ ਲੋੜ

ਪੰਜਾਬੀ ਸਿੱਖ ਵੈਸ਼ਨੂੰ ਲੜਕੀ, ਵਰਕ ਪਰਮਿਟ ਤੇ ਕੈਲੇਫੋਰਨੀਆ 'ਚ ਆਰ. ਐਨ. ਨਰਸ (RN) ਦੇ ਤੌਰ 'ਤੇ ਕੰਮ ਕਰਦੀ, ਕੱਦ 5 ਫੁੱਟ 2 ਇੰਚ, ਉਮਰ 34 ਸਾਲ ਲਈ ਸਿਟੀਜ਼ਨ ਲੜਕੇ ਦੀ ਲੋੜ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਲੜਕੀ ਦੇ ਪਰਿਵਾਰ ਵਿਚ ਮਾਤਾ ਤੇ ਭਰਾ ਵੀ ਹਨ ਜੋ ਇੱਥੇ ਹੀ ਚੰਗੀਆਂ ਨੌਕਰੀਆਂ ਕਰਦੇ ਹਨ।

**ਹੋਰ ਜਾਣਕਾਰੀ ਲਈ:**
916-579-1475

### ਲੜਕੀ ਦੀ ਲੋੜ

31 ਸਾਲਾ ਰਾਮਗੜ੍ਹੀਆ ਸਿੱਖ ਸਿਟੀਜ਼ਨ, ਕੱਦ 5 ਫੁੱਟ 8 ਇੰਚ, ਸੋਹਣਾ-ਸੁਨੱਖਾ, ਬੀ. ਐਸ.: ਹੈਲਥ ਸਾਇੰਸ, ਐਮਰਜੈਂਸੀ ਰੂਮ ਟੈਕਨੀਸ਼ੀਅਨ, ਕੈਲੇਫੋਰਨੀਆ ਦੇ ਬੇਅ-ਏਰੀਆ 'ਚ ਰਹਿੰਦੇ ਲੜਕੇ ਲਈ ਖੂਬਸੂਰਤ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਹੋਰ ਜਾਣਕਾਰੀ ਲਈ ਪਿਤਾ ਹਰਮਿੰਦਰ ਸਿੰਘ ਲੱਲ ਨਾਲ 510-468-5436 'ਤੇ ਸੰਪਰਕ ਕਰੋ।

## ਭਾਰਤ ਵਿਚ ਚੋਣ ਕਮਿਸ਼ਨ ਨੂੰ ਲੈ ਕੇ ਹੋ ਰਹੀ ਰਾਜਨੀਤੀ ਕਿਸ ਕਰਵਟ ਬੈਠੇਗੀ

ਨਵੀਂ ਦਿੱਲੀ- ਭਾਰਤ ਵਿਚ ਅੱਜਕਲ੍ਹ ਕੇਂਦਰ ਦੀ ਮੋਦੀ ਸਰਕਾਰ ਦੇ ਖਿਲਾਫ ਵਿਰੋਧੀ ਪਾਰਟੀਆਂ ਨੇ ਜ਼ੋਰਦਾਰ ਵਿਰੋਧ ਪ੍ਰਦਰਸ਼ਨ ਆਰੰਭ ਕੀਤੇ ਹਨ। ਸਭ ਤੋਂ ਪਹਿਲਾਂ ਤਾਂ ਵਿਰੋਧੀ ਧਿਰ ਕਾਂਗਰਸ ਨੇ ਵਿਰੋਧ ਪ੍ਰਦਰਸ਼ਨ ਆਰੰਭ ਕੀਤੇ, ਜੋ ਕਈ ਦਿਨ ਚੱਲੇ। ਇਸ ਦਰਮਿਆਨ ਨਵੀਂ ਪਾਰਟੀ ਸੀ. ਜੇ. ਪੀ. ਨੇ ਦਿੱਲੀ ਦੇ ਜੰਤਰ-ਮੰਤਰ ਤੇ ਧਰਨਾ ਲਾਉਣ ਦੀ ਕੋਸ਼ਿਸ਼ ਕੀਤੀ, ਜਿਸ ਨੂੰ ਦਿੱਲੀ ਪੁਲਿਸ ਨੇ ਨਾਕਾਮ ਕਰ ਦਿੱਤਾ। ਹੁਣ ਵੀ ਅਜਿਹੇ ਧਰਨੇ-ਪ੍ਰਦਰਸ਼ਨ ਇੱਕਾ-ਦੁੱਕਾ ਥਾਵਾਂ ਤੇ ਜਾਰੀ ਹਨ ਪਰ ਇਹਨਾਂ ਵਿਰੋਧ ਪ੍ਰਦਰਸ਼ਨਾਂ ਨੂੰ ਸਾਰੀਆਂ ਵਿਰੋਧੀ ਪਾਰਟੀਆਂ ਮਿਲ ਕੇ ਵੀ ਲੋਕ ਲਹਿਰ ਵਿਚ ਤਬਦੀਲ ਕਰਨ 'ਚ ਨਾਕਾਮ ਹੁੰਦੀਆਂ ਦਿਖਾਈ ਦੇ ਰਹੀਆਂ ਹਨ।

**ਕੀ ਹੈ ਮਸਲਾ**

ਅਸਲ ਵਿਚ ਮਸਲਾ ਚੋਣ ਕਮਿਸ਼ਨ ਦੀ ਕਾਰਗੁਜ਼ਾਰੀ ਦਾ ਹੈ। ਚੋਣ ਕਮਿਸ਼ਨ ਨੇ ਵੋਟਰ ਸੂਚੀਆਂ ਦੀ ਸੁਧਾਈ ਦਾ ਫੈਸਲਾ ਲਿਆ, ਜਿਸ ਤਹਿਤ ਸੂਚੀਆਂ ਨੂੰ ਚੰਗੀ ਤਰ੍ਹਾਂ ਘੋਖਿਆ ਗਿਆ ਅਤੇ ਸਾਰੇ ਗੈਰ-ਨਾਗਰਿਕ, ਮ੍ਰਿਤਕ ਅਤੇ ਅਯੋਗ ਵੋਟਰਾਂ ਨੂੰ ਸੂਚੀ ਤੋਂ ਬਾਹਰ ਕਰ ਦਿੱਤਾ। ਵਿਰੋਧੀ ਪਾਰਟੀਆਂ ਨੂੰ ਇਹ ਨਾਗਵਾਰ ਗੁਜ਼ਰਿਆ, ਜਦਕਿ ਸਰਕਾਰ ਇਸ ਨੂੰ ਸ਼ੁੱਧੀਕਰਨ ਕਹਿ ਰਹੀ ਹੈ। ਭਾਰਤੀ ਸੰਵਿਧਾਨ ਮੁਤਾਬਕ ਵੋਟ ਦਾ ਅਧਿਕਾਰ ਸਿਰਫ ਨਾਗਰਿਕ ਨੂੰ ਮਿਲਦਾ ਹੈ। ਨਾਗਰਿਕਤਾ ਲਈ ਭਾਰਤ ਵਿਚ ਨਾਗਰਿਕਤਾ ਐਕਟ ਮੌਜੂਦ ਹੈ, ਜਿਸ ਤਹਿਤ ਭਾਰਤ ਦਾ ਨਾਗਰਿਕ ਸਿਰਫ ਉਹੀ ਹੋ ਸਕਦਾ ਹੈ, ਜਿਸ ਦੇ ਮਾਂ-ਬਾਪ ਵਿਚੋਂ ਇਕ ਭਾਰਤੀ ਹੈ ਜਾਂ ਕੋਈ ਵਿਦੇਸ਼ੀ ਨਾਗਰਿਕ ਬੇਨਤੀ ਪੱਤਰ ਦੇ ਕੇ ਭਾਰਤ ਦੀ ਨਾਗਰਿਕਤਾ ਪ੍ਰਾਪਤ ਕਰਦਾ ਹੈ। ਉਸ ਨੂੰ ਭਾਰਤ ਦੇ ਸੰਵਿਧਾਨ ਤਹਿਤ ਅਧਿਕਾਰ ਮਿਲਦੇ ਹਨ ਅਤੇ ਜ਼ਿੰਮੇਵਾਰੀਆਂ ਵੀ ਤਹਿ ਹੁੰਦੀਆਂ ਹਨ। ਕੇਂਦਰ ਸਰਕਾਰ ਕਿਸੇ ਨਾਗਰਿਕ ਨੂੰ ਗੰਭੀਰ ਅਪਰਾਧ ਦੀ ਸੂਰਤ ਵਿਚ ਦੇਸ਼ ਨਿਕਾਲਾ ਵੀ ਦੇ ਸਕਦੀ ਹੈ। ਹੁਣ ਤੱਕ ਹੁੰਦਾ ਇਹ ਆਇਆ ਹੈ ਕਿ ਚੋਣ ਕਮਿਸ਼ਨ ਨੇ ਵੋਟਰ ਸੂਚੀਆਂ ਵੱਲ ਕਦੀ ਬਹੁਤਾ ਧਿਆਨ ਹੀ ਨਹੀਂ ਦਿੱਤਾ। ਵੱਖ-ਵੱਖ ਸੂਬਿਆਂ ਦੀਆਂ ਸਰਕਾਰਾਂ ਆਪਣੀ ਸਹੂਲਤ ਮੁਤਾਬਕ ਦਸਤਾਵੇਜ਼ ਤਿਆਰ ਕਰਕੇ ਕਿਸੇ ਨੂੰ ਵੀ ਨਾਗਰਿਕ ਬਣਾ ਦਿੰਦੀਆਂ ਸਨ ਪਰ ਹੁਣ ਪ੍ਰਕਿਰਿਆ ਪਾਰਦਰਸ਼ੀ ਹੋ ਗਈ ਹੈ ਅਤੇ ਹੁਣ ਕੋਈ ਬੱਚਾ ਭਾਰਤ ਦਾ ਨਾਗਰਿਕ ਤਾਂ ਹੀ ਬਣ ਸਕਦਾ ਹੈ ਜੇਕਰ ਉਹ ਨਾਗਰਿਕਤਾ ਐਕਟ ਦੀਆਂ ਸ਼ਰਤਾਂ ਤੇ ਖਰਾ ਉਤਰਦਾ ਹੈ। ਉਸ ਦਾ ਜਨਮ ਸਰਟੀਫਿਕੇਟ ਲਾਜ਼ਮੀ ਬਣਿਆ ਹੋਵੇ। ਹੁਣ ਬੰਗਲਾਦੇਸ਼, ਬਰਮਾ, ਪਾਕਿਸਤਾਨ, ਤਿੱਬਤ ਤੋਂ ਭਾਰਤ ਵਿਚ ਵੜ ਕੇ ਕੋਈ ਵਿਅਕਤੀ ਨਜਾਇਜ਼ ਨਹੀਂ ਰਹਿ ਸਕਦਾ, ਜੇਕਰ ਰਹਿੰਦਾ ਹੈ ਤਾਂ ਪਕੜਿਆ ਜਾ ਸਕਦਾ ਹੈ। ਹੁਣ ਤੱਕ ਵੋਟਰ ਸੂਚੀਆਂ ਨੂੰ ਸੂਬਾ ਸਰਕਾਰਾਂ ਆਪਣੀ ਸਹੂਲਤ ਮੁਤਾਬਕ ਫੇਰ-ਬਦਲ ਕਰਕੇ ਵੋਟਰ ਸੂਚੀਆਂ ਦਾ ਪੈਟਰਨ ਹੀ ਬਦਲ ਦਿੰਦੀਆਂ ਸਨ ਪਰ ਹੁਣ ਅਜਿਹਾ ਸੰਭਵ ਨਹੀਂ ਹੋ ਸਕੇਗਾ। ਯਾਨਿ ਕਿ ਵੋਟਰ ਸੂਚੀ ਹੁਣ ਇਕ ਕਿਸਮ ਦੀ ਐਨ. ਆਰ. ਸੀ. ਬਣ ਗਈ ਹੈ। ਵੋਟਰ ਸੂਚੀਆਂ ਦੀ ਇਸ ਸੁਧਾਈ ਕਾਰਨ ਵਿਰੋਧੀ ਪਾਰਟੀਆਂ ਨੂੰ ਲੱਗਦਾ ਹੈ ਕਿ ਜਿਹੜੇ ਵੋਟਰ ਉਹਨਾਂ ਨੇ ਦੋ-ਤਿੰਨ ਥਾਵਾਂ ਤੇ ਬਣਾਏ ਹੋਏ ਸਨ, ਉਹ ਬਾਹਰ ਹੋ ਗਏ, ਵਿਦੇਸ਼ੀ ਲੋਕੀ ਵੋਟ ਸੂਚੀ ਤੋਂ ਬਾਹਰ ਹੋ ਗਏ ਅਤੇ ਅੱਗੇ ਵੀ ਕਿਸੇ ਘਾਲਮੇਲ ਦੀ ਸੰਭਾਵਨਾ ਨੂੰ ਖਤਮ ਕਰ ਦਿੱਤਾ ਗਿਆ। ਹੁਣ ਤੱਕ ਹੁੰਦਾ ਇਹ ਸੀ ਕਿ ਕਿਸੇ ਵਿਅਕਤੀ ਦੀ ਪੰਜਾਬ ਵਿਚ ਵੀ ਵੋਟ ਹੈ, ਯੂ. ਪੀ.-ਬਿਹਾਰ ਵਿਚ ਵੀ ਵੋਟ ਹੈ, ਉਹ ਦੋਵੇਂ ਥਾਵਾਂ ਤੇ ਵੋਟ ਪਾ ਸਕਦਾ ਸੀ। ਪੇਕਿਆਂ ਵਿਚ ਵੀ ਵੋਟ ਹੈ ਅਤੇ ਸਹੁਰੇ ਘਰ ਵੀ, ਉਹ ਲੜਕੀ ਦੋਵੇਂ ਥਾਵਾਂ ਤੇ ਵੋਟ ਪਾ ਸਕਦੀ ਸੀ। ਵਿਰੋਧੀ ਪਾਰਟੀਆਂ ਨੂੰ ਲੱਗਦਾ ਹੈ ਕਿ ਇਹ ਸਾਰੀ ਉਹਨਾਂ ਦੀ ਵੋਟ ਸੀ, ਸ਼ਾਇਦ ਇਸ ਕਾਰਨ ਉਹ ਵਿਰੋਧੀ ਕਰ ਰਹੀਆਂ ਹਨ।

**ਅਸਲ ਕਾਰਨ ਕੀ ਹੈ**

ਅਸਲ ਵਿਚ ਵਿਰੋਧੀ ਵੋਟਾਂ ਦੀ ਸੁਧਾਈ ਦਾ ਨਹੀਂ, ਬਲਕਿ ਰਾਜਨੀਤਿਕ ਹੈ। ਕਾਂਗਰਸ ਪਾਰਟੀ ਜੋ ਕਿ ਭਾਰਤ ਦੀਆਂ ਸਾਰੀਆਂ ਵਿਰੋਧੀ ਪਾਰਟੀਆਂ ਦੀ ਲੀਡਰ ਕਹਿੰਦੀ ਹੈ, ਕੋਲ 2024 ਦੀਆਂ ਚੋਣਾਂ ਵੇਲੇ 232 ਲੋਕ ਸਭਾ ਦੀਆਂ ਸੀਟਾਂ ਸਨ, ਜਦਕਿ ਭਾਜਪਾ ਦੀ ਅਗਵਾਈ ਵਾਲੇ ਗੱਠਜੋੜ ਕੋਲ 282 ਦੇ ਕਰੀਬ ਸੀਟਾਂ ਸਨ, ਬਾਕੀ ਇਕ-ਦੋ ਪਾਰਟੀ ਕਿਸੇ ਗੱਠਜੋੜ ਦਾ ਹਿੱਸਾ ਨਹੀਂ ਸੀ। ਪਰ ਹੁਣ ਸਥਿਤੀ ਬਦਲਦੀ ਨਜ਼ਰ ਆ ਰਹੀ ਹੈ। ਪੱਛਮੀ ਬੰਗਾਲ ਵਿਚ ਹਾਰ ਤੋਂ ਬਾਅਦ ਮਮਤਾ ਬੈਨਰਜੀ ਦੀ ਪਾਰਟੀ ਖਿੰਡ-ਪੁੰਡ ਗਈ। ਤਾਮਿਲਨਾਡੂ ਦੀਆਂ ਚੋਣਾਂ ਤੋਂ ਬਾਅਦ ਉਥੋਂ ਦੀ ਸੱਤਾਧਾਰੀ ਰਹੀ ਡੀ. ਐਮ. ਕੇ. ਕਾਂਗਰਸ ਤੋਂ ਦੂਰ ਹੋ ਗਈ। ਮਹਾਰਾਸ਼ਟਰ ਦੀ ਊਧਵ ਠਾਕਰੇ ਦੀ ਪਾਰਟੀ ਦੇ 8 ਵਿਚੋਂ 5 ਐਮ. ਪੀ. ਖਿਸਕਦੇ ਨਜ਼ਰ ਆ ਰਹੇ ਹਨ। ਕਾਂਗਰਸ ਨੂੰ ਡਰ ਹੈ ਕਿ ਕਿਤੇ ਭਾਜਪਾ ਉਸ ਦੇ ਧੜੇ ਵਿਚ ਸੰਨ੍ਹ ਮਾਰ ਕੇ ਦੋ-ਤਿਹਾਈ ਬਹੁਮਤ ਨਾ ਪ੍ਰਾਪਤ ਕਰ ਲਵੇ। ਅਜਿਹੀ ਸੂਰਤ ਵਿਚ ਭਾਜਪਾ ਡੀਲਿਮੀਟੇਸ਼ਨ ਕਰਵਾ ਲਵੇਗੀ ਅਤੇ ਫਿਰ ਕਾਂਗਰਸ ਦੀ ਸੱਤਾ ਪ੍ਰਾਪਤੀ ਦੀ ਸੰਭਾਵਨਾ ਲਗਭਗ ਖਤਮ ਹੋ ਜਾਵੇਗੀ। ਪਰ ਅਜਿਹਾ ਨਹੀਂ ਹੈ, ਜੇਕਰ ਲੋਕ ਸਭਾ ਦੀਆਂ 850 ਸੀਟਾਂ ਹੋ ਜਾਂਦੀਆਂ ਹਨ ਤਾਂ ਵਿਰੋਧੀ ਪਾਰਟੀਆਂ ਨੂੰ ਵੀ ਵਧੀਆਂ ਸੀਟਾਂ ਦਾ ਫਾਇਦਾ ਮਿਲੇਗਾ। ਪਰ ਕਾਂਗਰਸ ਜੇਕਰ ਵਿਰੋਧੀ ਧਿਰ ਦੇ ਲੀਡਰ ਵਾਲੀ ਆਪਣੀ ਹੈਸੀਅਤ ਗੁਆ ਗਈ ਤਾਂ ਇਹ ਪਾਰਟੀ ਤੀਜੇ ਜਾਂ ਚੌਥੇ ਨੰਬਰ ਤੇ ਜਾ ਸਕਦੀ ਹੈ ਕਿਉਂਕਿ ਯੂ. ਪੀ. ਵਰਗੀ ਸਟੇਟ ਵਿਚ ਜੇਕਰ ਉਥੋਂ ਦੀ ਖੇਤਰੀ ਪਾਰਟੀ ਸਮਾਜਵਾਦੀ ਪਾਰਟੀ ਕਾਂਗਰਸ ਤੋਂ ਵੱਧ ਸੀਟਾਂ ਲੈ ਆਈ ਤਾਂ ਵਿਰੋਧੀ ਧਿਰ ਦੀ ਦਾਅਵੇਦਾਰੀ ਉਸ ਕੋਲ ਜਾ ਸਕਦੀ ਹੈ। ਸੀ. ਜੇ. ਪੀ. ਤੋਂ ਵੀ ਕਾਂਗਰਸ ਦੂਰੀ ਬਣਾ ਕੇ ਚੱਲ ਰਹੀ ਹੈ ਕਿਉਂਕਿ ਜੇਕਰ ਸੱਤਾ ਵਿਰੋਧੀ ਲਹਿਰ ਵਿਚ ਕਿਤੇ ਇਹ ਪਾਰਟੀ ਜਿੱਤ ਗਈ ਤਾਂ ਕਾਂਗਰਸ ਦਾ ਪੱਤਾ ਸਾਫ ਹੋ ਸਕਦਾ ਹੈ। ਜਿਵੇਂ ਕੇਜਰੀਵਾਲ ਕਾਰਨ ਦਿੱਲੀ ਵਿਚ ਕਾਂਗਰਸ ਦਾ ਪੱਤਾ ਸਾਫ ਹੋਇਆ ਸੀ। ਕੇਜਰੀਵਾਲ ਹੁਣ ਆਪਣਾ ਲੌ-ਲਸ਼ਕਰ ਗੁਆ ਚੁੱਕੇ ਲੱਗਦੇ ਹਨ, ਜੇਕਰ ਪੰਜਾਬ ਵਿਚ ਦੁਬਾਰਾ ਨਾ ਜਿੱਤੇ ਤਾਂ ਇਹ ਪਾਰਟੀ ਹਾਸ਼ੀਏ 'ਤੇ ਜਾ ਸਕਦੀ ਹੈ।ਇਸ ਕਰਕੇ ਕਾਂਗਰਸ ਚੋਣ ਕਮਿਸ਼ਨ ਦੇ ਬਹਾਨੇ ਆਪਣੀ ਲੀਡਰਸ਼ਿਪ ਨੂੰ ਚਮਕਾਉਣਾ ਚਾਹੁੰਦੀ ਹੈ ਅਤੇ ਮੋਦੀ ਵਿਰੋਧੀ ਕੋਈ ਸੰਭਾਵੀ ਲਹਿਰ ਨੂੰ ਆਪਣੇ ਪੱਖ ਵਿਚ ਉਲਟਾਉਣ ਲਈ ਤਰਲੇ ਮਾਰ ਰਹੀ ਹੈ।

**ਚੋਣ ਕਮਿਸ਼ਨ ਦਾ ਵਿਰੋਧ ਕੀ ਹਾਲਾਤ ਬਦਲੇਗਾ?**

ਜਿੱਥੋਂ ਤੱਕ ਚੋਣ ਕਮਿਸ਼ਨ ਦੇ ਵਿਰੋਧ ਦਾ ਸਵਾਲ ਹੈ, ਕਾਂਗਰਸ ਤਾਂ ਕੀ ਇਸ ਵਕਤ ਭਾਜਪਾ ਵੀ ਉਹਨਾਂ ਨੂੰ ਨਹੀਂ ਹਟਾ ਸਕਦੀ। ਚੋਣ ਕਮਿਸ਼ਨਰ ਇਕ ਸੰਵਿਧਾਨਕ ਸੰਸਥਾ ਹੈ, ਉਸ ਨੂੰ ਹਟਾਉਣ ਲਈ ਲੋਕ ਸਭਾ ਵਿਚ 67 ਫੀਸਦੀ ਦਾ ਬਹੁਮਤ ਚਾਹੀਦਾ ਹੈ, ਨਾ ਰਾਸ਼ਟਰਪਤੀ, ਨਾ ਸੁਪਰੀਮ ਕੋਰਟ ਉਸ ਨੂੰ ਹਟਾ ਸਕਦਾ ਹੈ। ਇੰਨਾ ਬਹੁਮਤ ਨਾ ਭਾਜਪਾ ਕੋਲ ਹੈ ਅਤੇ ਨਾ ਹੀ ਕਾਂਗਰਸ ਕੋਲ। ਕਾਂਗਰਸ ਸ਼ਾਇਦ ਇਹ ਵੀ ਸਮਝ ਰਹੀ ਹੈ ਕਿ ਉਹ ਭਾਜਪਾ ਨੂੰ ਚੋਣਾਂ ਵਿਚ ਨਹੀਂ ਹਰਾ ਸਕਦੀ, ਇਸ ਕਰਕੇ ਸੰਵਿਧਾਨਕ ਸੰਸਥਾਵਾਂ ਤੇ ਹਮਲੇ ਕਰਕੇ ਆਪਣੀ ਹਾਰ ਨੂੰ ਲੁਕੋਅ ਜ਼ਰੂਰ ਸਕਦੀ ਹੈ।

**ਕੇਜਰੀਵਾਲ ਅਤੇ ਦਿੱਲੀ ਕਮੇਟੀ ਦਾ ਮਸਲਾ**

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਡੀ. ਐੱਸ. ਜੀ. ਐੱਮ. ਸੀ.) ਦੀ ਸ਼ਿਕਾਇਤ ਤੋਂ ਬਾਅਦ ਦਿੱਲੀ ਪੁਲੀਸ ਨੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ, ਪਾਰਟੀ ਵਿਧਾਇਕਾਂ ਅਤੇ ਹੋਰ ਆਗੂਆਂ ਖ਼ਿਲਾਫ਼ ਮਾਮਲਾ (ਐੱਫ.ਆਈ.ਆਰ.) ਦਰਜ ਕਰ ਲਈ ਹੈ। 'ਆਪ' ਆਗੂਆਂ 'ਤੇ ਇਤਿਹਾਸਕ ਗੁਰਦੁਆਰਾ ਬੰਗਲਾ ਸਾਹਿਬ ਕੰਪਲੈਕਸ ਦੀ ਮਰਿਆਦਾ ਭੰਗ ਕਰਨ, ਹੰਗਾਮਾ ਕਰਨ ਅਤੇ ਬਾਅਦ ਵਿੱਚ ਸੋਸ਼ਲ ਮੀਡੀਆ 'ਤੇ ਭਰਮਾਊ ਵੀਡੀ ਤੇ ਪੋਸਟਾਂ ਵਾਇਰਲ ਕਰਨ ਦੇ ਗੰਭੀਰ ਦੋਸ਼ ਲਗਾਏ ਗਏ ਹਨ।

ਦਿੱਲੀ ਪੁਲਿਸ ਮੁਤਾਬਕ ਸ਼ਿਕਾਇਤ ਨਾਲ ਸੌਂਪੀ ਗਈ ਵੀਡੀਓ ਫੁਟੇਜ ਦੀ ਜਾਂਚ ਕੀਤੀ ਜਾ ਰਹੀ ਹੈ। ਸ਼ਿਕਾਇਤ ਵਿੱਚ ਦੋਸ਼ ਲਾਇਆ ਕਿ 'ਆਪ' ਦੇ ਵਰਕਰਾਂ ਅਤੇ ਸਮਰਥਕਾਂ ਨੇ ਇੱਕ ਯੋਜਨਾਬੱਧ ਤਰੀਕੇ ਨਾਲ ਗੁਰਦੁਆਰਾ ਬੰਗਲਾ ਸਾਹਿਬ ਦੀ ਪਰਿਕਰਮਾ ਤੇ ਕੰਪਲੈਕਸ ਵਿੱਚ ਦਾਖ਼ਲ ਹੋ ਕੇ ਸਿਆਸੀ ਪ੍ਰਦਰਸ਼ਨ ਕੀਤਾ, ਜਿਸ ਨਾਲ ਗੁਰਦੁਆਰਾ ਸਾਹਿਬ ਦੀ ਪਵਿੱਤਰਤਾ ਪ੍ਰਭਾਵਿਤ ਹੋਈ।

## ਮਠਿਆਈ ਦੀ ਦੁਕਾਨ ਤੋਂ ਵੱਡੇ ਕੈਂਪਸ ਵਾਲੀ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਤੱਕ ਦਾ ਸਫ਼ਰ

ਕਪੂਰਥਲਾ ਜ਼ਿਲ੍ਹੇ ਦੇ ਫਗਵਾੜਾ ਵਿੱਚ ਸਥਿਤ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ, ਭਾਵ ਐੱਲਪੀਯੂ, ਪਿਛਲੇ ਕੁਝ ਦਿਨਾਂ ਤੋਂ ਵਿਦਿਆਰਥੀਆਂ ਦੇ ਵਿਰੋਧ ਕਾਰਨ ਸੁਰਖੀਆਂ ਵਿੱਚ ਹੈ। ਵਿਦਿਆਰਥੀਆਂ ਦਾ ਇਹ ਪ੍ਰਦਰਸ਼ਨ ਹਿੰਸਕ ਵੀ ਹੋ ਗਿਆ। ਇਸ ਦੌਰਾਨ ਭੰਨ-ਤੋੜ, ਪਥਰਾਅ, ਅੱਗ ਲਗਾਉਣ ਦੀਆਂ ਘਟਨਾਵਾਂ ਅਤੇ ਜਲੰਧਰ-ਫਗਵਾੜਾ ਨੈਸ਼ਨਲ ਹਾਈਵੇ-44 ਨੂੰ ਰੋਕਣ ਦੀਆਂ ਘਟਨਾਵਾਂ ਸਾਹਮਣੇ ਆਈਆਂ। ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਦੇਸ਼-ਵਿਦੇਸ਼ ਦੇ ਹਜ਼ਾਰਾਂ ਵਿਦਿਆਰਥੀਆਂ ਦਾ ਇੱਕ ਵੱਡਾ ਸਿੱਖਿਆ ਕੇਂਦਰ ਹੈ। ਅਜਿਹੇ ਵਿੱਚ ਇਸ ਰਿਪੋਰਟ ਵਿੱਚ ਜਾਣਨ ਦੀ ਕੋਸ਼ਿਸ਼ ਕਰਾਂਗੇ ਕਿ ਯੂਨੀਵਰਸਿਟੀ ਵਿੱਚ ਵਿਦਿਆਰਥੀਆਂ ਦੇ ਰੋਸ ਦੀ ਵਜ੍ਹਾ ਕੀ ਹੈ। ਇਸ ਤੋਂ ਇਲਾਵਾ ਇਹ ਵੀ ਜਾਣਾਂਗੇ ਕਿ 600 ਏਕੜ ਤੋਂ ਵੱਧ ਵਿੱਚ ਫੈਲੇ ਇਸ ਕੈਂਪਸ ਦੀ ਸ਼ੁਰੂਆਤ ਕਿਵੇਂ ਹੋਈ ਅਤੇ ਕਿਵੇਂ 2005 ਵਿੱਚ ਪੰਜਾਬ ਵਿਧਾਨ ਸਭਾ ਵੱਲੋਂ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਦੀ ਸਥਾਪਨਾ ਲਈ ਕਾਨੂੰਨ ਪਾਸ ਕੀਤਾ ਗਿਆ। ਸਭ ਤੋਂ ਪਹਿਲਾਂ ਜਾਣਦੇ ਹਾਂ ਕਿ ਤਾਜ਼ਾ ਵਿਰੋਧ ਦੀ ਸ਼ੁਰੂਆਤ 27 ਸਤੰਬਰ ਦੀ ਤੜਕੇ ਕੁੜੀਆਂ ਦੇ ਹੋਸਟਲ-3 ਦੇ ਨੇੜੇ ਹੋਈ। ਕੁਝ ਵਿਦਿਆਰਥੀਆਂ ਵੱਲੋਂ ਦਾਅਵਾ ਕੀਤਾ ਗਿਆ ਕਿ ਯੂਨੀਵਰਸਿਟੀ ਕੈਂਪਸ ਵਿੱਚ ਇੱਕ ਵਿਦਿਆਰਥਣ ਨਾਲ ਜਿਨਸੀ ਸ਼ੋਸ਼ਣ ਹੋਇਆ ਹੈ। ਇਹ ਇਲਜ਼ਾਮ ਵੀ ਲਗਾਇਆ ਗਿਆ ਕਿ ਹੋਸਟਲ ਵਾਰਡਨ ਨੂੰ ਇਸ ਬਾਰੇ ਜਾਣਕਾਰੀ ਦਿੱਤੀ ਗਈ ਸੀ, ਪਰ ਤੁਰੰਤ ਕਾਰਵਾਈ ਨਹੀਂ ਕੀਤੀ ਗਈ। ਰਾਜ ਸਭਾ ਮੈਂਬਰ ਅਸ਼ੋਕ ਮਿੱਤਲ ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ ਦੇ ਫਾਊਂਡਰ ਚਾਂਸਲਰ ਹਨ। ਅਸ਼ੋਕ ਮਿੱਤਲ ਆਮ ਆਦਮੀ ਪਾਰਟੀ ਤੋਂ ਸੰਸਦ ਮੈਂਬਰ ਸਨ ਪਰ ਉਹ ਪਾਰਟੀ ਬਦਲ ਕੇ ਭਾਜਪਾ ਵਿੱਚ ਸ਼ਾਮਲ ਹੋ ਗਏ ਹਨ। ਯੂਨੀਵਰਸਿਟੀ ਦੀ ਸ਼ੁਰੂਆਤ ਇੱਕ ਛੋਟੀ ਜਿਹੀ ਮਠਿਆਈ ਦੀ ਦੁਕਾਨ ਤੋਂ ਹੋਈ ਸੀ। ਦਰਅਸਲ, ਅਸ਼ੋਕ ਮਿੱਤਲ ਦੇ ਪਿਤਾ ਬਲਦੇਵ ਰਾਜ ਮਿੱਤਲ 1947 ਦੀ ਵੰਡ ਤੋਂ ਬਾਅਦ ਰਾਜਸਥਾਨ ਦੇ ਜੈਪੁਰ ਤੋਂ ਪੰਜਾਬ ਦੇ ਜਲੰਧਰ ਕੈਂਟ ਆਏ ਸਨ। ਸਾਲ 1961 ਵਿੱਚ ਉਨ੍ਹਾਂ ਨੇ ਜਲੰਧਰ ਛਾਉਣੀ ਵਿੱਚ 'ਲਵਲੀ ਸਵੀਟਸ' ਨਾਂ ਦੀ ਇੱਕ ਛੋਟੀ ਜਿਹੀ ਮਿਠਾਈ ਦੀ ਦੁਕਾਨ ਸ਼ੁਰੂ ਕੀਤੀ। ਆਪਣੇ ਸੁਆਦ ਅਤੇ ਮਿਆਰ ਸਦਕਾ ਇਹ ਦੁਕਾਨ ਬਹੁਤ ਮਸ਼ਹੂਰ ਹੋ ਗਈ ਅਤੇ ਕਾਰੋਬਾਰ ਵਧਦਾ ਗਿਆ। ਬਲਦੇਵ ਰਾਜ ਮਿੱਤਲ ਦੁਕਾਨ ਖੋਲ੍ਹਣ ਤੋਂ ਪਹਿਲਾਂ ਸਾਂਝੇ ਪੰਜਾਬ ਦੇ ਸਿਆਲਕੋਟ ਵਿੱਚ ਡਿਫ਼ੈਂਸ ਠੇਕੇਦਾਰ ਸਨ, ਪਰ ਇੱਕ ਅਫ਼ਸਰ ਨਾਲ ਕੁਝ ਤਕਰਾਰ ਹੋਣ ਕਰਕੇ ਉਨ੍ਹਾਂ ਨੇ ਠੇਕੇਦਾਰੀ ਦਾ ਕੰਮ ਛੱਡ ਕੇ ਦੁਕਾਨ ਸ਼ੁਰੂ ਕੀਤੀ। ਅਸ਼ੋਕ ਮਿੱਤਲ ਅਕਸਰ ਦੱਸਦੇ ਹਨ ਕਿ ਉਨ੍ਹਾਂ ਦੇ ਪਿਤਾ ਨੇ ਫੌਜ ਵਿੱਚ ਇੱਕ ਦੋਸਤ ਤੋਂ 500 ਰੁਪਏ ਉਧਾਰੇ ਲੈ ਕੇ ਦੁਕਾਨ ਖੋਲ੍ਹੀ ਸੀ। ਅਸ਼ੋਕ ਮਿੱਤਲ ਨੇ ਇਕ ਮੁਲਾਕਾਤ ਵਿਚ ਦੱਸਿਆ ਸੀ ਕਿ ਫੌਜ ਦੇ ਇੱਕ ਬਹੁਤ ਸੀਨੀਅਰ ਅਫ਼ਸਰ ਦੇ ਕਹਿਣ 'ਤੇ ਹੀ ਉਨ੍ਹਾਂ ਦੇ ਪਿਤਾ ਨੇ ਦੁਕਾਨ ਦਾ ਨਾਮ 'ਲਵਲੀ ਸਵੀਟਸ' ਰੱਖਿਆ ਸੀ। ਮਠਿਆਈ ਦੀ ਇੱਕ ਦੁਕਾਨ ਤੋਂ ਹੋਰ ਦੁਕਾਨਾਂ ਅਤੇ ਫਿਰ ਆਟੋਮੋਬਾਈਲ ਖੇਤਰ ਵਿੱਚ ਮਿੱਤਲ ਪਰਿਵਾਰ ਨੇ ਕਾਰੋਬਾਰ ਵਧਾਇਆ। ਇਸ ਤੋਂ ਬਾਅਦ ਸਾਲ 2005 ਵਿੱਚ ਅਸ਼ੋਕ ਮਿੱਤਲ ਨੇ ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ ਬਣਾਈ।




**ਛੋਟੇ ਕੋਰਸਾਂ ਤੋਂ ਯੂਨੀਵਰਸਿਟੀ ਤੱਕ ਦਾ ਸਫ਼ਰ**

ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਅੱਜ ਭਾਵੇਂ ਇੱਕ ਵੱਡੀ ਪ੍ਰਾਈਵੇਟ ਯੂਨੀਵਰਸਿਟੀ ਹੈ, ਪਰ ਇਸ ਦੀ ਸ਼ੁਰੂਆਤ ਯੂਨੀਵਰਸਿਟੀ ਦੇ ਰੂਪ ਵਿੱਚ ਨਹੀਂ ਹੋਈ ਸੀ। ਐੱਲਪੀਯੂ ਦੀ ਅਧਿਕਾਰਤ ਵੈੱਬਸਾਈਟ ਮੁਤਾਬਕ 2001 ਵਿੱਚ ਫਗਵਾੜਾ ਵਿੱਚ ਪਹਿਲਾ ਵਪਾਰ ਅਤੇ ਸੂਚਨਾ ਤਕਨਾਲੋਜੀ ਸਕੂਲ ਸ਼ੁਰੂ ਕੀਤਾ ਗਿਆ ਸੀ। ਫਿਰ 2002 ਵਿੱਚ ਇੰਜੀਨੀਅਰਿੰਗ ਸੰਸਥਾਵਾਂ ਅਤੇ ਬੀ.ਫਾਰਮਾ ਤੇ ਐੱਮ.ਫਾਰਮਾ ਦੇ ਪ੍ਰੋਗਰਾਮ ਸ਼ੁਰੂ ਹੋਏ। 2003 ਵਿੱਚ ਕਾਨੂੰਨ ਅਤੇ ਸਿੱਖਿਆ ਨਾਲ ਸਬੰਧਤ ਕੋਰਸ ਸ਼ੁਰੂ ਹੋਏ ਅਤੇ 2004 ਵਿੱਚ ਇਮਾਰਤੀ ਨਕਸ਼ਾ-ਸਾਜ਼ੀ ਅਤੇ ਵਾਸਤੂਕਲਾ ਦੇ ਪ੍ਰੋਗਰਾਮ ਵੀ ਆਏ। ਇਸ ਪੂਰੇ ਵਿਸਥਾਰ ਤੋਂ ਬਾਅਦ 2005 ਵਿੱਚ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਦੀ ਸਥਾਪਨਾ ਹੋਈ। 2006 ਵਿੱਚ ਇਸ ਨੂੰ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ, ਭਾਵ ਯੂਜੀਸੀ, ਤੋਂ ਮਾਨਤਾ ਮਿਲੀ। ਸੰਸਦ ਮੈਂਬਰ ਤੇ ਫਾਊਂਡਰ ਚਾਂਸਲਰ ਅਸ਼ੋਕ ਮਿੱਤਲ ਦੱਸਦੇ ਹਨ ਕਿ ਪਹਿਲਾਂ ਭਾਰਤ ਵਿੱਚ ਪ੍ਰਾਈਵੇਟ ਸੈਕਟਰ ਲਈ ਯੂਨੀਵਰਸਿਟੀ ਬਣਾਉਣਾ ਕਾਨੂੰਨ ਵਿੱਚ ਨਹੀਂ ਸੀ। ਜਦੋਂ ਲਵਲੀ ਇੰਸਟੀਚਿਊਟ ਆਫ਼ ਟੈਕਨਾਲੋਜੀ ਨੂੰ ਯੂਨੀਵਰਸਿਟੀ ਬਣਾਇਆ ਗਿਆ, ਉਦੋਂ ਪੰਜਾਬ ਵਿੱਚ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਦੀ ਸਰਕਾਰ ਸੀ। ਉਨ੍ਹਾਂ ਦੱਸਿਆ, "25 ਜੁਲਾਈ 2005 ਨੂੰ ਪੰਜਾਬ ਸਰਕਾਰ ਅਤੇ ਲਵਲੀ ਇੰਟਰਨੈਸ਼ਨਲ ਟਰੱਸਟ ਵਿਚਕਾਰ ਸਮਝੌਤਾ ਹੋਇਆ।

# ਬਾਬਾ ਬੰਦਾ ਸਿੰਘ ਬਹਾਦਰ ਨਾਟਕ- ਸੁਰਿੰਦਰ ਧਨੋਆ















## ਸੁਰਿੰਦਰ ਧਨੋਆ ਦੁਆਰਾ ਖੇਡੇ ਗਏ ਨਾਟਕਾਂ ਦੀ ਸੂਚੀ (ਪੰਜਾਬ ਲੋਕ ਰੰਗ) 2006 ਤੋਂ 2026

1. ਸਰਦਲ ਦੇ ਆਰ-ਪਾਰ
2. ਗਦਰ ਐਕਸਪ੍ਰੈਸ
3. ਮਿੱਟੀ ਰੁਦਨ ਕਰੇ
4. ਹੁਕਮੋ ਦੀ ਹਵੇਲੀ
5. ਉਮਰਾਂ ਲੰਘੀਆਂ ਪੱਬਾਂ ਭਾਰ
6. ਪੱਤਣਾਂ ਤੇ ਰੋਣ ਖੜ੍ਹੀਆਂ
7. ਗੁਰੂ ਮਾਨਿਓ ਗ੍ਰੰਥ
8. ਰਾਣੀ ਜਿੰਦਾ
9. ਮਿਟੀ ਧੁੰਦ ਜਗੁ ਚਾਨਣ ਹੋਆ
10. ਜ਼ਫਰਨਾਮਾ
11. ਬਾਬਾ ਬੰਦਾ ਸਿੰਘ ਬਹਾਦਰ।

ਯੂਨੀਅਨ ਸਿਟੀ- ਸਤੰਬਰ 2026 ਨੂੰ ਨਾਟਕ ਬਾਬਾ ਬੰਦਾ ਸਿੰਘ ਬਹਾਦਰ ਖੇਡਿਆ ਗਿਆ। ਇਸ ਨਾਟਕ ਨੂੰ ਲਿਖਿਆ ਤੇ ਡਾਇਰੈਕਟ ਕੀਤਾ ਸ. ਸੁਰਿੰਦਰ ਸਿੰਘ ਧਨੋਆ ਹੋਰਾਂ ਨੇ।

ਇਸ ਧਾਰਮਿਕ ਨਾਟਕ ਤੋਂ ਪਹਿਲਾਂ ਹੋਰ 11 ਨਾਟਕ ਖੇਡੇ ਜਾ ਚੁੱਕੇ ਹਨ, ਜਿਹਨਾਂ ’ਚ ਬਹੁਤ ਹੀ ਮਸ਼ਹੂਰ ਰਹੇ ’ਪੱਤਣਾਂ ਤੇ ਰੋਣ ਖੜੀਆਂ’, ’ਰਾਣੀ ਜਿੰਦਾ’, ’ਜ਼ਫਰਨਾਮਾ’ ਆਦਿ

ਸਭ ਤੋਂ ਜ਼ਰੂਰੀ ਜੋ ਹੈ ਕਿ ਸ. ਸੁਰਿੰਦਰ ਸਿੰਘ ਧਨੋਆ ਇੰਨੀ ਮਿਹਨਤ ਨਾਲ ਨਾਟਕ ਦੀ ਤਿਆਰੀ ਕਰਾਉਂਦੇ ਹਨ ਕਿ ਆਮ ਇਨਸਾਨ ਜੇ ਰਿਹਰਸਲ ਵਿਚ ਆ ਜਾਵੇ, ਇਹ ਉਹਨਾਂ ਨੂੰ ਕੁਝ ਇਕ ਹਫਤਿਆਂ ਵਿਚ ਬਹੁਤ ਵਧੀਆ ਕਲਾਕਾਰ ਦੇ ਤੌਰ ’ਤੇ ਤਿਆਰ ਕਰ ਦਿੰਦੇ ਹਨ।

ਇਕ ਹੋਰ ਇਕ ਕਲਾਕਾਰਾਂ ਦੀ ਚੋਣ ਵੇਲੇ 30-40 ਦਾ ਤਜ਼ਰਬਾ ਨਾਲ ਲੈ ਕੇ ਤਿਆਰੀ ਕਰਵਾਉਂਦੇ ਹਨ। ਮੈਨੂੰ ਤਕਰੀਬਨ ਸਾਰੇ ਨਾਟਕਾਂ ਦੀ ਤਿਆਰੀ ਵੇਲੇ ਜਾਣ ਦਾ ਮੌਕਾ ਮਿਲਦਾ ਰਿਹਾ ਅਤੇ ਨਾਟਕਾਂ ਦੀ ਪੇਸ਼ਕਸ਼ ਤੋਂ ਪਹਿਲਾਂ ਇੰਨੀ ਮਿਹਨਤ ਕਰਾਉਣਾ ਕਿ ਜੋ ਇਨਸਾਨ ਪਹਿਲੀ ਵਾਰ ਵੀ ਸਿੱਖਣ ਲਈ ਆਉਂਦਾ ਧਨੋਆ ਸਾਹਿਬ ਦੀ ਮਿਹਨਤ ਸਦਕਾ ਨਾਟਕ ਦੀ ਪੇਸ਼ਕਾਰੀ ਵੇਲੇ ਉਹ ਸਾਰੇ ਹੀ ਕਲਾਕਾਰ ਜੋ ਪਹਿਲੀ ਵਾਰ ਵੀ ਸਿੱਖਣ ਲਈ ਆਉਂਦੇ। ਉਹ ਵਧੀਆ ਕਲਾਕਾਰ ਬਣ-ਬਣ ਨਿਕਲਦੇ ਕਿ ਇਲਾਕੇ ਦੇ ਲੋਕ ਜਦੋਂ ਇਹਨਾਂ ਦਾ ਨਵਾਂ ਨਾਟਕ ਵੇਖਣ ਆਉਂਦੇ ਇਹਨਾਂ ਦੀ ਮਿਹਨਤ ਦੇ ਰੰਗ ਵੇਖ-ਵੇਖ ਦੰਗ ਰਹਿ ਜਾਂਦੇ ਹਨ।

ਨਾਟਕ ਜੋ ਯੂਨੀਅਨ ਸਿਟੀ ’ਚ ਖੇਡਿਆ ਗਿਆ, ਉਸ ਵਿਚ ਧਨੋਆ ਸਾਹਿਬ ਨੇ ਇਤਿਹਾਸ ਨੂੰ ਚੰਗੀ ਤਰ੍ਹਾਂ ਘੋਖ ਕੇ, ਹਰ ਪਹਿਲੂ ਨੂੰ ਪੜ੍ਹ ਕੇ ਹੀ ਤਿਆਰ ਕੀਤਾ ਤੇ 594 ਸੀਟਾਂ ਵਾਲਾ ਹਾਲ ਹੈ, ’ਚ ਕੋਈ ਵੀ ਸੀਟ ਖਾਲੀ ਨਹੀਂ ਸੀ ਤੇ ਕੁਝ ਇਕ ਪਰਿਵਾਰ ਘਰਾਂ ਨੂੰ ਮੁੜ ਕੇ ਵੀ ਜਾਂਦੇ ਵੇਖਣ ਕਾਰਨ ਟਿਕਟਾਂ ਪਹਿਲਾਂ ਹੀ ਵਿਕ ਚੁੱਕੀਆਂ ਸਨ। ਨਾਟਕ ਦੇ ਰੁਪਾਂਤਰ ਨੂੰ ਇਵੇਂ ਪੇਸ਼ ਕੀਤਾ ਗਿਆ, ਜਿਵੇਂ ਅਸਲੀਅਤ ਵਿਚ ਇਹ ਸਭ ਦੇ ਸਾਹਮਣੇ ਬੀਤ ਰਿਹਾ ਹੋਵੇ।

ਵੇਸਭੂਸ਼ਾ ਏਨੀਆਂ ਚੰਗੀਆਂ ਸਨ, ਇਵੇਂ ਲੱਗ ਰਿਹਾ ਸੀ ਕਿ ਸੱਚੀ ਰਾਜੇ ਦੇ ਮਹਿਲ ਵਿਚ ਉਹਨਾਂ ਦੀ ਖਲਕਤ ਸਾਹਮਣੇ ਕੁਝ ਫੈਸਲੇ ਹੋ ਰਹੇ ਹਨ। ਕਲਾਕਾਰਾਂ ਨੇ ਇਕ-ਇਕ ਦ੍ਰਿਸ਼ ਨੂੰ ਵਿਖਾਉਣ ਲਈ ਅਸਲ ਦੀ ਜ਼ਿੰਦਗੀ ਨਾਲ ਜੁੜਦਾ ਵਿਖਾਇਆ।

ਇੱਥੇ ਤੱਕ ਕਿ ਛੋਟੇ ਤਿੰਨ ਬੱਚੇ ਵੀ ਡਾਇਲਾਗ ਇੰਨੇ ਵਧੀਆ ਬੋਲ ਰਹੇ ਹਨ, ਜਿਵੇਂ ਬਹੁਤ ਹੀ ਜ਼ਿਆਦਾ ਸਿਖਲਾਈ ਲਈ ਹੋਵੇ। ਸਕਰੀਨ ਤੇ ਬੈਕ-ਗਰਾਊਂਡ ਮਿਊਜ਼ਿਕ ਤੇ ਦ੍ਰਿਸ਼ਾਂ ਨੂੰ ਬਿਲਕੁਲ ਮੇਲ ਤੇ ਸੁਚੱਜੇ ਢੰਗ ਨਾਲ ਤਿਆਰ ਕਰਵਾਇਆ ਹੋਇਆ ਸੀ।

ਉਮੀਦ ਹੈ ਕੈਲੇਫੋਰਨੀਆ ’ਚ ਅਗਲੇ 4 ਸ਼ਹਿਰਾਂ ਵਿਚ ਇਹ ਨਾਟਕ ਖੇਡਣ ਮਗਰੋਂ ਇਹ ਦੂਸਰੇ ਦੇਸ਼ਾਂ ਵਿਚ ਨਾਟਕ ਖੇਡਣ ਲਈ ਜਾਣ।

ਕੁੱਲ ਮਿਲਾ ਕੇ ਇਹ ਕਹਿ ਸਕਦੇ ਹਾਂ ਕਿ ਡਾਇਲਾਗ ਬਹੁਤ ਹੀ ਸੁਚੱਜੇ ਢੰਗ ਨਾਲ ਬੋਲੇ ਗਏ।

ਕੋਈ ਕਲਾਕਾਰ ਭੁੱਲਿਆ ਨਹੀਂ ਕਿਸੇ ਵੀ ਡਾਇਲਾਗ ਬੋਲਣ ਵੇਲੇ। ਸੀਨ ਬਦਲਣ ਲਈ ਬਹੁਤ ਘੱਟ ਸਮਾਂ ਲਿਆ ਗਿਆ।

ਦੋ ਘੰਟੇ 20 ਮਿੰਟ ਦੇ ਨਾਟਕ ’ਚ ਬਹੁਤ ਹੀ ਇਤਿਹਾਸ ਦੀ ਗੱਲ ਕੀਤੀ ਗਈ ਹੈ। ਅਗਲੇ ਸ਼ਹਿਰਾਂ ਵਿਚ ਇਹ ਨਾਟਕ ਹੋਰ ਵੀ ਪਾਏਦਾਰ ਤਰੀਕੇ ਨਾਲ ਖੇਡਿਆ ਜਾਵੇਗਾ। ਇਹ ਮੇਰੀ ਸੋਚ ਦੀ ਪ੍ਰਪੱਕਤਾ ਹੈ। ਸੁਰਿੰਦਰ ਸਿੰਘ ਧਨੋਆ ਤੇ ਪੂਰੀ ਟੀਮ ਨੂੰ ਇਸ ਕਾਮਯਾਬੀ ਲਈ ਬਹੁਤ ਬਹੁਤ ਵਧਾਈ।

ਆਖਿਰ *ਚ ਇਹ ਨਾਟਕ ਪਿਛਲੇ ਹਫਤੇ ਰਿ-ਚਮੰਡ *ਚ ਭਰੇ ਹਾਲ *ਚ ਖੇਡਿਆ ਗਿਆ, ਜਿੱਥੋਂ ਬਹੁਤ ਸਾਰੇ ਦਰਸ਼ਕਾਂ ਦੇ ਵਧਾਈ ਦੇ ਫੋਨ ਡਾਇਰੈਕਟਰ ਸੁਰਿੰਦਰ ਧਨੋਆ ਤੱਕ ਪਹੁੰਚ ਰਹੇ ਹਨ।

**- ਬਲਬੀਰ ਸਿੰਘ ਐਮ. ਏ.**

# ਕਲੀਵਲੈਂਡ ਦੇ ਗੁਰੂ ਘਰਾਂ ’ਚ ਬਾਣੀ ਦਾ ਆਨੰਦ ਪ੍ਰਾਪਤ ਕੀਤਾ















**ਓਹਾਇਓ (ਕਲੀਵਲੈਂਡ)–** ਉਥੇ ਸਾਨੂੰ ਦੋ ਗੁਰੂ ਘਰਾਂ ’ਚ ਜਾ ਕੇ ਦਰਸ਼ਨ ਕਰਨ ਦਾ ਮੌਕਾ ਮਿਲਿਆ। ਗੁਰਦੁਆਰਾ ਕਲੀਵਲੈਂਡ ’ਚ ਜਾ ਕੇ ਨਤਮਸਤਕ ਹੋਣ ਦਾ ਮੌਕਾ ਮਿਲਿਆ।

ਉਸ ਗੁਰੂ ਘਰ ’ਚ ਗੁਰੂ ਘਰ ਦੇ ਰਾਗੀ ਸਾਹਿਬਾਨ ਵੱਲੋਂ ਬਹੁਤ ਰਸਭਿੰਨਾ ਕੀਰਤਨ ਕਰਕੇ ਸੰਗਤ ਨੂੰ ਨਿਹਾਲ ਕੀਤਾ ਗਿਆ। ਕਈ ਰਾਗੀ ਸਾਹਿਬਾਨ ਦੇ ਕੰਠ ਵਿਚ ਬਹੁਤ ਰਸ ਹੁੰਦਾ ਹੈ, ਉਹ ਅੱਜ ਇੱਥੇ ਰਾਗੀ ਸਾਹਿਬਾਨ ਜੀ ਦੇ ਕੀਰਤਨ ਕਰਦਿਆਂ ਇਕ ਗੱਲ ਯਾਦ ਆ ਰਹੀ ਹੈ, ਜਦੋਂ ਉਸ ਗੁਰੂ ਘਰ ’ਚ ਕੀਰਤਨ ਹੋ ਰਿਹਾ ਸੀ ਤੇ ਨਜ਼ਾਰਾ ਬਹੁਤ ਹੀ ਅਲੋਕਿਕ ਸੀ। ਗੁਰੂ ਸਾਹਿਬਾਨ ਦੀਆਂ ਸਾਰੀਆਂ ਖੁਸ਼ੀਆਂ ਉਥੇ ਸੁਣ ਰਹੇ ਸੰਗਤੀ ਰੂਪ ’ਚ ਬੈਠੇ ਸੱਜਣਾਂ ਨੂੰ ਮਿਲ ਰਹੀਆਂ ਸਨ। ਲੰਗਰ ਵਿਚ ਇਕ ਖਾਸ ਗੱਲ ਹੋਈ, ਜਿਸਨੇ ਮੈਨੂੰ ਬਚਪਨ ਦੀਆਂ ਕਈ ਯਾਦਾਂ ਤਾਜ਼ਾ ਕਰ ਦਿੱਤੀਆਂ। 20ਵੀਂ ਸਦੀ ਵਿਚ ਗੁਰੂ ਘਰਾਂ ’ਚ ਦਾਲ-ਫੁਲਕਾ ਹੀ ਬਣਾਇਆ ਜਾਂਦਾ ਸੀ, ਹੋਰ ਕੋਈ ਵੀ ਖਾਣ-ਪੀਣ ਨਹੀਂ ਬਣਾਇਆ ਜਾਂਦਾ ਸੀ। ਪੰਗਤ ਤੇ ਸੰਗਤ ਦਾ ਉਹ ਆਦਰਸ਼ ਸਿੱਖ ਧਰਮ ਵਿਚ ਚਲਦਾ ਸੀ।

ਦਿਨ ਇੰਨੇ ਬਦਲ ਗਏ ਕਿ ਅੱਜ ਇਹ ਬਦਲਾਅ ਹੋ ਗਿਆ ਕਿ ਗੁਰੂ ਘਰਾਂ ’ਚ (ਜ਼ਿਆਦਾਤਰ) ਦਾਲਾਂ, ਸਬਜ਼ੀਆਂ, ਚਾਵਲ, ਮਿੱਠੇ ਚਾਵਲ, ਦਹੀਂ, ਪਕੌੜੇ, ਖੀਰ ਤੇ ਸਲਾਦ ਅਤੇ ਹੋਰ ਬਹੁਤ ਕੁਝ ਜਿਵੇਂ ਪੀਜ਼ਾ, ਜਲੇਬੀਆਂ, ਚਾਹ, ਕਾਫੀ ਤੇ ਹੋਰ ਕਈ ਕੁਝ ਵਰਤਾਇਆ ਜਾਣ ਲੱਗਾ ਹੈ। ਜ਼ਮਾਨਾ ਪਤਾ ਨਹੀਂ ਕਿੱਧਰ ਨੂੰ ਤੁਰ ਪਿਆ, ਲੋਕਾਂ ਨੇ ਫਿਲਮਾਂ-ਨਾਟਕ ਵੇਖ ਕੇ ਗੁਰੂ ਘਰ ਪਿੱਛੇ ਪਾ ਦਿੱਤੇ, ਸਿਨੇਮਾ ਘਰ ਤੇ ਹੋਰ ਇਸ ਤਰ੍ਹਾਂ ਦਾ ਸਭ ਅੱਗੇ ਆ ਗਿਆ। ਉਮੀਦ ਹੈ ਸਿੱਖ ਧਰਮ ’ਚ ਇਕ ਦਿਨ ਸਤਿਯੁੱਗ ਫਿਰ ਵਾਪਸ ਆਵੇਗਾ, ਜਦੋਂ ਗੁਰੂ ਘਰਾਂ ’ਚ ਫਿਰ ਦਾਲ-ਫੁਲਕਾ ਹੀ ਮਿਲਿਆ ਕਰੇਗਾ। ਵੈਸੇ ਵੀ ਸਿੱਖ


ਬਲਬੀਰ ਸਿੰਘ ਐਮ. ਏ

ਧਰਮ ਵਿਚ ਲੰਗਰ ਦੀ ਪ੍ਰਥਾ ਗਰੀਬ-ਗੁਰਬਿਆਂ ਲਈ ਸ਼ੁਰੂ ਕੀਤੀ ਸੀ, ਜਦੋਂ ਗੁਰੂ ਸਾਹਿਬਾਨ ਨੇ ਭੁੱਖਿਆਂ ਨੂੰ ਲੰਗਰ ਛਕਾਇਆ ਸੀ। ਅੱਜ ਅਸੀਂ ਰੱਜਿਆਂ ਨੂੰ ਫਿਰ ਹੋਰ ਰਜਾਈ ਜਾ ਰਹੇ ਹਾਂ। ਸਾਨੂੰ ਸੋਚਣ ਦੀ ਲੋੜ ਹੈ। ਕਲੀਵਲੈਂਡ ਦੇ ਗੁਰੂ ਘਰਾਂ 8ਚ ਜੋ ਲੰਗਰ ਦੀ ਪ੍ਰਥਾ ਹੈ, ਅਸੀਂ ਉਸ ਤੋਂ ਕਿੰਨੇ ਕੁ ਦੂਰ ਹਾਂ। ਵਾਹਿਗੁਰੂ ਸਿੱਖਾਂ ਦੇ ਖੁਦ ਹੀ ਸਹਾਈ ਹੋਣਗੇ। ਗੁਰੂ ਘਰਾਂ ’ਚ ਗਰੀਬਾਂ ਲਈ ਆਰੰਭ ਕੀਤੇ ਲੰਗਰਾਂ ਦੀ ਪ੍ਰਥਾ ਨੂੰ ਜਲਦੀ ਹੀ ਸ਼ੁਰੂ ਕਰ ਦੇਣਾ ਹੈ।

TANVIR
Tour & Travels
FRESNO
(559) 803-0055
Where journey don't cost the world
Cheap Fares For Airline Tickets all around the world
Best Deals to India England, Pakistan, Canada and Europe

Our Services
* Cheap Fares For Airline Tickets all around the world
* Best Deals to India, England, Pakistan, Canada and Europe
* Apply for USA Citizenship
* Indian Passport renewal and Visa
* OCI Card and Renunciation
* Family Petition, Work Permit
* Power of Attorney
* Green card renewal

B.R. Joshi, Prop.
5627 N. Figarden Dr. STE 114 Fresno, CA 93722
email: tanvirtravels@gmail.com, www.tanvirtravels.com

R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
TAX-INDIVIDUAL FAMILY, BUSINESS, TRUCKING, BOOKKEEPING ACCOUNTS, PAYROLLS & INCORPORATION, INSURANCE LIFE Only-Agent. NOTARY, REAL ESTATE (SVA), EXPECTING REFUND : GET MONEY BACK FAST!
IRS e-file
CTEC
California Tax Education Council
Registered Tax Preparer
Open 7 Days
Weekends/Evenings
(Year Round Service)
Resonalbe Rates
Call for Appointment
E.A.
CALL: R. PAL. SINGH EA-
510-750-3464
EA 00097224, CRTP A44237 Realtor#148514
Insurance Life- Only Agent #0G76896
39111 Paseo Padre Pkwy , suite 201 C,
Fremont, CA 94538
Email:singhrpal@sbeglobal.net Singhtax.com



# ਡਾ. ਆਤਮ ਸਿੰਘ ਰੰਧਾਵਾ, ਡਾ. ਨਬੀਲਾ ਰਹਿਮਾਨ ਸਨਮਾਨਿਤ


ਸਤਵਿੰਦਰ ਰੰਧਾਵਾ, ਡਾ. ਆਤਮ ਸਿੰਘ ਰੰਧਾਵਾ, ਡਾ. ਨਬੀਲਾ ਰਹਿਮਾਨ (ਲਾਹੌਰ) ਅਤੇ ਰਾਜਿੰਦਰ ਕੌਰ










ਆਈ. ਜੀ. ਪ੍ਰੋਟੋਕਾਲ ਜਨਾਬ ਅਸਜਦ ਘਨੀ ਤਾਹਿਰ ਸਾਹਿਬ ਜੀ



















ਯੂਨੀਅਨ ਸਿਟੀ- ਸਤੰਬਰ 29, 2026 ਨੂੰ ਸ਼ਾਮੀ 6 ਵਜੇ ਤੋਂ 9 ਵਜੇ ਤੱਕ ਗੁਰੂ ਨਾਨਕ ਯੂਨੀਵਰਸਿਟੀ ਅੰਮ੍ਰਿਤਸਰ ਤੇ ਖਾਲਸਾ ਕਾਲਜ ਜਲੰਧਰ ਦੇ ਵਿਦਿਆਰਥੀਆਂ ਵੱਲੋਂ ਡਾ. ਆਤਮ ਸਿੰਘ ਰੰਧਾਵਾ ਪ੍ਰਿੰਸੀਪਲ ਖਾਲਸਾ ਕਾਲਜ ਅੰਮ੍ਰਿਤਸਰ ਅਤੇ ਲਾਹੌਰ ਤੋਂ ਪ੍ਰਿੰਸੀਪਲ ਡਾ. ਨਬੀਲਾ ਰਹਿਮਾਨ ਸਾਹਿਬਾ ਨੂੰ ਰਾਜਾ ਸਵੀਟਸ ਯੂਨੀਅਨ ਸਿਟੀ ਵਿਖੇ ਖਾਸ ਸੱਦੇ ’ਤੇ ਬੁਲਾ ਕੇ ਬਹੁਤ ਹੀ ਪ੍ਰਭਾਵਸ਼ਾਲੀ ਪ੍ਰੋਗਰਾਮ ’ਚ ਸਨਮਾਨਿਤ ਕੀਤਾ। ਡਾ. ਆਤਮ ਸਿੰਘ ਰੰਧਾਵਾ ਹੁਰਾਂ ਨੇ ਦੱਸਿਆ ਕਿ ਕਾਲਜ ਵਿਚ ਬਹੁਤ ਸਾਰੇ ਵਿਦਿਆਰਥੀ ਬਾਹਰਲੇ ਦੇਸ਼ਾਂ ਤੋਂ ਵੀ ਹਨ ਤੇ ਵੱਖ-ਵੱਖ ਭਾਸ਼ਾਵਾਂ ਵੀ ਪੜ੍ਹਾਈਆਂ ਜਾਂਦੀਆਂ ਹਨ। ਕਾਲਜ ਵੱਖ-ਵੱਖ ਸੂਬਿਆਂ ਤੋਂ ਵੱਖ-ਵੱਖ ਬੋਲੀਆਂ ਦੇ 400 ਤੋਂਵੱਧ ਪ੍ਰੋਫੈਸਰ ਹਨ ਜੋ ਪੜ੍ਹਾਉਂਦੇ ਹਨ। 19ਵੀਂ ਸਦੀ ਤੋਂ ਇਹ ਕਾਲਜ ਚਲਦਾ ਆ ਰਿਹਾ ਹੈ ਤੇ ਕਾਲਜ ’ਚ ਅੱਜਕਲ੍ਹ 11000 ਵਿਦਿਆਰਥੀ ਵੱਖ-ਵੱਖ ਭਾਸ਼ਾਵਾਂ ਦੀ ਪੜ੍ਹਾਈ ਕਰ ਰਹੇ ਹਨ।ਡਾ. ਆਤਮ ਸਿੰਘ ਰੰਧਾਵਾ ਜੋ 2025 ਤੋਂ ਕਾਲਜ ਦੀ ਪ੍ਰਿੰਸੀਪਲ ਬਣੇ ਹਨ, ਉਸ ਤੋਂ ਪਹਿਲਾਂ ਉਹ 26 ਸਾਲਾਂ ਤੋਂ ਪੰਜਾਬੀ ਭਾਸ਼ਾ ਉਸੇ ਕਾਲਜ ’ਚ ਪੜ੍ਹਾ ਰਹੇ ਹਨ। ਉਹ ਐਮ. ਏ. ਪੀ. ਐਚ. ਡੀ. ਦੀ ਪੜ੍ਹਾਈ ਕਰਕੇ ਉਥੇ ਪੜ੍ਹਾਉਂਦੇ ਹਨ। ਡਾ. ਆਤਮ ਸਿੰਘ ਜੀ ਨੇ 18 ਕਿਤਾਬਾਂ ਲਿਖੀਆਂ, 43 ਖੋਜ ਪੱਤਰ ਜਨਰਲ ਤੇ 8 ਖੋਜ ਪੱਤਰ ਕਿਤਾਬਾਂ ਤੇ ਲਿਖੇ ਹਨ। ਬਾਹਰਲੇ ਦੇਸ਼ਾਂ ’ਚ ਜਾ ਕੇ 14 ਪੇਪਰ ਸੈਮੀਨਾਰ ’ਚ ਪੜ੍ਹੇ ਹਨ। ਭਾਰਤ ’ਚ ਵੀ ਵੱਖ-ਵੱਖ ਪ੍ਰੋਗਰਾਮਾਂ ’ਚ 25 ਤੋਂ ਵੱਧ ਪੇਪਰ ਪੜ੍ਹੇ ਹੋਏ ਹਨ।

ਡਾ. ਨਬੀਲਾ ਰਹਿਮਾਨ ਪ੍ਰਿੰਸੀਪਲ ਓਰੀਐਂਟਲ ਕਾਲਜ ਪੰਜਾਬ ਯੂਨੀਵਰਸਿਟੀ ਲਾਹੌਰ ਤੋਂ ਉਚੇਚੇ ਚੱਲ ਕੇ ਆਏ ਹਨ।

ਬੀਬੀ ਨਬੀਲਾ ਰਹਿਮਾਨ ਡਾਕਟਰ, ਪ੍ਰੋਫੈਸਰ ਪੰਜਾਬ ਯੂਨੀਵਰਸਿਟੀ ’ਚ ਡਾਇਰੈਕਟਰ ਦੇ ਅਹੁਦੇ ’ਤੇ ਵੀ ਰਹਿ ਚੁੱਕੇ ਹਨ।

ਗਵਰਨਰ ਪੰਜਾਬ (ਲਾਹੌਰ) ਦੇ ਸਾਰੀਆਂ ਭਾਸ਼ਾਵਾਂ ਦੇ ਡਿਪਾਰਟਮੈਂਟ ਦੇ ਮੈਂਬਰ ਵੀ ਰਹਿ ਚੁੱਕੇ ਹਨ। ਡਾ. ਸਾਹਿਬਾ ਲਿੰਗਿਉਸਟਿਕ ਫਿਲੌਜੀ (Linguistics Philology) ਦੇ ਵਿਜ਼ਟਿੰਗ ਪ੍ਰੋਫੈਸਰ (Visitiong Professor) ਵੀ ਰਹਿ ਚੁੱਕੇ ਹਨ।

ਉਪਾਸਾਲਾ ਯੂਨੀਵਰਸਿਟੀ ਸਵੀਡਨ ’ਚ ਵੀ ਰਿਸਰਚ ਕਰ ਚੁੱਕੇ ਹਨ। ਵਿਸ਼ਾ ਹੈ: Historical Sikh Shrines & The Sikh University Press, Belgium 2025

ਦੋਹਾਂ ਨੂੰ ਪ੍ਰੋਫੈਸਰਜ਼ ਸਾਹਿਬਾਨ ਨੇ ਪੰਜਾਬੀ ਬੋਲੀ ਨਾਲ ਬਹੁਤ ਮੁਹੱਬਤ ਦਿਖਾਈ। ਇਸ ਦਿਨ ਸੱਦੇ ਪੱਤਰ ਤੇ ਤਕਰੀਬਨ 40-45 ਪੜ੍ਹੇ-ਲਿਖੇ ਸੱਜਣਾਂ ਨੂੰ ਖਾਸ ਤੌਰ ’ਤੇ ਸੱਦਿਆ ਤੇ ਉਹਨਾਂ ਦੋਹਾਂ ਡਾ. ਸਾਹਿਬਾਨ ਦੀਆਂ ਗੱਲਾਂ-ਬਾਤਾਂ ਨੇ ਆਏ ਹੋਏ ਸੱਜਣਾਂ-ਮਿੱਤਰਾਂ ਨੂੰ ਬਹੁਤ ਹੀ ਜਾਣਕਾਰੀ ਦਿੱਤੀ ਕਿ ਕਿਵੇਂ ਖਾਲਸਾ ਕਾਲਜ ’ਚ ਪੜ੍ਹਾਇਆ ਜਾਂਦਾ। 400 ਤੋਂ ਵੱਧ ਪ੍ਰੋਫੈਸਰ ਸਾਬਿਾਨ ਕਿਵੇਂ ਪੜ੍ਹਾਉਂਦੇ ਹਨ ਤੇ ਡਾ. ਨਬੀਲਾ ਜੀ ਨੇ ਵੀ ਲਾਹੌਰ ਵਿਚ ਪੰਜਾਬ ਯੂਨੀਵਰਸਿਟੀ ਵਿਚ ਪ੍ਰਿੰਸੀਪਲ ਦੇ ਨਾਤੇ ਪੰਜਾਬੀ ਪੜ੍ਹਾਉਣਾ ਕਿਵੇਂ ਲੱਗਦਾ ਹੈ। ਵਿਦਿਆਰਥੀ ਗੁਰਮੁਖੀ ਵੀ ਪੜ੍ਹਦੇ ਹਨ, ਹੁਣ ਲਹਿੰਦੇ ਪੰਜਾਬ ’ਚ 5 ਕਾਲਜਾਂ-ਯੂਨੀਵਰਸਿਟੀਆਂ ’ਚ ਗੁਰਮੁਖੀ ਪੜ੍ਹਾਈ ਸਿਖਾਈ ਜਾਂਦੀ ਹੈ। ਬਹੁਤ ਹੀ ਸੁਚੱਜੇ ਢੰਗ ਨਾਲ ਹਰ ਵਿਦਿਆਰਥੀ ਨੂੰ ਪੰਜਾਬੀ ਸਿੱਖਣ ਵਿਚ ਹੁਣ ਕੋਈ ਦਿੱਕਤ ਨਹੀਂ।

ਪ੍ਰੋਫੈਸਰ ਲਾਲੀ ਧਨੋਆ ਨੇ ਦੋਹਾਂ ਡਾ. ਸਾਹਿਬਾਨ ਨੂੰ ਜੀਓ ਆਇਆਂ ਕਿਹਾ ਤੇ ਲਾਹੌਰ ਤੇ ਪੰਜਾਬ ਦੇ ਕਾਲਜਾਂ ਵਿਚ ਕਿਸੇ ਵੀ ਪ੍ਰਕਾਰ ਦੀ ਲੋੜ ਹੋਈ ਤੇ ਉਹ ਕਰ ਸਕਦੇ ਹਨ।

ਸੁਰਿੰਦਰ ਸਿੰਘ ਧਨੋਆ ਨੇ ਵੀ ਦੋਹਾਂ ਪ੍ਰਾਹੁਣਿਆਂ ਨੂੰ ਜੀਓ ਆਇਆਂ ਕਿਹਾ।

ਗੁਰਪਿਆਰ ਸਿੱਘੂ, ਪਰਮਪਾਲ ਸਿੰਘ, ਪ੍ਰੋ. ਜਸਪਾਲ ਸਿੰਘ ਸੈਣੀ, ਗੁਰਚਰਨ ਸਿੰਘ ਮਾਨ, ਮਹਿੰਗਾ ਸਿੰਘ ਸਰਪੰਚ, ਨੀਲਮ ਸੈਣੀ, ਦਲਜੀਤ ਸਰਾਂ ਹੁਰਾਂ ਨੇ ਵੀ ਦੋਵਾਂ ਨੂੰ ਜੀਓ ਆਇਆਂ ਕਿਹਾ।

ਸਾਰੇ ਆਏ ਸੱਜਣਾਂ-ਮਿੱਤਰਾਂ ਲਈ ਖਾਣੇ ਦਾ ਇੰਤਜ਼ਾਮ ਵੀ ਕੀਤਾ ਗਿਆ ਸੀ।

ਪਰਦੇਸ ਟਾਇਮਜ਼ ਵੱਲੋਂ ਸਾਰੇ ਆਏ ਪ੍ਰਾਹੁਣਿਆਂ ਦਾ ਧੰਨਵਾਦ ਕੀਤਾ ਗਿਆ।

ਪਾਕਿਸਤਾਨ ਤੋਂ ਆਈ. ਜੀ. ਪ੍ਰੋਟੋਕਾਲ ਜਨਾਬ ਅਸਜਦ ਘਨੀ ਤਾਹਿਰ ਸਾਹਿਬ ਜੀ ਵੀ ਇਸ ਪ੍ਰੋਗਰਾਮ ’ਚ ਪਹੁੰਚੇ। ਇਹਨਾਂ ਨੇ ਸ੍ਰੀ ਕਰਤਾਰਪੁਰ ਸਾਹਿਬ ਲਈ ਆਪਣਾ ਅਹਿਮ ਰੋਲ ਨਿਭਾਇਆ। ਇਹਨਾਂ ਨੂੰ ਪਰਦੇਸ ਟਾਇਮਜ਼ ਵੱਲੋਂ ਸਨਮਾਨਿਤ ਕੀਤਾ ਗਿਆ।

ਕਰਤਾਰਪੁਰ ਸਾਹਿਬ ਦੇ ਕੋਰੀਡੋਰ ਖੋਲ੍ਹਣ ਲਈ ਬਾਰਡਰ ਤੇ ਸ. ਮਨਮੋਹਨ ਸਿੰਘ ਜੀ ਪ੍ਰਧਾਨ ਮੰਤਰੀ ਭਾਰਤ ਅਤੇ ਸ੍ਰੀ ਇਮਰਾਨ ਖਾਨ ਜੀ ਪ੍ਰਧਾਨ ਮੰਤਰੀ ਪਾਕਿਸਤਾਨ ਨੂੰ ਵੀ ਬਾਰਡਰ ਤੇ ਮਿਲਾ ਕੇ ਸਿੱਖਾਂ ਦਾ ਸੁਪਨਾ ਪੂਰਾ ਕੀਤਾ। ਇਹਨਾਂ ਦਾ ਵੀ ਧੰਨਵਾਦ।

# ਕੈਲੀਫ਼ੋਰਨੀਆਂ ਵਿੱਚ 26ਵੀਂ ਵਿਸ਼ਵ ਪੰਜਾਬੀ ਸਾਹਿਤਕ ਕਾਨਫਰੰਸ: ਪੰਜਾਬੀ ਭਾਸ਼ਾ, ਸਾਹਿਤ ਅਤੇ ਨਵੀਂ ਪੀੜ੍ਹੀ ਦੇ ਭਵਿੱਖ ਬਾਰੇ ਹੋਇਆ ਗੰਭੀਰ ਸੰਵਾਦ

## ਨਾਟਕ, ਵਿਚਾਰ-ਚਰਚਾ, ਕਵੀ ਦਰਬਾਰ ਦੌਰਾਨ ਦਰਸ਼ਕਾਂ ਵਲੋਂ ਭਰਵਾਂ ਹੁੰਗਾਰਾ, ਡਾ ਨਬੀਲਾ ਰਹਿਮਾਨ, ਡਾ. ਆਤਮ ਸਿੰਘ ਰੰਧਾਵਾ, ਡਾ ਰਾਜੇਸ਼ ਸ਼ਰਮਾ ਅਤੇ ਸ਼ਾਇਰ ਜਸਵਿੰਦਰ ਵਲੋਂ ਖ਼ਾਸ ਤੌਰ 'ਤੇ ਸ਼ਿਰਕਤ ਕੀਤੀ ਗਈ

**ਫਰੀਮੌਂਟ, ਕੈਲੀਫ਼ੋਰਨੀਆ-** ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਕੈਲੀਫੋਰਨੀਆ ਵੱਲੋਂ ਬੀਤੇ ਐਤਵਾਰ ਫਰੀਮੌਂਟ ਵਿਖੇ 26ਵੀਂ ਵਿਸ਼ਵ ਪੰਜਾਬੀ ਸਾਹਿਤਕ ਕਾਨਫਰੰਸ ਬੜੇ ਉਤਸ਼ਾਹ ਅਤੇ ਮਾਂ-ਬੋਲੀ ਪ੍ਰਤੀ ਡੂੰਘੀ ਵਚਨਬੱਧਤਾ ਨਾਲ ਕਰਵਾਈ ਗਈ। ਕਾਨਫਰੰਸ ਵਿੱਚ ਭਾਰਤ, ਪਾਕਿਸਤਾਨ, ਕੈਨੇਡਾ, ਯੂ।ਕੇ। ਅਤੇ ਅਮਰੀਕਾ ਤੋਂ ਨਾਮਵਰ ਵਿਦਵਾਨਾਂ, ਲੇਖਕਾਂ, ਕਵੀਆਂ ਅਤੇ ਸਾਹਿਤ-ਪ੍ਰੇਮੀਆਂ ਨੇ ਸ਼ਮੂਲੀਅਤ ਕੀਤੀ। ਸਮੁੱਚੀ ਕਾਨਫਰੰਸ ਦੌਰਾਨ ਪੰਜਾਬੀ ਭਾਸ਼ਾ ਦੇ ਵਰਤਮਾਨ, ਸਾਹਿਤ ਦੇ ਸਰੋਕਾਰਾਂ ਅਤੇ ਨਵੀਂ ਪੀੜ੍ਹੀ ਤੱਕ ਪੰਜਾਬੀ ਨੂੰ ਪਹੁੰਚਾਉਣ ਦੀਆਂ ਚੁਣੌਤੀਆਂ ਬਾਰੇ ਗੰਭੀਰ ਅਤੇ ਸਾਰਥਕ ਵਿਚਾਰ-ਵਟਾਂਦਰਾ ਹੋਇਆ।

26 ਸਤੰਬਰ ਦੀ ਸ਼ਾਮ ਨੂੰ ਕੈਲਫ਼ੋਰਨੀਆ ਦੀ ਸਹਿਯੋਗੀ ਸੰਸਥਾ ਪੰਜਾਬ ਲੋਕ ਰੰਗਵਲੋਂ ਸੁਰਿੰਦਰ ਸਿੰਘ ਧਨੋਆ ਦੀ ਨਿਰਦੇਸ਼ਨਾ ਹੇਠ 'ਬੰਦਾ ਸਿੰਘ ਬਹਾਦਰ' ਨਾਟਕ ਖੇਡਿਆ ਗਿਆ। ਨਾਟਕ ਦੇ ਸਾਰੇ ਕਿਰਦਾਰ ਸਥਾਨਕ ਕਲਾਕਾਰਾਂ ਨੇ ਬਾਖੂਬੀ ਨਿਭਾਏ। ਡਾ ਆਤਮ ਸਿੰਘ ਰੰਧਾਵਾ ਅਤੇ ਡਾ ਨਬੀਲਾ ਰਹਿਮਾਨ ਨੇ ਇਤਿਹਾਸ ਨੂੰ ਨਿਰਪੱਖ ਅਤੇ ਲੋਕਾਈ ਦੇ ਨਜ਼ਰੀਏ ਤੋਂ ਪੇਸ਼ ਕਰਨ ਲਈ ਨਾਟਕ ਦੀ ਪ੍ਰਸੰਸਾ ਕੀਤੀ। ਪੰਜਾਬ ਲੋਕ ਰੰਗ ਦੇ ਸੁਰਿੰਦਰ ਧਨੋਆ, ਪ੍ਰੋ ਬਲਵਿੰਦਰ ਲਾਲੀ ਧਨੋਆ ਅਤੇ ਪੂਰੀ ਟੀਮ ਵਲੋਂ ਡਾ ਨਬੀਲਾ ਰਹਿਮਾਨ, ਡਾ ਆਤਮ ਸਿੰਘ ਰੰਧਾਵਾ ਅਤੇ ਮਕਬੂਲ ਪੰਜਾਬੀ ਸ਼ਾਇਰਾ ਤਹਿਰਾ ਸਰਾ ਦਾ ਸਨਮਾਨ ਕੀਤਾ ਗਿਆ। ਇਸ ਨਾਟਕ ਨੂੰ ਦੇਖਣ ਲਈ ਦਰਸ਼ਕ ਹੁੰਮ ਹੁੰਮਾ ਕੇ ਪਹੁੰਚੇ ਅਤੇ ਇਸ ਇਤਿਹਾਸਕ ਨਾਟਕ ਨੂੰ ਰੂਹ ਨਾਲ ਮਾਣਿਆ।

ਕਾਨਫ਼ਰੰਸ ਦੀ ਸ਼ੁਰੂਆਤ ਵਿੱਚ ਪੰਡਿਤ ਹਬੀਬ ਖਾਨ ਦੇ ਸ਼ਾਗਿਰਦ ਚਾਰਲਸ ਲਿ ਡ(ਫ੍ਰੀਮੌਂਟ ਸਕੂਲ ਫਾਰ ਬਲਾਈਂਡਜ਼ ਦੇ ਸੰਗੀਤ ਨਿਰਦੇਸ਼ਕ) ਨੇ ਸਿਤਾਰ ਵਾਦਨ ਰਾਹੀਂ ਸਰੋਤਿਆਂ ਨੂੰ ਸੰਗੀਤਕ ਰਸ ਨਾਲ ਜੋੜਿਆ। ਮਸ਼ਹੂਰ ਸੂਫ਼ੀ ਗਾਇਕ ਸੁਖਦੇਵ ਸਾਹਿਲ ਨੇ ਪੰਜਾਬੀ ਸੂਫ਼ੀ ਕਾਵਿ ਵਿੱ-ਚੋਂ ਰਚਨਾਵਾਂ ਦਾ ਗਾਇਨ ਕਰਕੇ ਕਾਨਫ਼ਰੰਸ ਦਾ ਮਾਹੌਲ ਅਗਲੇ ਪ੍ਰੋਗਰਾਮ ਲਈ ਬਹੁਤ ਢੁੱਕਵਾਂ ਬਣਾ ਦਿੱਤਾ। ਪ੍ਰਧਾਨਗੀ ਭਾਸ਼ਣ ਵਿੱਚ ਵਿਪਸਾ ਦੇ ਪ੍ਰਧਾਨ ਕੁਲਵਿੰਦਰ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਨੂੰ ਕਿਹਾ, ਵਿਪਸਾ ਦੀਆਂ ਪਿਛਲੀਆਂ ਕਾਨਫ਼ਰੰਸਾਂ ਨੂੰ 26ਵੀਂ ਕਾਨਫ਼ਰੰਸ ਨਾਲ ਜੋੜਦਿਆਂ ਕਾਨਫ਼ਰੰਸ ਦੇਮਕਸਦ ਅਤੇ ਸਰਗਰਮੀਆਂ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਪਿਛਲੇ ਸਾਲਾਂ ਦੀਆਂ ਗਤੀਵਿਧੀਆਂ ਤੇ ਝਾਤੀ ਮਾਰਦੀ 10 ਮਿੰਟ ਦੀ ਡਾਕੂਮੈਂਟਰੀ ਫਿਲਮ ਵੀ ਦਿਖਾਈ ਗਈ।

ਕਾਨਫਰੰਸ ਨੂੰ ਚਾਰ ਮਹੱਤਵਪੂਰਨ ਸੈਸ਼ਨਾਂ ਵਿੱਚ ਵੰਡਿਆ ਗਿਆ, ਜਿਨ੍ਹਾਂ ਨੇ ਪੰਜਾਬੀ ਭਾਸ਼ਾ ਅਤੇ ਸਾਹਿਤ ਦੇ ਵੱਖ-ਵੱਖ ਪੱਖਾਂ ਨੂੰ ਵਿਚਾਰ-ਚਰਚਾ ਦੇ ਕੇਂਦਰ ਵਿੱਚ ਲਿਆਂਦਾ। ਪਹਿਲਾ ਸੈਸ਼ਨ 'ਪੰਜਾਬ, ਭਾਰਤ ਅਤੇ ਵਿਦੇਸ਼ ਵਿੱਚ ਪੰਜਾਬੀ ਭਾਸ਼ਾ ਦਾ ਵਿਕਾਸ ਅਤੇ ਚੁਣੌਤੀਆਂ' ਵਿਸ਼ੇ 'ਤੇ ਕੇਂਦਰਿਤ ਸੀ। ਇਸ ਸੈਸ਼ਨ ਦੇ ਮੁੱਖ ਮਹਿਮਾਨ ਡਾ. ਜਸਵੀਰ ਗਿੱਲ ਸਨ ਅਤੇ ਪ੍ਰਧਾਨਗੀ ਡਾ. ਨਬੀਲਾ ਰਹਿਮਾਨ ਨੇ ਕੀਤੀ। ਡਾ. ਜਸਵੀਰ ਗਿੱਲ ਨੇ ਵਿਚਾਰ ਚਰਚਾ ਲਈ ਵਿਦਵਾਨਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਉਹ ਆਪਣੇ ਦਿਲ ਦੇ ਨਜ਼ਦੀਕ ਇਸ ਵਿਸ਼ੇ ਉਪਰ ਵਿਦਵਾਨ ਦੋਸਤਾਂ ਦੇ ਵਿਚਾਰ ਸੁਨਣ ਲਈ ਬਹੁਤ ਉਤਸੁਕ ਹਨ। ਸੈਸ਼ਨ ਦੀ ਸੰਚਾਲਕਾ ਲਾਜ ਨੀਲਮ ਸੈਣੀ ਨੇ ਸਰੋਤਿਆਂ ਨੂੰ ਬਹੁਤ ਸੰਖੇਪ ਸ਼ਬਦਾਂ ਵਿੱਚ ਵਿਸ਼ੇ ਬਾਰੇ ਜਾਣਕਾਰੀ ਦਿੱਤੀ। ਖਾਲਸਾ ਕਾਲਜ ਅੰਮ੍ਰਿਤਸਰ ਦੇ ਪ੍ਰਿੰਸੀਪਲ ਡਾ. ਆਤਮ ਸਿੰਘ ਰੰਧਾਵਾ ਨੇ ਮੁੱਖ ਵਕਤਾ ਵਜੋਂ ਪੰਜਾਬੀ ਭਾਸ਼ਾ ਦੇ ਵਿਕਾਸ, ਇਸ ਦੇ ਸਮਾਜਿਕ ਅਤੇ ਸੱਭਿਆਚਾਰਕ ਸਰੋਕਾਰਾਂ ਅਤੇ ਵਿਦੇਸ਼ਾਂ ਵਿੱਚ ਪੰਜਾਬੀ ਦੇ ਭਵਿੱਖ ਬਾਰੇ ਵਿਚਾਰ ਪੇਸ਼ ਕੀਤੇ। ਉਨ੍ਹਾਂ ਨੇ ਖਾਸ ਤੌਰ 'ਤੇ ਦੋਵਾਂ ਪੰਜਾਬਾਂ ਦੇ ਸੰਦਰਭ ਵਿੱਚ ਪੰਜਾਬੀ ਭਾਸ਼ਾ ਨਾਲ ਜੁੜੇ ਭਾਵਨਾਤਮਕ, ਇਤਿਹਾਸਕ ਅਤੇ ਵਿਹਾਰਕ ਪੱਖਾਂ ਨੂੰ ਬੜੀ ਸੰਵੇਦਨਸ਼ੀਲਤਾ ਨਾਲ ਉਭਾਰਿਆ। ਉਹਨਾਂ ਕਿਹਾ ਕਿ ਬੋਲੀ ਸਿਰਫ ਬੋਲੀ ਹੀ ਨਹੀਂ ਬਲ ਕਿ ਸਾਡੀ ਪਹਿਚਾਣ, ਵਿਰਸੇ ਅਤੇ ਸਭਿਆਚਾਰਕ ਦਾ ਧੁਰਾ ਹੈ। ਬੋਲੀ ਦੇ ਖੁੱਸਣ ਨਾਲ ਸਭ ਕੁਝ ਗਵਾਚ ਜਾਣ ਖਦਸ਼ਾ ਹੁੰਦਾ ਹੈ। ਪ੍ਰਧਾਨਗੀ ਮੰਡਲ ਵਿੱਚ ਸ਼ਾਮਲ ਡਾ ਪ੍ਰਿਥੀਪਾਲ ਸਿੰਘ ਸੋਹੀ ਨੇ ਪਰਵਾਸ ਵਿੱਚ ਤਿੰਨ ਪੀੜ੍ਹੀਆਂ ਦੇ ਸੰਦਰਭ ਵਿੱਚ ਭਾਸ਼ਾ ਦੇ ਵਿਕਾਸ ਦੀ ਗੱਲ ਕੀਤੀ। ਤੀਸਰੀ ਪੀੜ੍ਹੀ ਨਾਮਾਤਰ ਹੀ ਬੋਲੀ ਨਾਲ ਜੁੜੀ ਰਹਿੰਦੀ ਹੈ ਪਰ ਅੱਜ ਦੇ ਵਕਤ ਵਿੱਚ ਭਾਸ਼ਾ ਨੂੰ ਅਗਲੀਆਂ ਪੀੜ੍ਹੀਆਂ ਤੱਕ ਲੈ ਜਾਣ ਲਈ ਡਿਜ਼ੀਟਲ ਟੂਲ, ਸੋਸ਼ਲ ਮੀਡੀਆ ਅਤੇ ਏ.ਆਈ. ਸਹਾਈ ਹੋ ਸਕਦੇ ਹਨ। ਸੁਖਵਿੰਦਰ ਕੰਬੋਜ ਨੇ ਇਤਿਹਾਸਕ ਸੰਦਰਭ ਵਿੱਚ ਪੰਜਾਬੀ ਬੋਲੀ ਬਾਰੇ ਗੱਲ ਕਰਦਿਆਂ ਪੰਜਾਬੀ ਦੇ ਭਵਿੱਖ ਬਾਰੇ ਕਿਹਾ ਕਿ ਸਾਡਾ ਆਪਣੀ ਮਾਂ ਬੋਲੀ ਪ੍ਰਤੀ ਅਵੇਸਲੇ ਰਹਿਣ ਦੇ ਬਾਵਜੂਦ ਪੰਜਾਬੀ ਦਾ ਭਵਿੱਖ ਆਸ਼ਾ ਭਰਪੂਰ ਹੈ। ਡਾ. ਮੋਨੋਜੀਤ ਨੇ ਜੰਮੂ ਕਸ਼ਮੀਰ ਵਿੱਚ ਪੰਜਾਬੀ ਨਾਲ ਵਿਤਕਰੇ ਦੀ ਗੱਲ ਕਰਦਿਆਂ ਕਿਹਾ ਕਿ ਸਰਕਾਰੀ ਅੰਕੜਿਆਂ ਵਿੱਚ ਪੰਜਾਬੀ ਨੂੰ ਸਿਰਫ ਸਿੱਖਾਂ ਨਾਲ ਜੋੜ ਕੇ ਸੂਬੇ ਦੇ ਹੋਰ ਬਸ਼ਿੰਦਿਆਂ ਤੋਂ ਆਪਣੀ ਮਾਂ ਬੋਲੀ ਪੰਜਾਬੀ ਲਿਖਵਾਉਣ ਦਾ ਮੌਕਾ ਵੀ ਖੋਹ ਲਿਆ ਗਿਆ ਹੈ, ਹਾਲਾਕਿ ਸੂਬੇ ਵਿੱਚ ਬਹੁਤ ਸਾਰੇ ਲੋਕ ਪਹਿਲੀ ਜ਼ੁਬਾਨ ਵਜੋਂ ਪੰਜਾਬੀ ਬੋਲੀ ਬੋਲਦੇ ਹਨ। ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਡਾ. ਨਬੀਲਾ ਰਹਿਮਾਨ ਨੇ ਦੋਹਾਂ ਪੰਜਾਬਾਂ ਵਿੱਚ ਹੀ ਪੰਜਾਬੀਆਂ ਵਲੋਂ ਆਪਣੀ ਮਾਂ ਬੋਲੀ ਨੂੰ ਅਪਣਾਉਣ ਤੋਂ ਪਾਸਾ ਵੱਟਣ ਨਾਲ ਨੁਕਸਾਨ ਤਾਂ ਹੋਇਆ ਹੈ ਪਰ ਹਾਲੇ ਵੀ ਲਹਿੰਦੇ ਪੰਜਾਬ ਵਿੱਚ ਆਮ ਲੋਕ ਪੰਜਾਬੀ ਬੋਲਦੇ ਹਨ, ਕਾਲਜਾਂ ਵਿੱਚ ਪੰਜਾਬੀ ਵਿਸ਼ੇ ਵਜੋਂ ਪੜ੍ਹਾਈ ਜਾ ਰਹੀ ਹੈ ਅਤੇ ਕੋਸ਼ਿਸ਼ ਹੈ ਕਿ ਪ੍ਰਾਇਮਰੀ ਸਕੂਲ ਤੋਂ ਬੱਚੇ ਆਪਣੀ ਮਾਂ ਬੋਲੀ ਪੜ੍ਹਨੀ ਸ਼ੁਰੂ ਕਰਨ, ਉਹਨਾਂ ਉਮੀਦ ਪ੍ਰਗਟਾਈ ਕਿ ਅਜਿਹਾ ਸੰਭਵ ਹੈ। ਹਰਜਿੰਦਰ ਕੰਗ, ਅਮਰਜੀਤ ਕੌਰ ਪੰਨੂੰ ਅਤੇ ਕਰਨੈਲ ਸਿੰਘ ਕੈਲ ਨੇ ਵੀ ਇਸ ਸੈਸ਼ਨ ਦੇ ਪ੍ਰਧਾਨਗੀ ਮੰਡਲ ਵਿੱਚ ਸ਼ਮੂਲੀਅਤ ਕੀਤੀ।



ਕਾਨਫ਼ਰੰਸ ਦਾ ਦੂਜਾ ਸੈਸ਼ਨ ਲਹਿੰਦੇ ਅਤੇ ਚੜ੍ਹਦੇ ਪੰਜਾਬ ਵਿੱਚ ਪੰਜਾਬੀ ਭਾਸ਼ਾ ਦੇ ਸਾਂਝੇ ਇਤਿਹਾਸ ਅਤੇ ਚੁਣੌਤੀਆਂ ਨਾਲ ਸਬੰਧਤ ਸੀ। ਇਸ ਸੈਸ਼ਨ ਵਿੱਚ ਮੁੱਖ-ਵਕਤਾ ਲਹਿੰਦੇ ਪੰਜਾਬ ਤੋਂ ਰੀਐਂਟਲ ਕਾਲਜਲਹੌਰ ਦੀ ਪ੍ਰਿੰਸੀਪਲ ਡਾ. ਨਬੀਲਾ ਰਹਿਮਾਨ ਸਨ। ਸਟੇਜ ਸੰਚਾਲਕ ਦੀ ਜ਼ਿੰਮੇਵਾਰੀ ਪ੍ਰੋ. ਹਰਿੰਦਰ ਕੌਰ ਸੋਹੀ ਨੇ ਬਹੁਤ ਸੁਚੱਜੇ ਢੰਗ ਨਾਲ ਨਿਭਾਈ । ਸੈਸ਼ਨ ਦੇ ਮੁੱਖ ਮਹਿਮਾਨ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਅੰਗਰੇਜ਼ੀ ਵਿਭਾਗ ਦੇ ਸੇਵਾ-ਮੁਕਤ ਪ੍ਰੋਫੈਸਰ ਅਤੇ ਮੁਖੀ ਡਾਕਟਰ ਰਾਜੇਸ਼ ਸ਼ਰਮਾ ਨੇ ਸਰੋਤਿਆਂ ਦੀ ਵਿਸ਼ੇ ਨਾਲ ਜਾਣ ਪਹਿਚਾਣ ਕਰਾਈ । ਉਨ੍ਹਾਂ ਤੋਂ ਬਾਅਦ ਡਾਕਟਰ ਨਬੀਲਾ ਰਹਿਮਾਨ ਨੇ ਸਾਂਝੇ ਪੰਜਾਬ ਅਤੇ ਪਾਕਿਸਤਾਨ ਵਿੱਚ ਵੰਡ ਤੋਂ ਬਾਅਦ ਲਿਖੀ ਗਈ ਗਜ਼ਲ ਅਤੇ ਕਵਿਤਾ ਨੂੰ ਆਧਾਰ ਬਣਾ ਕੇ ਪੰਜਾਬੀ ਦੇ ਇਤਿਹਾਸ, ਵਿਕਾਸ ਅਤੇ ਚੁਣੌਤੀਆਂ ਨੂੰ ਬਾ-ਖੂਬੀ ਪੇਸ਼ ਕੀਤਾ। ਉਨ੍ਹਾਂ ਦੱਸਿਆ ਕਿ ਪਾਕਿਸਤਾਨੀ ਪੰਜਾਬ ਵਿੱਚ ਛੇਵੀਂ ਜਮਾਤ ਤੱਕ ਪੰਜਾਬੀ ਦੀ ਪੜ੍ਹਾਈ ਨਹੀਂ ਕਰਾਈ ਜਾਂਦੀ ਪਰ ਸੱਤਵੀਂ ਤੋਂ ਬਾਅਦ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਪੰਜਾਬੀ ਦੀ ਪੜ੍ਹਾਈ ਚੋਣਵੇਂ ਵਿਸ਼ੇ ਵਜੋਂ ਉਪਲਬਧ ਹੈ।

ਇਸ ਸੈਸ਼ਨ ਵਿੱਚ ਪ੍ਰੋਫੈਸਰ ਸੁਰਿੰਦਰ ਸਿੰਘ ਸੀਰਤ ਨੇ ਸੀਮਤ ਸਮੇਂ ਵਿੱਚ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਕੀਤੇ ਜਾਣ ਵਾਲੇ ਸੁਹਿਰਦ ਕਾਰਜਾਂ ਅਤੇ ਦਰਪੇਸ਼ ਸਮੱਸਿਆਵਾਂ ਬਾਰੇ ਚਾਨਣਾ ਪਾਇਆ। ਕਨੇਡਾ ਤੋਂ ਕਾਨਫਰੰਸ ਵਿੱਚ ਸ਼ਮੂਲੀਅਤ ਕਰ ਰਹੇ ਵਿਦਵਾਨ ਭੁਪਿੰਦਰ ਮੱਲ੍ਹੀ ਨੇ ਗਲੋਬਲ ਪੰਜਾਬ ਦੇ ਸੰਦਰਭ ਵਿੱਚ ਪੰਜਾਬੀ ਦੇ ਵਿਕਾਸ ਲਈ ਕੀਤੇ ਜਾ ਰਹੇ ਯਤਨਾਂ ਤੇ ਰੌਸ਼ਨੀ ਪਾਈ। ਕੈਲੀਫ਼ੋਰਨੀਆ ਦੀ ਨਾਮਵਰ ਪੰਜਾਬੀ ਵਕਤਾ ਆਸ਼ਾ ਸ਼ਰਮਾ ਨੇ ਵੀ ਇਸ ਵਿਸ਼ੇ ਤੇ ਆਪਣੇ ਬਹੁਮੁੱਲੇ ਵਿਚਾਰ ਸਰੋਤਿਆਂ ਨਾਲ ਸਾਂਝੇ ਕੀਤੇ। ਇਨ੍ਹਾਂ ਤੋਂ ਇਲਾਵਾ ਪ੍ਰਧਾਨਗੀ ਮੰਡਲ ਵਿੱਚ ਕਵਿੱਤਰੀ ਸੁਰਜੀਤ ਸਖੀ ਅਤੇ ਡਾ।ਰਾਮ ਸਿੰਘ ਹਾਜ਼ਰਾ ਵੀ ਸ਼ਾਮਲ ਸਨ। ਇਸ ਸੈਸ਼ਨ ਦੀ ਪ੍ਰਧਾਨਗੀ ਕਰ ਰਹੇ ਡਾ. ਆਤਮ ਸਿੰਘ ਰੰਧਾਵਾਪ੍ਰਿੰਸੀਪਲਖ਼ਾਲਸਾ ਕਾਲਜ, ਅੰਮ੍ਰਿਤਸਰ ਨੇ ਸੈਸ਼ਨ ਵਿੱਚ ਹੋਈ ਵਿਚਾਰ ਚਰਚਾ ਦਾ ਸੁਚਾਰੂ ਢੰਗ ਨਾਲ ਨਿਚੋੜ ਕੱਢਦੇ ਹੋਏ ਦੋਵਾਂ ਪੰਜਾਬਾਂ ਦੇ ਖਿੱਤਿਆਂ ਵਿੱਚ ਪੰਜਾਬੀ ਭਾਸ਼ਾ ਲਈ ਹੋ ਰਹੇ ਕੰਮਾਂ ਦੀ ਜਾਣਕਾਰੀ ਸਾਂਝੀ ਕੀਤੀ ।ਆਖੀਰ ਵਿੱਚ ਪ੍ਰੋ. ਸੋਹੀ ਨੇ ਸਾਰੇ ਬੁਲਾਰਿਆਂ ਦਾ ਸੁਚੱਜੀ ਤੇ ਸਾਰਥਕ ਪੇਸ਼ਕਾਰੀ ਲਈ ਧੰਨਵਾਦ ਕੀਤਾ। ਇਸ ਸੈਸ਼ਨ ਨੇ ਵੰਡ ਦੇ ਬਾਵਜੂਦ ਪੰਜਾਬੀ ਭਾਸ਼ਾ ਦੀ ਸਾਂਝੀ ਵਿਰਾਸਤ ਅਤੇ ਸਾਹਿਤਕ ਰਿਸ਼ਤਿਆਂ ਨੂੰ ਨਵੇਂ ਸੰਦਰਭ ਵਿੱਚ ਸਮਝਣ ਦਾ ਮੌਕਾ ਦਿੱਤਾ।

ਤੀਜਾ ਸੈਸ਼ਨ 'ਸਾਹਿਤ ਅਤੇ ਸਾਹਿਤਕਾਰ- ਜਿੱਥੇ ਭਾਸ਼ਾ ਦੀ ਤਕਦੀਰ ਬਦਲਦੀ ਹੈ' ਵਿਸ਼ੇ 'ਤੇ ਕੇਂਦਰਿਤ ਰਿਹਾ। ਪ੍ਰਸਿੱਧ ਸ਼ਾਇਰ ਜਸਵਿੰਦਰ ਇਸ ਸੈਸ਼ਨ ਦੇ ਮੁੱਖ ਮਹਿਮਾਨ ਸਨ, ਜਦਕਿ ਪ੍ਰਧਾਨਗੀ ਡਾ. ਗੁਰਪ੍ਰੀਤ ਧੁੱਗਾ ਨੇ ਕੀਤੀ। ਮੁੱਖ ਬੁਲਾਰੇ ਡਾ। ਰਾਜੇਸ਼ ਸ਼ਰਮਾ ਨੇ ਸਾਹਿਤ ਦੀ ਪਰਿਭਾਸ਼ਾ, ਸਾਹਿਤਕਾਰ ਦੀ ਭੂਮਿਕਾ ਅਤੇ ਸਾਹਿਤ ਦੇ ਸਮਾਜ ਨਾਲ ਰਿਸ਼ਤੇ ਸਮੇਤ ਕਈ ਅਹਿਮ ਪੱਖਾਂ 'ਤੇ ਆਪਣੇ ਵਿਚਾਰ ਸਾਂਝੇ ਕੀਤੇ। ਉਹਨਾਂ ਇਸ ਗੱਲ ਤੇ ਵੀ ਜ਼ੋਰ ਦਿੱਤਾ ਕਿ ਸਾਹਿਤਕਾਰ ਨੂੰ ਭਾਸ਼ਾ ਦੇ ਸਿਰਜਕ ਵਜੋਂ ਆਪਣੀ ਭੂਮਿਕਾ ਪਹਿਚਾਨਣ ਦੀ ਲੋੜ ਹੈ। ਸੈਸ਼ਨ ਦੌਰਾਨ ਇਹ ਗੱਲ ਉੱਭਰ ਕੇ ਸਾਹਮਣੇ ਆਈ ਕਿ ਸਾਹਿਤ ਕੇਵਲ ਮਨੋਰੰਜਨ ਜਾਂ ਸ਼ਬਦਾਂ ਦੀ ਕਲਾਤਮਕ ਬਣਤਰ ਨਹੀਂ ਸਗੋਂ ਸਮਾਜਿਕ ਚੇਤਨਾ, ਮਨੁੱਖੀ ਸੰਵੇਦਨਾ ਅਤੇ ਸਮੇਂ ਦੀ ਗਵਾਹੀ ਹੈ। ਅਮਰੀਕੀ ਪੰਜਾਬੀ ਆਲੋਚਕ ਬਲਜਿੰਦਰ ਸਵੈਚ ਨੇ ਮਿਸਾਲਾਂ ਸਹਿਤ ਦਰਸਾਇਆ ਕਿ ਕਿਵੇਂ ਸਾਹਿਤਕਾਰ ਆਪਣੀਆ ਕਿਰਤਾਂ ਵਿੱਚ ਭਾਸ਼ਾਈ ਨਿਵੇਕਲਾਪਨ ਲਿਆ ਕਿ ਭਾਸ਼ਾ ਦੀ ਅਮੀਰੀ ਵਿੱਚ ਇਜਾਫਾ ਕਰਦਾਹੈ ਜੋ ਵਕਤ ਨਾਲ ਵਡੇਰੀ ਲੋਕ ਭਾਸ਼ਾ ਦਾ ਹਿੱਸਾ ਬਣ ਜਾਂਦਾ ਹੈ। ਡਾ. ਗੁਰਪ੍ਰੀਤ ਧੁੱਗਾ ਨੇ ਇਸ ਸੈਸ਼ਨ ਦਾ ਨਿਚੋੜ ਕਰਦਿਆਂ ਕਿਹਾ ਕਿ ਡਾ. ਰਾਜੇਸ਼ ਸ਼ਰਮਾ ਹਮੇਸ਼ਾ ਸਾਨੂੰ ਸਾਹਿਤਕਾਰ ਵਜੋਂ ਆਪਣਾ ਕਰਤੱਵ ਪਛਾਣਨ ਲਈ ਪ੍ਰੇਰਦੇ ਹਨ। ਉਹਨਾਂ ਨੇ ਸਾਹਿਤ ਬਾਰੇ ਬਹੁਤ ਬਰੀਕ ਨੁਕਤੇ ਸਾਡੇ ਸਾਹਮਣੇ ਰੱਖੇ ਹਨ ਅਤੇ ਸਭ ਨੂੰ ਕੁਝ ਨਵਾਂ ਸਿੱਖਣ ਨੂੰ ਮਿਲਿਆ ਹੈ। ਹਰਜਿੰਦਰ ਕੰਗ ਨੇ ਇਸ ਸੈਸ਼ਨ ਦੀ ਸੰਚਾਲਨਾ ਕਰਦਿਆਂ ਵਿਚਾਰਾਂ ਦੀ ਲੜੀ ਜੋੜੀ ਰੱਖੀ ਅਤੇ ਵਿਚਾਰ ਚਰਚਾ ਨੂੰ ਰੋਚਿਕ ਬਣਾਈ ਰੱਖਿਆ। ਇਸ ਸੈਸ਼ਨ ਦੇ ਪ੍ਰਧਾਨਗੀ ਮੰਡਲ ਵਿੱਚ ਰਾਜਵੰਤ ਰਾਜ, ਗੁਲਸ਼ਨ ਦਿਆਲ, ਦਿਲ ਨਿੱਜਰ, ਅਮਰ ਸੂਫ਼ੀ ਅਤੇ ਹਰਪ੍ਰੀਤ ਕੌਰ ਧੂਤ ਵੀ ਸ਼ਾਮਲ ਹੋਏ।

ਬਲਬੀਰ ਸਿੰਘ MA ਨੇ ਅਮਰੀਕੀ ਜੰਪਪਲ ਬੱਚਿਆਂ ਨੂੰ ਉਦਾਹਰਣਾਂ ਦੇ ਕੇ ਸਹੀ ਉਚਾਰਨ ਸਿੱਖਣ ਦੀ ਤਾਕੀਦ ਕੀਤੀ। ਪ੍ਰਧਾਨਗੀ ਮੰਡਲ ਵਿੱਚ ਸਸ਼ੋਭਿਤ ਅਸ਼ੋਕ ਭੌਰਾ ਨੇ ਬੱਚਿਆਂ ਨੂੰ ਆਪਣੇ ਵਿਰਸੇ ਨਾਲ ਜੋੜਨ ਦੀ ਅਹਿਮੀਅਤ ਬਾਰੇ ਵਿਚਾਰ ਰੱਖੇ। ਉਹਨਾਂ ਕਿਹਾਕਿਭਾਸ਼ਾ ਅਤੇ ਸੰਗੀਤ ਆਪਣੇ ਵਿਰਸੇ ਦੀਆਂ ਕਦਰਾਂ ਕੀਮਤਾਂ ਨਾਲ ਜੁੜਨਦੇ ਬਹੁਤ ਵਧੀਆ ਮਾਧਿਅਮ ਹਨ। ਪੰਜਾਬੀ ਰੇਡੀ ਹੋਸਟ ਮਸੂਦ ਮੱਲ੍ਹੀ ਨੇ ਵੀ ਇਸ ਵਿਸ਼ੇ 'ਤੇ ਆਪਣੇ ਵਿਚਾਰ ਰੱਖੇ ਅਤੇ ਕਾਨਫ਼ਰੰਸ ਵਿੱਚ ਸ਼ਾਮਲ ਕਰਨ ਲਈ ਵਿਪਸਾ ਦਾ ਸ਼ੁਕਰੀਆ ਕੀਤਾ। ਜਗਜੀਤ ਨੌਸ਼ਹਿਰਵੀ ਨੇ ਕਿਹਾ ਕਿ ਇੰਗਲੈਂਡ ਵਿੱਚ ਸਭ ਤੋਂ ਪਹਿਲਾਂ ਪੰਜਾਬੀਆਂ ਪਰਵਾਸ ਕੀਤਾਪਰ ਉਹਨਾਂ ਦੀ ਚੌਥੀ ਪੀੜ੍ਹੀ ਪੰਜਾਬੀ ਤੋਂ ਦੂਰ ਹੋ ਗਈ ਸੀ ਪਰ ਅੱਜ ਦੇ ਪਰਵਾਸੀਆਂ ਕੋਲ ਨਵਾਂ ਮੀਡੀਆ, ਸੁਖਾਲੀ ਲਿਪੀਅਾਂਤਰ ਦੀ ਸਹੂਲਤ, ਸੰਗੀਤ/ ਵੀਡੀ ਅਤੇ ਪੰਜਾਬ ਨਾਲ ਸੰਚਾਰ ਦੇ ਸਸਤੇ ਸਾਧਨ ਹਨ, ਇਸ ਲਈ ਪੰਜਾਬੀ ਬਿਲਕੁਲ ਭੁੱਲ ਜਾਣ ਦਾ ਏਨਾ ਖਤਰਾ ਨਹੀਂ।

ਵਿਪਸਾ ਦੇ ਮੋਢੀ ਮੈਂਬਰ ਅਤੇ ਪਿਛਲੇ ਤਿੰਨ ਦਹਾਕਿਆਂ ਤੋਂ ਪੰਜਾਬੀ ਸੂਫੀ ਅਤੇ ਮਿਆਰੀ ਲੋਕ ਗਾਇਕੀ ਨਾਲ ਸ਼ਿੱਦਤ ਨਾਲ ਜੁੜੇ ਹੋਏ ਮਸ਼ਹੂਰ ਗਾਇਕ ਸੁਖਦੇਵ ਸਾਹਿਲ ਨੂੰ ਉਹਨਾਂ ਦੇ ਪੰਜਾਬੀ ਸੰਗੀਤ ਵਿੱਚ ਪਾਏ ਗਏ ਯੋਗਦਾਨ ਲਈ ਵਿਸ਼ੇਸ਼ ਸਨਮਾਨ ਦਿੱਤਾ ਗਿਆ। ਆਸ਼ਾ ਸ਼ਰਮਾ ਨੇ ਉਹਨਾਂ ਦੀ ਸਖ਼ਸ਼ੀਅਤ ਬਾਰੇ ਬੋਲਦਿਆਂ ਕਿਹਾ ਕਿ ਸੁਖਦੇਵ ਸਾਹਿਲ ਨੇ ਬਹੁਤ ਪੈਸੇ ਕਮਾਉਣ ਨਾਲੋਂ ਸਮਾਜ ਨੂੰ ਚੰਗੀ ਸੇਧ ਦੇਣ ਵਾਲੀ ਸੁੱਚੀ ਅਤੇ ਸੁਚੱਜੀ ਗਾਇਕੀ ਨੂੰ ਚੁਣਿਆ ਅਤੇ ਇਸਨੂੰ ਆਪਣਾ ਜੀਵਨ ਸਮਰਪਤ ਕੀਤਾ ਹੋਇਆ ਹੈ। ਕਾਨਫ਼ਰੰਸ ਦੇ ਅੰਤ ਵਿੱਚ ਵਿਸ਼ਾਲ ਕਵੀ ਦਰਬਾਰ ਹੋਇਆ। ਇਸ ਕਵੀ ਦਰਬਾਰ ਵਿੱਚ ਮੁਕੇਸ਼ ਸ਼ਰਮਾ, ਗੁਰਪ੍ਰੀਤ ਸੋਹਲ (ਸਿਆਟਲ), ਲਖਵਿੰਦਰ ਕੌਰ ਲੱਕੀ, ਨਛੱਤਰ ਭੋਗਲ (ਇੰਗਲੈਂਡ), ਸੰਤੋਖ ਸਿੰਘ ਮਿਨਹਾਸ, ਅਮਰਜੀਤ ਸਿੰਘ ਜੌਹਲ, ਅਮਰਜੀਤ ਕੌਰ ਪੰਨੂੰ, ਅਮਰ ਸੂਫ਼ੀ, ਹਰਿੰਦਰ ਕੌਰ ਸੋਹੀ, ਪਿਆਰਾ ਸਿੰਘ ਕੁੱਦੋਵਾਲ, ਬਲਦੇਵ ਬਾਵਾ, ਡਾ ਬਿਕਰਮ ਸੋਹੀ, ਹਰਪ੍ਰੀਤ ਕੌਰ ਧੂਤ, ਕੁਲਵੰਤ ਸੇਖੋਂ, ਮਨਦੀਪ ਗੋਰਾ, ਦਿਲ ਨਿੱਜਰ, ਹਰਜੀਤ ਹਠੂਰ, ਗਗਨਦੀਪ ਮਾਹਲ, ਅੰਜੂ ਮੀਰਾ, ਹਰਜਿੰਦਰ ਮੱਟੂ, ਰਾਜਵੰਤ ਰਾਜ, ਹਰਜਿੰਦਰ ਕੰਗ, ਡਾ ਅੰਬਰੀਸ਼, ਸੁਰਜੀਤ ਸਖੀ, ਹਰਦਮ ਮਾਨ, ਸੁਖਵਿੰਦਰ ਕੰਬੋਜ, ਸੁਰਿੰਦਰ ਸੀਰਤ, ਜਸਵੀਰ ਗਿੱਲ, ਤਾਹਿਰਾ ਸਰਾ ਅਤੇ ਸ਼ਾਇਰ ਜਸਵਿੰਦਰ ਨੇ ਆਪਣੀਆਂ ਗ਼ਜ਼ਲਾਂ, ਨਜ਼ਮਾਂ ਅਤੇ ਗੀਤਾਂ ਰਾਹੀਂਬੌਧਿਕ ਮਾਹੌਲ ਵਿੱਚ ਕਾਵਿਕ ਰਸ ਘੋਲ ਦਿੱਤਾ। ਵਿਪਸਾ ਦੇ ਕੁਲਵਿੰਦਰ ਅਤੇ ਜਗਜੀਤ ਨੌਸ਼ਹਿਰਵੀ ਨੇ ਕਿਹਾ ਕਿ ਉਹਨਾਂ ਨੂੰ ਅਫਸੋਸ ਹੈ ਕਿ ਬਾਕੀ ਪ੍ਰੋਗਰਾਮ ਲੰਮਾ ਹੋ ਜਾਣ ਕਾਰਣ ਬਹੁਤ ਸਾਰੇ ਨਾਮਵਰ ਕਵੀ ਆਪਣੀਆਂ ਰਚਨਾਵਾਂਨਾ ਸੁਣਾ ਸਕੇ। ਇਹਨਾਂ ਵਿੱਚਕਾਕਾ ਕਲੇਰ, ਸੁੱਖ ਗਿੱਲ, ਆਜ਼ੀਮ ਤੱਤਲਾ, ਗੁਲਸ਼ਨ ਦਿਆਲ, ਕਰਨੈਲ ਸਿੰਘ ਕੈਲ, ਐਸ਼ ਕੁਮ ਐਸ਼, ਚਰਨਜੀਤ ਸਿੰਘ ਪੰਨੂ, ਗੁਰਦੀਪ ਕਲਾਲਵਾਲਾ, ਜਸਵੰਤ ਸ਼ਾਦ,ਤਾਰਾ ਸਿੰਘ ਸਾਗਰ, ਕੁਲਵਿੰਦਰ ਬਾਠ, ਮਨਜੀਤ ਕੌਰ ਸੇਖੋਂ, ਜੋਤ ਰਣਜੀਤਜੋਤ, ਹਰਜੀਤ ਹਮਸਫ਼ਰ, ਡਾ. ਗੁਰਪ੍ਰੀਤ ਧੁੱਗਾ, ਪੰਕਜ ਆਂਸਲ, ਸਤਨਾਮ ਸਿੰਘ ਖਾਲਸਾ (ਸਾਡੇ ਲੋਕ), ਜਗਤਾਰ ਗਿੱਲ, ਸ਼ਾਇਰ ਕੁਲਵਿੰਦਰ, ਜਗਜੀਤ ਨੌਸ਼ਹਿਰਵੀ ਅਤੇ ਲਾਜ ਨੀਲਮ ਸੈਣੀ ਸ਼ਾਮਲ ਹਨ। ਸਾਰੇ ਹਾਜ਼ਰ ਕਵੀਆਂ ਅਤੇ ਸਰੋਤਿਆਂ ਨੇ ਬੜੇ ਪਿਆਰ ਨਾਲ ਕਵੀ ਦਰਬਾਰ ਦਾ ਆਨੰਦ ਮਾਣਿਆ। ਵਿਪਸਾ ਨੂੰ ਫ਼ਖਰ ਹੈ ਕਿ ਮਕਬੂਲ ਪੰਜਾਬੀ ਸ਼ਾਇਰਾ ਤਾਹਿਰਾ ਸਰਾ ਕਵੀ ਦਰਬਾਰ ਦੇ ਮੁੱਖ ਮਹਿਮਾਨਸਨ ਅਤੇਭਾਰਤੀ ਸਾਹਿਤ ਅਕਾਦਮੀ ਸਨਮਾਨਿਤ ਕਨੇਡਾ ਤੋਂ ਸ਼ਾਇਰ ਜਸਵਿੰਦਰ ਨੇ ਇਸ ਕਵੀ ਦਰਬਾਰ ਦੀ ਪ੍ਰਧਾਨਗੀ ਕੀਤੀ। ਪ੍ਰਧਾਨਗੀ ਮੰਡਲ ਵਿੱਚ ਕੁਲਵਿੰਦਰ, ਸੁਰਿੰਦਰ ਸੀਰਤ, ਸੁਰਜੀਤ ਸਖੀ, ਸੁਖਵਿੰਦਰ ਕੰਬੋਜ, ਰਾਜਵੰਤ ਰਾਜ, ਡਾ ਅੰਬਰੀਸ਼ ਅਤੇ ਹਰਦਮ ਮਾਨ ਸ਼ਾਮਲ ਹੋਏ।

ਇਸ ਮੌਕੇ ਨਵੇਂ ਸਾਹਿਤਕ ਹਰਫ਼ਾਂ ਨੂੰ ਜੀ ਆਇਆਂ ਕਹਿੰਦਿਆਂ ਕੁਝ ਅਹਿਮ ਪੁਸਤਕਾਂ ਵੀ ਰਿਲੀਜ਼ ਕੀਤੀਆਂ ਗਈਆਂ ਅਤੇ ਆਏ ਹੋਏ ਵਿਦਵਾਨਾਂ ਤੇ ਸਾਹਿਤਕਾਰਾਂ ਦਾ ਵਿਸ਼ੇਸ਼ ਮਾਣ-ਸਨਮਾਨ ਕੀਤਾ ਗਿਆ। ਕਾਨਫਰੰਸ ਦੀ ਸਫ਼ਲਤਾ ਪਿੱਛੇ ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਦੇ ਪ੍ਰਧਾਨ ਸ਼ਾਇਰ ਕੁਲਵਿੰਦਰ, ਜਨਰਲ ਸਕੱਤਰ ਜਗਜੀਤ ਨੌਸ਼ਹਿਰਵੀ, ਲਾਜ ਨੀਲਮਸੈਣੀ, ਪ੍ਰੋ। ਹਰਿੰਦਰ ਕੌਰ ਸੋਹੀ ਅਤੇ ਹਰਜਿੰਦਰ ਕੰਗ ਦਾ ਸੁਚੱਜਾ ਅਤੇ ਭਾਵਪੂਰਤ ਮੰਚ ਸੰਚਾਲਨ ਸੀ, ਜਿਨ੍ਹਾਂ ਨੇ ਪੂਰੇ ਪ੍ਰੋਗਰਾਮ ਨੂੰ ਇੱਕ ਲੜੀ ਵਿੱਚ ਪਰੋਈ ਰੱਖਿਆ। ਵਿਪਸਾ ਦੇ ਸਰਗਰਮ ਮੈਂਬਰਾਂ ਅਤੇ ਸਹਿਯੋਗੀਆਂ ਸੁਰਜੀਤ ਸਖੀ, ਸੁਰਿੰਦਰ ਸੀਰਤ, ਸੰਦੀਪ ਕੌਰ, ਕੰਵਲਦੀਪ ਕੌਰ, ਵਿਜੈ ਸਿੰਘ, ਧਰਮਿੰਦਰ ਸਿੰਘ, ਮੁਕੇਸ਼ ਸ਼ਰਮਾ, ਰਿੰਮੀ ਸੰਧੂ, ਜੋਤੀ ਸਵੈਚ, ਡਾ ਬਿਕਰਮ ਸੋਹੀ,ਅਤੇ ਮਹਿੰਗਾ ਸਿੰਘ ਸਰਪੰਚ ਨੇ ਕਾਨਫ਼ਰੰਸ ਦੀ ਸਫਲਤਾ ਲਈ ਵਿਸ਼ੇਸ਼ ਸਹਿਯੋਗ ਦਿੱਤਾ। ਵਿਪਸਾ ਦੇ ਸਹਿਯੋਗੀਆਂ ਅਤੇ ਸਪਾਂਸਰਾਂ ਡਾ ਜਸਵੀਰ ਗਿੱਲ, ਪ੍ਰੋ ਸੁਖਦੇਵ ਸਿੰਘ, ਮੱਖਣ ਸਿੰਘ ਬੈਂਸ ਅਤੇ ਸ੍ਰ ਰਵਿੰਦਰ ਸਿੰਘ ਖਾਲਸਾ(ਰਾਜਾ ਸਵੀਟਸ),ਡਾ ਸਰਬ ਹੁੰਦਲ, ਸੁਰਿੰਦਰ ਸਿੰਘ ਧਨੋਆ, ਪ੍ਰੋ ਬਲਵਿੰਦਰ ਲਾਲੀ ਧਨੋਆ, ਬਲਜਿੰਦਰ ਸਵੈਚ, ਡਾ ਗੁਰਪ੍ਰੀਤ ਧੁੱਗਾ, ਲਵਪ੍ਰੀਤ ਸਿੰਘ ਪੰਨੂੰਅਤੇ ਡਾ ਅਜੀਤਪਾਲ ਸੰਧੂ ਨੇ ਇਸ ਕਾਨਫ਼ਰੰਸ ਨੂੰ ਸਫਲ ਬਨਾਉਣ ਲਈ ਵਿਪਸਾ ਦੀ ਵੱਡੀ ਆਰਥਿਕ ਮਦਦ ਕੀਤੀ। ਪੰਜਾਬੀ ਰੇਡੀ ਯੂ ਐਸ ਏ ਦੇ ਸਰਦਾਰ ਹਰਜੋਤ ਸਿੰਘ ਖਾਲਸਾ, ਬਲਵਿੰਦਰ ਕੌਰ ਖਾਲਸਾ ਅਤੇ ਮਸੂਦ ਮੱਲ੍ਹੀ ਨੇ ਇਸ ਕਾਨਫ਼ਰੰਸ ਵਿੱਚ ਖ਼ਾਸ ਸਹਿਯੋਗ ਦਿੱਤਾ। ਸਿਤਾਰੇ ਟੀਵੀ, ਜੋਤ ਰਣਜੀਤ ਜੋਤ, ਹਰਦਮ ਮਾਨ ਅਤੇ ਜਸਵੀਰ ਸਿਘ ਭੰਵਰਾ ਨੇ ਕਾਨਫ਼ਰੰਸ ਦੀ ਲਗਾਤਾਰ ਕਵਰੇਜ਼ ਕੀਤੀ।

*ਜਾਰੀ ਕਰਤਾ: ਜਗਜੀਤ ਨੌਸ਼ਹਿਰਵੀ*
*ਜਨਰਲ ਸਕੱਤਰ, ਵਿਸ਼ਵ ਪੰਜਾਬੀ ਸਾਹਿਤ ਅਕਾਦਮੀ,*
*ਕੈਲੀਫ਼ੋਰਨੀਆ (ਵਿਪਸਾ) 510-676-1565*

# ਖੇਡਾਂ ਵਿਚ ਪੰਜਾਬ ਦਾ ਯੋਗਦਾਨ

ਯੋਧਿਆਂ ਅਤੇ ਸੂਰਮਿਆਂ ਦੀ ਧਰਤੀ ਹੋਣ ਨਾਤੇ, ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਖੇਡਾਂ ਮੇਰੇ ਅਤੇ ਪੰਜਾਬ ਲਈ ਕੀ ਮਾਅਨੇ ਰੱਖਦੀਆਂ ਹਨ। ਅਸੀਂ ਅਜਿਹਾ ਸੂਬਾ ਹਾਂ ਜਿੱਥੇ ਕਿਰਤੀ ਕਿਸਾਨ ਅਤੇ ਸੂਰਮੇ ਬਰਾਬਰ ਵੱਸਦੇ ਹਨ। ਮਿਹਨਤ ਅਤੇ ਪਸੀਨਾ ਸਾਡੀ ਖੇਤੀ ਅਤੇ ਖੇਡਾਂ ਦੋਵਾਂ ਦਾ ਅਨਿੱਖੜਵਾਂ ਅੰਗ ਹਨ। ਇਹ ਸਾਡੇ ਸੁਭਾਅ ਦਾ ਹੀ ਇੱਕ ਵਿਸਥਾਰ ਹੈ। ਪੰਜਾਬ ਵਿੱਚ ਖੇਡ ਸੱਭਿਆਚਾਰ ਨੂੰ ਮੁੜ ਸੁਰਜੀਤ ਕਰਨਾ ਮੁੱਖ ਮੰਤਰੀ ਵਜੋਂ ਮੇਰੇ ਮੋਹਰੀ ਕੰਮਾਂ ਵਿੱਚੋਂ ਇੱਕ ਸੀ। ਇਹੀ ਮੁੱਖ ਕਾਰਨ ਸੀ ਕਿ ਮੈਂ ਖੇਡ ਮਹਿਕਮਾ ਖ਼ੁਦ ਆਪਣੇ ਕੋਲ (ਮੁੱਖ ਮੰਤਰੀ ਦਫ਼ਤਰ ਅਧੀਨ) ਰੱਖਣ ਦਾ ਫ਼ੈਸਲਾ ਕੀਤਾ। ਇਸ ਖੇਤਰ ਵਿੱਚ ਸਾਡੇ ਕੋਲ ਮਾਣ ਕਰਨ ਲਈ ਬਹੁਤ ਕੁਝ ਹੈ। ਭਾਰਤ ਦੀ ਲੰਪਿਕ ਤਗ਼ਮਾ ਸੂਚੀ ਵਿੱਚ ਪੰਜਾਬ ਦਾ ਯੋਗਦਾਨ ਹੋਰ ਵਧਾਉਣ ਦੀਆਂ ਸਾਡੀਆਂ ਯੋਜਨਾਵਾਂ ਬਾਰੇ ਗੱਲ ਕਰਨ ਤੋਂ ਪਹਿਲਾਂ ਮੈਂ ਮੁਹਾਲੀ, ਪਟਿਆਲਾ ਅਤੇ ਬਠਿਡਾ ਦੇ ਵਸਨੀਕਾਂ ਦਾ ਤਹਿ ਦਿਲੋਂ ਧੰਨਵਾਦ ਕਰਨਾ ਚਾਹੁੰਦਾ ਹਾਂ, ਜੋ ਲਗਾਤਾਰ ਮੈਰਾਥਨ ਵਿੱਚ ਵੱਡੀ ਗਿਣਤੀ ਵਿੱਚ ਹਿੱਸਾ ਲੈ ਰਹੇ ਹਨ। ਬਠਿੰਡਾ ਵਿਖੇ ਹੋਈ ਆਖ਼ਰੀ ਦੌੜ ਵਿੱਚ ਵੱਖ-ਵੱਖ ਉਮਰ ਵਰਗਾਂ ਦੇ 20,000 ਤੋਂ ਵੱਧ ਦੌੜਾਕਾਂ ਨੇ ਸ਼ਿਰਕਤ ਕਰਕੇ ਆਪਣੇ ਸ਼ਹਿਰ ਅਤੇ ਸੂਬੇ ਦਾ ਨਾਂ ਰੌਸ਼ਨ ਕੀਤਾ। ਆਉਣ ਵਾਲੇ ਮਹੀਨਿਆਂ ਵਿੱਚ ਸੂਬੇ ਭਰ ਵਿੱਚ ਅਜਿਹੀਆਂ ਹੋਰ ਮੈਰਾਥਨ ਕਰਵਾਈਆਂ ਜਾਣਗੀਆਂ।

ਖੇਡ ਸੱਭਿਆਚਾਰ ਦੀ ਅਸਲ ਸ਼ੁਰੂਆਤ ਪਿੰਡਾਂ ਵਿੱਚੋਂ ਹੁੰਦੀ ਹੈ, ਜਿਸ ਦੀ ਮਿਸਾਲ ਸਾਡੀਆਂ 'ਪੇਂਡੂ ਲੰਪਿਕ ਖੇਡਾਂ' ਅਤੇ ਚੱਲ ਰਹੀਆਂ 'ਖੇਡਾਂ ਵਤਨ ਪੰਜਾਬ ਦੀਆਂ' ਹਨ। ਇਹ ਪੰਜਾਬ ਦੇ ਪਿੰਡਾਂ ਅਤੇ ਸ਼ਹਿਰਾਂ ਵਿੱਚ 38 ਵੱਖ-ਵੱਖ ਖੇਡਾਂ ਵਿੱਚ ਖੇਡ ਪ੍ਰਤਿਭਾ ਨੂੰ ਤਰਾਸ਼ਣ ਅਤੇ ਉਤਸ਼ਾਹਿਤ ਕਰਨ ਦਾ ਸਾਡਾ ਨਿਵੇਕਲਾ ਯਤਨ ਹੈ। ਸਾਲ 2022 ਤੋਂ ਪਹਿਲਾਂ ਪੰਜਾਬ ਵਿੱਚ ਕਦੇ ਵੀ ਇੰਨੇ ਵੱਡੇ ਪੱਧਰ 'ਤੇ ਅਜਿਹਾ ਕੋਈ ਉਪਰਾਲਾ ਨਹੀਂ ਕੀਤਾ ਗਿਆ ਸੀ। ਇਸ ਤੋਂ ਪਹਿਲਾਂ ਵਾਲੀਆਂ ਸਰਕਾਰਾਂ ਨੇ ਸਾਡੇ ਪਿੰਡਾਂ ਅਤੇ ਕਸਬਿਆਂ ਵਿੱਚ ਲੁਕੇ ਹੋਏ ਖੇਡ ਹੁਨਰ ਨੂੰ ਨਿਖਾਰਨ ਲਈ ਲੋੜੀਂਦਾ ਬੁਨਿਆਦੀ ਢਾਂਚਾ ਅਤੇ ਸਹਿਯੋਗ ਪ੍ਰਣਾਲੀ ਕਦੇ ਤਿਆਰ ਨਹੀਂ ਕੀਤੀ ਸੀ।

ਪਰ ਸਿਰਫ਼ ਮੁਕਾਬਲੇ ਕਰਵਾਉਣ ਨਾਲ ਹੀ ਚੈਂਪੀਅਨ ਤਿਆਰ ਨਹੀਂ ਹੁੰਦੇ। ਕਿਸੇ ਬੱਚੇ ਨੂੰ ਖੇਡਣ ਲਈ ਮੈਦਾਨ, ਅਗਵਾਈ ਲਈ ਕੋਚ, ਸਿਖਲਾਈ ਲਈ ਸਾਜ਼ੋ-ਸਾਮਾਨ ਅਤੇ ਮੁਕਾਬਲਾ ਕਰਨ ਲਈ ਮੌਕੇ ਦੀ ਲੋੜ ਹੁੰਦੀ ਹੈ। ਅਸੀਂ ਇਹੀ ਸਭ ਕੁਝ ਤਿਆਰ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ। ਪੰਜਾਬ ਸਰਕਾਰ ਅੰਤਰਰਾਸ਼ਟਰੀ ਪੱਧਰ ਦੇ ਖਿਡਾਰੀ ਤਿਆਰ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਪਿਛਲੀਆਂ ਪੰਜ ਲੰਪਿਕ ਖੇਡਾਂ (2008-24) ਵਿੱਚ ਭਾਰਤ ਦੀ ਝੋਲੀ ਪਏ ਕੁੱਲ ਤਗਮਿਆਂ ਦੀ ਵੱਧ ਤੋਂ ਵੱਧ ਗਿਣਤੀ ਸੱਤ ਹੀ ਰਹੀ ਹੈ। ਪੰਜਾਬ ਦੇ ਮੁੱਖ ਮੰਤਰੀ ਵਜੋਂ ਮੈਂ ਇਹ ਯਕੀਨੀ ਬਣਾਉਣ ਲਈ ਆਪਣੀ ਪੂਰੀ ਵਾਹ ਲਾ ਦੇਵਾਂਗਾ ਕਿ ਸਾਲ 2036 ਦੀਆਂ ਲੰਪਿਕ ਖੇਡਾਂ ਵਿੱਚ ਭਾਰਤ ਦੀ ਤਗ਼ਮਾ ਸੂਚੀ ਵਿੱਚ ਪੰਜਾਬੀ ਵੱਡਾ ਯੋਗਦਾਨ ਪਾਉਣ। ਮੈਂ ਚਾਹੁੰਦਾ ਹਾਂ ਕਿ ਪੰਜਾਬੀ 2036 ਦੀਆਂ ਲੰਪਿਕ ਖੇਡਾਂ ਵਿੱਚ ਭਾਰਤ ਲਈ ਘੱਟੋ-ਘੱਟ ਤਿੰਨ ਤੋਂ ਚਾਰ ਸੋਨ ਤਗ਼ਮੇ ਜਿੱਤ ਕੇ ਆਉਣ।

ਪੰਜਾਬ ਕੋਲ ਪਹਿਲਾਂ ਹੀ ਮਾਣ ਕਰਨ ਲਈ ਬਹੁਤ ਕੁਝ ਹੈ। ਸੂਬੇ ਦੇ ਚਾਰ ਖਿਡਾਰੀ ਇਸ ਸਮੇਂ ਕ੍ਰਿਕਟ, ਹਾਕੀ ਅਤੇ ਬਾਸਕਟਬਾਲ ਵਿੱਚ ਭਾਰਤ ਦੀਆਂ ਕੌਮੀ ਟੀਮਾਂ ਦੀ ਕਪਤਾਨੀ ਕਰ ਰਹੇ ਹਨ, ਜਦੋਂ ਕਿ ਬੀਤੇ ਸਮੇਂ ਵਿੱਚ ਇੱਕ ਪੰਜਾਬੀ ਫੁੱਟਬਾਲ ਖਿਡਾਰੀ ਨੂੰ ਵੀ ਕੌਮੀ ਟੀਮ ਦੀ ਕਪਤਾਨੀ ਕਰਨ ਦਾ ਮਾਣ ਹਾਸਲ ਹੋ ਚੁੱਕਿਆ ਹੈ। ਚੀਨ ਦੇ ਹਾਂਗਜ਼ੂ ਵਿਖੇ ਹੋਈਆਂ 2023 ਦੀਆਂ ਏਸ਼ਿਆਈ ਖੇਡਾਂ ਵਿੱਚ ਪੰਜਾਬ ਦੇ ਖਿਡਾਰੀਆਂ ਨੇ ਭਾਰਤ ਲਈ 19 ਤਗਮੇ ਅੱਠ ਸੋਨੇ, ਛੇ ਚਾਂਦੀ ਅਤੇ ਪੰਜ ਕਾਂਸੀ ਦੇ ਤਗ਼ਮੇ ਜਿੱਤੇ ਸਨ। ਇਹ ਪ੍ਰਾਪਤੀਆਂ ਪੰਜਾਬ ਦੀ ਖੇਡ ਪ੍ਰਤਿਭਾ ਨੂੰ ਬਿਆਨ ਕਰਦੀਆਂ ਹਨ। ਸਾਡਾ ਮੁੱਖ ਟੀਚਾ ਹੁਣ ਅਜਿਹੇ ਮਾਹੌਲ, ਕੋਚਿੰਗ ਅਤੇ ਮੌਕਿਆਂ ਦੀ ਸਿਰਜਣਾ ਕਰਨਾ ਹੈ ਜੋ ਇਸ ਪ੍ਰਤਿਭਾ ਨੂੰ ਹੋਰ ਅੱਗੇ ਲੈ ਕੇ ਜਾਣ।

ਸਾਲ 2022 ਤੋਂ ਲੈ ਕੇ ਅਸੀਂ ਖੇਡਾਂ ਦੇ ਬੁਨਿਆਦੀ ਢਾਂਚੇ ਵਿੱਚ ਵੱਡੇ ਨਿਵੇਸ਼ ਕੀਤੇ ਹਨ ਤਾਂ ਜੋ ਵਧੀਆ ਸਟੇਡੀਅਮ, ਖੇਡ ਸਹੂਲਤਾਂ ਅਤੇ ਮੈਦਾਨ ਨਾ ਸਿਰਫ਼ ਵੱਡੇ ਸ਼ਹਿਰਾਂ ਅਤੇ ਕਸਬਿਆਂ ਵਿੱਚ, ਸਗੋਂ ਜ਼ਿਲ੍ਹਾ ਅਤੇ ਪਿੰਡ ਪੱਧਰ 'ਤੇ ਵੀ ਆਸਾਨੀ ਨਾਲ ਉਪਲਬਧ ਹੋ ਸਕਣ। ਅਸੀਂ ਲੇਜ਼ਰ-ਗਾਈਡਡ ਸਿਸਟਮ, ਚੇਨ-ਲਿੰਕ ਫੈਂਸਿੰਗ ਵਾਲੀ ਚਾਰਦੀਵਾਰੀ, ਫਲੱਡ ਲਾਈਟਾਂ, ਜੌਗਿੰਗ ਟਰੈਕਾਂ ਅਤੇ ਵੱਖ-ਵੱਖ ਖੇਡਾਂ ਦੀਆਂ ਸਹੂਲਤਾਂ ਨਾਲ ਲੈਸ 3,000 ਆਧੁਨਿਕ ਪੇਂਡੂ ਖੇਡ ਮੈਦਾਨ ਤਿਆਰ ਕਰ ਰਹੇ ਹਾਂ। ਇਸ ਦੇ ਨਾਲ ਹੀ ਅਸੀਂ ਫੁੱਟਬਾਲ, ਵਾਲੀਬਾਲ, ਕ੍ਰਿਕਟ ਅਤੇ ਹੋਰ ਖੇਡਾਂ ਲਈ ਮਿਆਰੀ ਖੇਡ ਕਿੱਟਾਂ ਵੀ ਮੁਹੱਈਆ ਕਰਵਾ ਰਹੇ ਹਾਂ ਤਾਂ ਜੋ ਸਾਡੇ ਨੌਜਵਾਨਾਂ ਕੋਲ ਸਿਖਲਾਈ ਲਈ ਲੋੜੀਂਦਾ ਸਾਰਾ ਸਾਜ਼ੋ-ਸਾਮਾਨ ਮੌਜੂਦ ਹੋਵੇ। ਅਸੀਂ ਪੰਜਾਬ ਭਰ ਦੇ ਪਿੰਡਾਂ ਵਿੱਚ ਇਨਡੋਰ ਜਿਮ ਵੀ ਬਣਾ ਰਹੇ ਹਾਂ ਤਾਂ ਜੋ ਵੱਖ-ਵੱਖ ਉਮਰ ਵਰਗਾਂ ਦੇ ਲੋਕਾਂ ਵਿੱਚ ਤੰਦਰੁਸਤੀ ਅਤੇ ਖੇਡ ਸਿਖਲਾਈ ਨਾਲ਼ੋ-ਨਾਲ਼ ਚੱਲ ਸਕੇ। ਜਿਉਂ ਹੀ ਅਸੀਂ ਇਨ੍ਹਾਂ ਖੇਡ ਮੈਦਾਨਾਂ ਅਤੇ ਜਿਮਾਂ ਦੀ ਉਸਾਰੀ ਦਾ ਕੰਮ ਮੁਕੰਮਲ ਕਰ ਲਵਾਂਗੇ, ਅਸੀਂ ਅਗਲੇ 3,000 ਪਿੰਡਾਂ ਵੱਲ ਕਦਮ ਵਧਾਵਾਂਗੇ ਅਤੇ ਇਹ ਸਿਲਸਿਲਾ ਪੰਜਾਬ ਦੇ ਹਰ ਪਿੰਡ ਦੇ ਕਵਰ ਹੋਣ ਤੱਕ ਜਾਰੀ ਰਹੇਗਾ। 'ਖੇਡਾਂ ਵਤਨ ਪੰਜਾਬ ਦੀਆਂ' ਵਰਗੇ ਸਾਡੇ ਸਾਲਾਨਾ ਖੇਡ ਮੁਕਾਬਲੇ ਵੀ ਇਸੇ ਲਈ ਅਹਿਮ ਹਨ। ਪਿੰਡ ਵਿੱਚ ਖੇਡਣ ਵਾਲੇ ਕਿਸੇ ਵੀ ਬੱਚੇ ਨੂੰ ਅੱਗੇ ਵਧਣ, ਆਪਣੀ ਪ੍ਰਤਿਭਾ ਨੂੰ ਮਾਨਤਾ ਦਿਵਾਉਣ ਅਤੇ ਇਹ ਦੇਖਣ ਦਾ ਪੂਰਾ ਮੌਕਾ ਮਿਲਣਾ ਚਾਹੀਦਾ ਹੈ ਕਿ ਉਸ ਦੀ ਪ੍ਰਤਿਭਾ ਉਸ ਨੂੰ ਕਿੱਥੋਂ ਤੱਕ ਲੈ ਕੇ ਜਾ ਸਕਦੀ ਹੈ। 'ਪੇਂਡੂ ਲੰਪਿਕ' ਅਤੇ 'ਖੇਡਾਂ ਵਤਨ ਪੰਜਾਬ ਦੀਆਂ' ਪੰਜਾਬ ਵਿੱਚ ਖੇਡਾਂ ਅਤੇ ਖੇਡ ਸੱਭਿਆਚਾਰ ਦੇ ਵਿਕਾਸ ਲਈ ਬਹੁਤ ਮਹੱਤਵਪੂਰਨ ਸ਼ੁਰੂਆਤੀ ਕੜੀਆਂ ਹਨ।



ਭਗਵੰਤ ਸਿੰਘ ਮਾਨ
ਮੁੱਖ ਮੰਤਰੀ, ਪੰਜਾਬ

ਅਸੀਂ ਖੇਡਾਂ ਨੂੰ ਨਸ਼ਿਆਂ ਦੀ ਅਲਾਮਤ ਵਿਰੁੱਧ ਪੰਜਾਬ ਦੀ ਲੜਾਈ ਦੇ ਇੱਕ ਅਹਿਮ ਹਿੱਸੇ ਵਜੋਂ ਵੀ ਦੇਖਦੇ ਹਾਂ। ਖੇਡ ਸਰਗਰਮੀਆਂ ਵਿੱਚ ਹਿੱਸਾ ਲੈਣ ਨਾਲ ਸਾਡੇ ਨੌਜਵਾਨਾਂ ਦੀ ਊਰਜਾ ਨੂੰ ਸਹੀ ਅਤੇ ਉਸਾਰੂ ਦਿਸ਼ਾ ਮਿਲਦੀ ਹੈ। ਖੇਡ ਮੈਦਾਨ ਸਿਰਫ਼ ਸਿਖਲਾਈ ਅਤੇ ਮੁਕਾਬਲੇ ਦੀਆਂ ਥਾਵਾਂ ਹੀ ਨਹੀਂ ਹਨ, ਸਗੋਂ ਇਹ ਅਜਿਹੀ ਸਾਂਝੀ ਥਾਂ ਹੈ ਜਿੱਥੇ ਨੌਜਵਾਨ ਇਕੱਠੇ ਹੋ ਕੇ ਸਰਗਰਮ ਰਹਿ ਸਕਦੇ ਹਨ ਅਤੇ ਆਪਣੇ ਵਿੱਚ ਅਨੁਸ਼ਾਸਨ ਦੀ ਭਾਵਨਾ ਪੈਦਾ ਕਰ ਸਕਦੇ ਹਨ। ਮੁਕਾਬਲੇ ਦੀ ਭਾਵਨਾ ਉਨ੍ਹਾਂ ਨੂੰ ਸਥਾਨਕ ਅਤੇ ਸੂਬਾ ਪੱਧਰ 'ਤੇ ਮੱਲਾਂ ਮਾਰਨ ਲਈ ਉਤਸ਼ਾਹਿਤ ਕਰਦੀ ਹੈ। ਪੰਜਾਬ ਲੰਮੇ ਸਮੇਂ ਤੋਂ ਦੇਸ਼ ਦੀ 'ਖੇਡਾਂ ਦੀ ਨਰਸਰੀ' ਵਜੋਂ ਜਾਣਿਆ ਜਾਂਦਾ ਰਿਹਾ ਹੈ। ਸਾਡੇ ਨੌਜਵਾਨਾਂ ਵਿੱਚ ਇਸ ਮਾਣਮੱਤੇ ਵਿਰਸੇ ਨੂੰ ਹੋਰ ਅੱਗੇ ਲਿਜਾਣ ਲਈ ਲੋੜੀਂਦੀ ਊਰਜਾ ਅਤੇ ਪ੍ਰਤਿਭਾ ਦੋਵੇਂ ਮੌਜੂਦ ਹਨ। ਸਾਨੂੰ ਬਸ ਉਨ੍ਹਾਂ ਨੂੰ ਢੁਕਵਾਂ ਬੁਨਿਆਦੀ ਢਾਂਚਾ, ਕੋਚਿੰਗ ਅਤੇ ਮੌਕੇ ਮੁਹੱਈਆ ਕਰਵਾਉਣ ਦੀ ਲੋੜ ਹੈ।

ਇਹ ਸਭ ਕੁਝ ਸਿਰਫ਼ ਨੌਜਵਾਨਾਂ ਤੱਕ ਹੀ ਸੀਮਤ ਨਹੀਂ ਹੈ, ਸਗੋਂ ਇਹ ਪੰਜਾਬ ਦੇ ਹਰ ਨਾਗਰਿਕ ਲਈ ਇੱਕ ਸੁਨੇਹਾ ਹੈ। ਮਾਪਿਆਂ ਅਤੇ ਘਰ ਦੇ ਬਜ਼ੁਰਗਾਂ ਤੋਂ ਲੈ ਕੇ ਅਧਿਆਪਕਾਂ ਅਤੇ ਕੋਚਾਂ ਤੱਕ, ਹਰ ਵਿਅਕਤੀ ਦਾ ਪੰਜਾਬ ਵਿੱਚ ਖੇਡਾਂ ਨੂੰ ਪ੍ਰਫੁੱਲਿਤ ਕਰਨ ਵਿੱਚ ਅਹਿਮ ਯੋਗਦਾਨ ਹੈ। 'ਖੇਡਾਂ ਵਤਨ ਪੰਜਾਬ ਦੀਆਂ' ਦੀ ਸ਼ੁਰੂਆਤ ਇਸ ਸਾਲ 5 ਸਤੰਬਰ ਨੂੰ ਹੋਈ, ਜਿਸ ਨੂੰ ਅਸੀਂ 'ਅਧਿਆਪਕ ਦਿਵਸ' ਵਜੋਂ ਮਨਾਉਂਦੇ ਹਾਂ। ਇਸ ਲਈ ਇਹ ਸਿਰਫ਼ ਸਾਡੀਆਂ ਜਮਾਤਾਂ ਦੇ ਅਧਿਆਪਕਾਂ ਨੂੰ ਹੀ ਨਹੀਂ, ਸਗੋਂ ਖੇਡ ਮੈਦਾਨਾਂ ਅਤੇ ਸਟੇਡੀਅਮ ਦੇ ਕੋਚਾਂ ਤੇ ਟ੍ਰੇਨਰਾਂ ਨੂੰ ਵੀ ਸਿਜਦਾ ਹੈ। ਤੁਸੀਂ ਹੀ ਉਹ ਅਧਿਆਪਕ ਹੋ, ਜੋ ਖੇਡ ਮੈਦਾਨਾਂ ਵਿੱਚ ਨੌਜਵਾਨਾਂ ਨੂੰ ਤਰਾਸ਼ਦੇ ਹੋ। ਤੁਹਾਡਾ ਗਿਆਨ, ਤਜਰਬਾ ਅਤੇ ਮੁਹਾਰਤ ਖਿਡਾਰੀਆਂ ਦੀ ਅਗਲੀ ਪੀੜ੍ਹੀ ਨੂੰ ਅੱਗੇ ਵਧਾਉਣ ਅਤੇ ਉਨ੍ਹਾਂ ਨੂੰ ਮੰਜ਼ਿਲ ਤੱਕ ਪਹੁੰਚਾਉਣ ਵਿੱਚ ਅਹਿਮ ਰੋਲ ਅਦਾ ਕਰੇਗੀ। ਕੇਵਲ ਸਰਕਾਰ ਆਪਣੇ ਬਲਬੂਤੇ 'ਤੇ ਮਜ਼ਬੂਤ ਖੇਡ ਸੱਭਿਆਚਾਰ ਨਹੀਂ ਸਿਰਜ ਸਕਦੀ। ਮਾਪਿਆਂ ਨੂੰ ਆਪਣੇ ਬੱਚਿਆਂ ਨੂੰ ਖੇਡਾਂ ਵੱਲ ਪ੍ਰੇਰਿਤ ਕਰਨਾ ਪਵੇਗਾ, ਕੋਚਾਂ ਨੂੰ ਪ੍ਰਤਿਭਾ ਨੂੰ ਪਛਾਣ ਕੇ ਉਸ ਨੂੰ ਤਰਾਸ਼ਣਾ ਪਵੇਗਾ ਅਤੇ ਪਿੰਡਾਂ ਤੇ ਭਾਈਚਾਰਿਆਂ ਨੂੰ ਆਪਣੇ ਖਿਡਾਰੀਆਂ 'ਤੇ ਮਾਣ ਮਹਿਸੂਸ ਕਰਨਾ ਪਵੇਗਾ।

ਅਸੀਂ ਸਭ ਮਿਲ ਕੇ ਹੀ ਇਸ ਨੂੰ ਹਕੀਕਤ ਵਿੱਚ ਬਦਲ ਸਕਦੇ ਹਾਂ। ਅਸੀਂ ਸਭ ਮਿਲ ਕੇ ਹੀ ਪੰਜਾਬ ਹਾਂ ਅਤੇ ਅਸੀਂ ਸਾਰੇ ਮਿਲ ਕੇ ਹੀ 'ਪੰਜਾਬੀਅਤ' ਦੀ ਅਸਲ ਰੂਹ ਨੂੰ ਦਰਸਾਉਂਦੇ ਹਾਂ। 'ਖੇਡਾਂ ਵਤਨ ਪੰਜਾਬ ਦੀਆਂ' ਸਿਰਫ਼ ਖੇਡਾਂ ਅਤੇ ਖੇਡ ਸੱਭਿਆਚਾਰ ਦਾ ਜਸ਼ਨ ਨਹੀਂ ਹੈ, ਸਗੋਂ ਇਹ ਪੰਜਾਬੀਅਤ ਦਾ ਜਸ਼ਨ ਹੈ। ਇਹ ਪੰਜਾਬ ਦਾ ਆਪਣਾ ਨਿਵੇਕਲਾ ਖੇਤਰੀ ਉਪਰਾਲਾ ਹੈ, ਜਿਸ ਦਾ ਰੰਗ ਪੰਜਾਬੀ ਹੈ, ਪਰ ਇਸ ਦਾ ਪ੍ਰਭਾਵ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਪੈ ਰਿਹਾ ਹੈ। ਮੈਂ ਆਸ ਕਰਦਾ ਹਾਂ ਕਿ 'ਖੇਡਾਂ ਵਤਨ ਪੰਜਾਬ ਦੀਆਂ' ਦੇ ਇਹ 75 ਦਿਨ ਸਾਡੇ ਸਾਰਿਆਂ ਨੂੰ ਆਪਸ ਵਿੱਚ ਹੋਰ ਨੇੜੇ ਲਿਆਉਣਗੇ ਅਤੇ ਪੰਜਾਬ ਨੂੰ ਭਾਰਤ ਦੀ ਲੰਪਿਕ ਤਗ਼ਮਾ ਸੂਚੀ ਵਿੱਚ ਆਪਣਾ ਯੋਗਦਾਨ ਵਧਾਉਣ ਦੇ ਰਾਹ ਤੁਰਨ ਲਈ ਪ੍ਰੇਰਿਤ ਕਰਨਗੇ। ਇਹੀ ਮੇਰੀ ਇੱਛਾ ਹੈ, ਇਹੀ ਮੇਰੀ ਉਮੀਦ ਹੈ ਅਤੇ ਇਹੀ ਮੇਰਾ ਵਾਅਦਾ ਹੈ। ਪੰਜਾਬ ਹਮੇਸ਼ਾ ਮੋਹਰੀ ਹੋ ਕੇ ਅਗਵਾਈ ਕਰੇਗਾ।

# ਯੂਰਪੀ ਯੂਨੀਅਨ ਵੱਲ ਕਿਉਂ ਝੁਕਦਾ ਜਾ ਰਿਹਾ ਹੈ ਕੈਨੇਡਾ

ਯੂਰਪੀ ਕਮਿਸ਼ਨ ਦੀ ਪ੍ਰਧਾਨ ਉਰਸੂਲਾ ਵਾਨ ਡੇਰ ਲਾਇਨ ਨੇ 2026 ਦੇ ਆਪਣੇ ਸਟੇਟ ਆਫ ਦਿ ਯੂਨੀਅਨ ਸੰਬੋਧਨ ਦੌਰਾਨ ਬ੍ਰਸਲਜ਼ ਅਤੇ ਦੁਨੀਆ ਭਰ ਦੇ ਲੋਕਾਂ ਨੂੰ ਹੈਰਾਨ ਕਰ ਦਿੱਤਾ। ਉਨ੍ਹਾਂ ਕਿਹਾ ਕਿ ਉਹ ਕੈਨੇਡਾ ਨੂੰ ਯੂਰਪੀ ਸੰਘ ਦਾ ਸਹਿਯੋਗੀ ਮੈਂਬਰ ਬਣਿਆ ਦੇਖਣਾ ਚਾਹੁੰਦੇ ਹਨ। ਯੂਰਪੀ ਸੰਸਦ ਦੀ ਮੁਖੀ ਰੋਬਰਟਾ ਮੇਟਸੋਲਾ, ਜੋ ਮਾਲਟਾ ਤੋਂ ਹਨ ਅਤੇ ਵਾਨ ਡੇਰ ਲਾਇਨ ਦੀ ਮੱਧ-ਸੱਜੇ ਪੱਖੀ ਪਾਰਟੀ ਨਾਲ ਜੁੜੀ ਹੋਈ ਹੈ, ਨੇ ਇਸ ਵਿਚਾਰ ਦਾ ਸਮਰਥਨ ਕੀਤਾ। ਉਨ੍ਹਾਂ ਕਿਹਾ ਕਿ ਆਸਟ੍ਰੇਲੀਆ ਤੇ ਨਿਊਜ਼ੀਲੈਂਡ ਵੀ ਇਸ ਹਾਲੇ ਤੱਕ ਪਰਿਭਾਸ਼ਤ ਨਾ ਕੀਤੀ ਗਈ ਸਹਿਯੋਗੀ ਮੈਂਬਰਸ਼ਿਪ ਲਈ ਸੰਭਾਵੀ ਉਮੀਦਵਾਰ ਹੋ ਸਕਦੇ ਹਨ। ਮਾਲਟਾ ਅਤੇ ਕੈਨੇਡਾ ਵਾਂਗ ਇਹ ਦੋਵੇਂ ਦੇਸ਼ ਵੀ ਕਾਮਨਵੈਲਥ ਦੇ ਮੈਂਬਰ ਹਨ। ਇਸ ਦੇ ਨਾਲ ਹੀ ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਵੀ ਯੂਰਪੀ ਸੰਘ ਨਾਲ ਵਪਾਰਕ, ਸੁਰੱਖਿਆ ਅਤੇ ਡਿਪਲੋਮੈਟਿਕ ਸਬੰਧ ਮਜ਼ਬੂਤ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਕਾਰਨ ਸਿੱਧਾ ਹੈ: ਅਮਰੀਕਾ ਵੱਲੋਂ ਲਗਾਤਾਰ ਟੈਰਿਫਾਂ ਦੀ ਧਮਕੀ, ਲਾਗੂ ਕੀਤੇ ਗਏ ਉਚੇਰੇ ਟੈਰਿਫ ਅਤੇ ਮੌਜੂਦਾ ਵਪਾਰਕ ਸਮਝੌਤਿਆਂ ਉੱਤੇ ਹਮਲਿਆਂ ਨੇ ਵਾਸ਼ਿੰਗਟਨ ਉੱਤੇ ਨਿਰਭਰਤਾ ਨੂੰ ਵੱਧ ਜੋਖ਼ਮ ਵਾਲਾ ਬਣਾ ਦਿੱਤਾ ਹੈ। ਅਮਰੀਕਾ ਅਜੇ ਵੀ ਕੈਨੇਡਾ ਦਾ ਸਭ ਤੋਂ ਵੱਡਾ ਆਰਥਿਕ ਸਾਂਝੇਦਾਰ ਹੈ ਪਰ ਹੁਣ ਇਹ ਰਿਸ਼ਤਾ ਸਥਿਰਤਾ ਦੀ ਗਾਰੰਟੀ ਨਹੀਂ ਦਿੰਦਾ। ਯੂਰਪੀ ਸੰਘ ਨਾਲ ਕੈਨੇਡਾ ਦਾ 'ਵਿਲੱਖਣ ਗੱਠਜੋੜ' ਅਮਰੀਕੀਆਂ ਤੋਂ ਦੂਰੀ ਬਣਾਉਣ ਦਾ ਐਲਾਨ ਨਹੀਂ ਹੈ। ਇਹ ਉਨ੍ਹਾਂ ਭਾਈਵਾਲਾਂ ਦੀ ਭਾਲ ਹੈ ਜੋ ਸਮਝੌਤਿਆਂ ਦਾ ਸਤਿਕਾਰ ਕਰਨ ਅਤੇ ਵ੍ਹਾਈਟ ਹਾਊਸ ਵਾਂਗ ਮੰਗ ਮੁਤਾਬਕ ਆਪਣੀ ਨੀਤੀ ਨਾ ਬਦਲਣ। ਅਮਰੀਕਾ ਨਾਲ ਕੈਨੇਡਾ ਦਾ ਵਪਾਰਕ ਰਿਸ਼ਤਾ ਬੇਹੱਦ ਅਹਿਮ ਹੈ। ਇਹ ਦੋਵੇਂ ਦੇਸ਼ਾਂ ਦੀਆਂ ਫੈਕਟਰੀਆਂ, ਖੇਤਾਂ, ਊਰਜਾ ਢਾਂਚਿਆਂ ਅਤੇ ਜਨਤਕ ਜੀਵਨ ਵਿਚ ਰਚਿਆ ਹੋਇਆ ਹੈ। ਕੈਨੇਡਾ ਦੇ ਸਰਕਾਰੀ ਅੰਕੜਿਆਂ ਮੁਤਾਬਕ, 2024 ਵਿਚ ਉਸ ਦੇ ਵਸਤੂ ਨਿਰਯਾਤਾਂ ਦਾ ਲਗਪਗ ਤਿੰਨ-ਚੌਥਾਈ ਹਿੱਸਾ ਅਮਰੀਕਾ ਗਿਆ। ਇਸ ਪੱਧਰ ਦੇ ਵਪਾਰ ਨਾਲ ਰੁਜ਼ਗਾਰ ਅਤੇ ਕੁਸ਼ਲਤਾ ਨੂੰ ਫ਼ਾਇਦਾ ਹੁੰਦਾ ਹੈ। ਪਰ ਇਸੇ ਨਿਰਭਰਤਾ ਨਾਲ ਜੋਖ਼ਮ ਵੀ ਵਧਦਾ ਹੈ। ਟੈਰਿਫ ਵਿਵਾਦ, ਸਰਹੱਦੀ ਦੇਰੀ ਜਾਂ ਰਾਸ਼ਟਰਪਤੀ ਦੀ ਧਮਕੀ ਕੈਨੇਡਾ ਭਰ ਵਿਚ ਨਿਵੇਸ਼ ਦੇ ਫ਼ੈਸਲੇ ਰੋਕ ਸਕਦੀ ਹੈ। ਕੈਨੇਡਾ, ਅਮਰੀਕਾ ਅਤੇ ਮੈਕਸੀਕੋ ਦੇ ਸਮਝੌਤੇ, ਜਿਸ ਨੂੰ ਕੁਸਮਾ ਕਿਹਾ ਜਾਂਦਾ ਹੈ, ਦਾ ਮਕਸਦ ਮਹਾਦੀਪੀ ਵਪਾਰ ਨੂੰ ਵਧੇਰੇ ਭਰੋਸੇਯੋਗ ਬਣਾਉਣਾ ਸੀ। ਫਿਰ ਵੀ ਟਰੰਪ ਪ੍ਰਸ਼ਾਸਨ ਦੇ ਟੈਰਿਫਾਂ ਅਤੇ ਧਮਕੀਆਂ ਨੇ ਦਿਖਾ ਦਿੱਤਾ ਕਿ ਕੀਤਾ ਹੋਇਆ ਸਮਝੌਤਾ ਵੀ ਉਸ ਸਰਕਾਰ ਨੂੰ ਨਹੀਂ ਰੋਕ ਸਕਦਾ ਜੋ ਬਾਜ਼ਾਰ ਤੱਕ ਪਹੁੰਚ ਨੂੰ ਦਬਾਅ ਦੇ ਸਾਧਨ ਵਜੋਂ ਵਰਤਣ ਲਈ ਤਿਆਰ ਹੋਵੇ।

ਅਪ੍ਰੈਲ 1941 ਵਿਚ ਪ੍ਰਧਾਨ ਮੰਤਰੀ ਵਿਲੀਅਮ ਲਾਇਨ ਮੈਕੈਂਜ਼ੀ ਕਿੰਗ ਨੇ ਨਿਊਯਾਰਕ ਦੇ ਹਾਈਡ ਪਾਰਕ ਵਿਚ ਰਾਸ਼ਟਰਪਤੀ ਫ੍ਰੈਂਕਲਿਨ ਡੀ। ਰੂਜ਼ਵੈਲਟ ਨਾਲ ਗੁਪਤ ਗੱਲਬਾਤ ਕੀਤੀ ਸੀ। ਚਰਚਾ ਮਹਾਦੀਪੀ ਰੱਖਿਆ ਅਤੇ ਜੰਗੀ ਉਤਪਾਦਨ ਬਾਰੇ ਸੀ। ਹਾਈਡ ਪਾਰਕ ਘੋਸ਼ਣਾ ਰਾਹੀਂ ਦੋਵਾਂ ਦੇਸ਼ਾਂ ਨੇ ਇਕ-ਦੂਜੇ ਦੀਆਂ ਰੱਖਿਆ ਲੋੜਾਂ ਪੂਰੀਆਂ ਕਰਨ ਦਾ ਵਾਅਦਾ ਕੀਤਾ ਸੀ। ਉਹ ਦਬਾਅ ਹੇਠ ਦੋ ਗੁਆਂਢੀ ਦੇਸ਼ਾਂ ਦਾ ਸਹਿਯੋਗ ਸੀ, ਕੈਨੇਡਾ ਵੱਲੋਂ ਆਪਣੀ ਫ਼ੈਸਲਾ ਕਰਨ ਦੀ ਸਮਰੱਥਾ ਛੱਡਣਾ ਨਹੀਂ। ਕੈਨੇਡਾ ਸਤੰਬਰ 1939 ਵਿਚ ਦੂਜੇ ਵਿਸ਼ਵ ਯੁੱਧ ਵਿਚ ਸ਼ਾਮਲ ਹੋ ਗਿਆ ਸੀ, ਜਦੋਂ ਅਮਰੀਕਾ ਹਾਲੇ ਜੰਗ ਤੋਂ ਬਾਹਰ ਸੀ। ਇਸ ਇਤਿਹਾਸ ਤੋਂ ਅੱਜ ਵੀ ਇਕ ਸਬਕ ਮਿਲਦਾ ਹੈ: ਕੈਨੇਡਾ ਨੇ ਭਾਰੀ ਕੀਮਤ ਦੇ ਬਾਵਜੂਦ ਲੋਕਤੰਤਰੀ ਸਾਥੀਆਂ ਦਾ ਸਾਥ ਦਿੱਤਾ ਹੈ ਅਤੇ ਨਾਲ ਹੀ ਆਪਣੀ ਕਾਰਵਾਈ ਦੀ ਸਮਰੱਥਾ ਵੀ ਬਚਾਈ ਹੈ। ਕੈਨੇਡਾ ਨੂੰ ਆਪਸੀ ਨਿਰਭਰਤਾ ਨੂੰ ਲਾਚਾਰੀ ਨਹੀਂ ਸਮਝਣਾ ਚਾਹੀਦਾ। ਅਮਰੀਕੀ ਤੇ ਕੈਨੇਡੀਅਨ ਅਰਥਚਾਰਿਆਂ ਦੇ ਸਬੰਧ ਲੰਬੇ ਸਮੇਂ ਤੱਕ ਗੂੜ੍ਹੇ ਰਹਿਣਗੇ। ਦੋਵਾਂ ਦੇਸ਼ਾਂ ਦੀ ਰੱਖਿਆ ਭਾਈਵਾਲੀ ਦਾ ਵੀ ਕੋਈ ਆਸਾਨ ਬਦਲ ਨਹੀਂ ਹੈ। ਨੋਰਾਡ ਅਤੇ ਨਾਟੋ ਇਸ ਰਿਸ਼ਤੇ ਦੇ ਕੇਂਦਰੀ ਹਿੱਸੇ ਹਨ।

ਪਰ ਜਿਸ ਸਾਥੀ ਦਾ ਇੱਕੋ ਗਾਹਕ ਸਭ ਤੋਂ ਵੱਡਾ ਹੋਵੇ, ਉਸ ਕੋਲ ਨਿਯਮ ਬਦਲਣ ਵੇਲੇ ਜਵਾਬ ਦੇਣ ਦੀ ਗੁੰਜਾਇਸ਼ ਘੱਟ ਰਹਿੰਦੀ ਹੈ। ਯੂਰਪੀ ਸੰਘ ਨਾਲ ਕੈਨੇਡਾ ਦੇ ਵਿਲੱਖਣ ਗੱਠਜੋੜ ਦੀ ਅਸਲ ਕੀਮਤ ਉੱਤਰੀ ਅਮਰੀਕਾ ਤੋਂ ਬਾਹਰ ਨਿਕਲਣ ਵਿਚ ਨਹੀਂ, ਸਗੋਂ ਗੱਲਬਾਤ ਲਈ ਵਧੇਰੇ ਥਾਂ ਬਣਾਉਣ ਵਿਚ ਹੈ। ਇਸ ਲਈ ਸੀਈਟੀਏ ਸਭ ਤੋਂ ਵਿਹਾਰਕ ਸ਼ੁਰੂਆਤ ਹੈ। ਕੈਨੇਡਾ ਅਤੇ ਯੂਰਪੀ ਸੰਘ ਦਾ ਵਿਆਪਕ ਆਰਥਿਕ ਅਤੇ ਵਪਾਰਕ ਸਮਝੌਤਾ ਸਤੰਬਰ 2017 ਤੋਂ ਅੰਸ਼ਿਕ ਤੌਰ ਉੱਤੇ ਲਾਗੂ ਹੈ। ਇਸ ਨੇ ਵਸਤਾਂ ਉੱਤੇ ਲੱਗਣ ਵਾਲੇ ਜ਼ਿਆਦਾਤਰ ਟੈਰਿਫ ਹਟਾਏ ਅਤੇ ਸੇਵਾਵਾਂ ਤੇ ਸਰਕਾਰੀ ਖ਼ਰੀਦ ਬਾਜ਼ਾਰਾਂ ਦੇ ਕੁਝ ਹਿੱਸੇ ਖੋਲ੍ਹੇ। ਸੀਈਟੀਏ ਨੇ ਯੂਰਪੀ ਉਤਪਾਦ ਮਿਆਰਾਂ ਜਾਂ ਕੈਨੇਡਾ ਅਤੇ ਯੂਰਪ ਵਿਚਕਾਰ ਲੰਮੀ ਦੂਰੀ ਦੀ ਸਮੱਸਿਆ ਖ਼ਤਮ ਨਹੀਂ ਕੀਤੀ। ਫਿਰ ਵੀ ਕੈਨੇਡੀਅਨ ਕੰਪਨੀਆਂ ਕੋਲ ਅਜਿਹਾ ਨਿਯਮ-ਢਾਂਚਾ ਮੌਜੂਦ ਹੈ ਜਿਸ ਉੱਤੇ ਉਹ ਕੰਮ ਕਰ ਸਕਦੀਆਂ ਹਨ। ਇਹ ਕਿਸੇ ਸਿਖਰ ਸੰਮੇਲਨ ਵਿਚ ਕੀਤੇ ਗਏ ਭਵਿੱਖ ਦੇ ਵਾਅਦੇ ਨਾਲੋਂ ਵੱਖਰਾ ਹੈ।



ਸੁਰਜੀਤ ਸਿੰਘ ਫਲੋਰਾ

ਯੂਰਪ ਨੂੰ ਬੈਟਰੀਆਂ, ਊਰਜਾ ਪ੍ਰਣਾਲੀਆਂ, ਉਤਪਾਦਨ ਅਤੇ ਰੱਖਿਆ ਖੇਤਰ ਲਈ ਭਰੋਸੇਯੋਗ ਸਪਲਾਈ ਦੀ ਲੋੜ ਹੈ। ਕੈਨੇਡਾ ਖਣਿਜ, ਖ਼ੁਰਾਕ, ਊਰਜਾ, ਉੱਨਤ ਉਤਪਾਦਨ ਅਤੇ ਸਥਿਰ ਕਾਨੂੰਨੀ ਪ੍ਰਣਾਲੀ ਮੁਹੱਈਆ ਕਰ ਸਕਦਾ ਹੈ। ਕੈਨੇਡਾ ਦੀ ਨਾਜ਼ੁਕ ਖਣਿਜ ਰਣਨੀਤੀ ਨੇ ਦੇਸ਼ ਦੀ ਅਰਥਵਿਵਸਥਾ ਅਤੇ ਸੁਰੱਖਿਆ ਲਈ 31 ਖਣਿਜਾਂ ਨੂੰ ਅਹਿਮ ਦਰਜਾ ਦਿੱਤਾ ਹੈ।

ਨਿੱਕਲ, ਕੋਬਾਲਟ, ਗ੍ਰੇਫਾਈਟ, ਲੀਥੀਅਮ, ਯੂਰੇਨੀਅਮ, ਪੋਟਾਸ਼, ਐਲੂਮੀਨੀਅਮ ਅਤੇ ਸਵੱਛ ਊਰਜਾ ਯੂਰਪੀ ਉਦਯੋਗਾਂ ਲਈ ਮਹੱਤਵ ਰੱਖਦੇ ਹਨ। ਪਰ ਸਿਰਫ਼ ਭੰਡਾਰ ਹੋਣ ਨਾਲ ਸਪਲਾਈ ਲੜੀ ਨਹੀਂ ਬਣਦੀ। ਖਾਣਾਂ ਲਈ ਮਨਜ਼ੂਰੀਆਂ ਚਾਹੀਦੀਆਂ ਹਨ, ਪ੍ਰੋਸੈਸਿੰਗ ਲਈ ਨਿਵੇਸ਼ ਲੋੜੀਂਦਾ ਹੈ ਅਤੇ ਪ੍ਰਾਜੈਕਟਾਂ ਲਈ ਆਦਿਵਾਸੀ ਭਾਈਚਾਰਿਆਂ ਅਤੇ ਜਨਤਾ ਨਾਲ ਅਰਥਪੂਰਨ ਭਾਈਵਾਲੀ ਜ਼ਰੂਰੀ ਹੈ। ਕੈਨੇਡਾ ਯੂਰਪ ਲਈ ਕਿਸੇ ਵੀ ਵਸਤੂ ਦਾ ਇਕਮਾਤਰ ਸਰੋਤ ਨਹੀਂ ਬਣੇਗਾ ਪਰ ਉਹ ਇਕ ਵਧੇਰੇ ਭਰੋਸੇਯੋਗ ਸਰੋਤ ਬਣ ਸਕਦਾ ਹੈ। ਯੂਰਪੀ ਸੰਘ ਕੋਲ ਵੀ ਕੈਨੇਡਾ ਨਾਲ ਸਬੰਧ ਵਧਾਉਣ ਦੇ ਸਪੱਸ਼ਟ ਕਾਰਨ ਹਨ। ਯੂਰਪ ਨੂੰ ਭਰੋਸੇਯੋਗ ਊਰਜਾ, ਖਣਿਜ, ਖ਼ੁਰਾਕ, ਰੱਖਿਆ ਸਹਿਯੋਗ ਅਤੇ ਅਜਿਹੇ ਲੋਕਤੰਤਰੀ ਭਾਈਵਾਲਾਂ ਦੀ ਲੋੜ ਹੈ ਜੋ ਵਾਅਦੇ ਪੂਰੇ ਕਰ ਸਕਣ। ਅਮਰੀਕੀ ਨੀਤੀ ਵਿਚ ਅਸਥਿਰਤਾ ਦੇ ਸਮੇਂ ਕੈਨੇਡਾ ਯੂਰਪ ਨੂੰ ਉੱਤਰੀ ਅਮਰੀਕਾ ਨਾਲ ਵਧੇਰੇ ਸਥਿਰ ਰਿਸ਼ਤਾ ਵੀ ਦੇ ਸਕਦਾ ਹੈ।

ਫਿਰ ਵੀ ਯੂਰਪੀ ਸੰਘ ਵਿਚ 27 ਸਰਕਾਰਾਂ, ਵਿਸਥਾਰਪੂਰਵਕ ਨਿਯਮ, ਸਿਆਸੀ ਵੰਡ ਅਤੇ ਮੱਠੀਆਂ ਮਨਜ਼ੂਰੀ ਪ੍ਰਕਿਰਿਆਵਾਂ ਹਨ। ਭੂਗੋਲ ਵੀ ਅਹਿਮ ਹੈ। ਬੰਦਰਗਾਹਾਂ, ਰੇਲ ਸੰਪਰਕ, ਮੁਦਰਾ ਅਤੇ ਅਮਰੀਕਾ ਨਾਲ ਦਹਾਕਿਆਂ ਪੁਰਾਣੇ ਵਪਾਰਕ ਰਿਸ਼ਤੇ ਵੀ ਫ਼ੈਸਲਿਆਂ ਨੂੰ ਪ੍ਰਭਾਵਿਤ ਕਰਦੇ ਹਨ। ਵਪਾਰ ਵਿਚ ਵਿਭਿੰਨਤਾ ਦਾ ਮਤਲਬ ਅਮਰੀਕੀ ਵਪਾਰ ਛੱਡਣਾ ਨਹੀਂ, ਸਗੋਂ ਕਿਸੇ ਇਕ ਭਾਈਵਾਲ ਉੱਤੇ ਨਿਰਭਰਤਾ ਤੋਂ ਪੈਦਾ ਹੋਣ ਵਾਲਾ ਖ਼ਤਰਾ ਘਟਾਉਣਾ ਹੈ। ਹੁਣ ਓਟਾਵਾ ਨੂੰ ਵੱਡੇ ਰਣਨੀਤਕ ਸ਼ਬਦਾਂ ਤੋਂ ਅੱਗੇ ਵਧਣਾ ਪਵੇਗਾ। 23 ਜੂਨ 2025 ਨੂੰ ਕੈਨੇਡਾ ਅਤੇ ਯੂਰਪੀ ਸੰਘ ਨੇ ਸੁਰੱਖਿਆ ਅਤੇ ਰੱਖਿਆ ਭਾਈਵਾਲੀ ਉੱਤੇ ਦਸਤਖ਼ਤ ਕੀਤੇ ਸਨ। ਇਹ ਸਮਝੌਤਾ ਸਲਾਹ-ਮਸ਼ਵਰੇ ਅਤੇ ਸਹਿਯੋਗ ਲਈ ਢਾਂਚਾ ਦਿੰਦਾ ਹੈ। ਇਹ ਆਪਸੀ ਰੱਖਿਆ ਸੰਧੀ ਨਹੀਂ ਹੈ ਅਤੇ ਆਪਣੇ-ਆਪ ਨਵੀਆਂ ਫੈਕਟਰੀਆਂ, ਖਾਣਾਂ, ਬੰਦਰਗਾਹਾਂ ਜਾਂ ਨਿਰਯਾਤ ਗਾਹਕ ਪੈਦਾ ਨਹੀਂ ਕਰਦਾ। ਸੀਈਟੀਏ ਪਹਿਲਾਂ ਹੀ ਲਾਗੂ ਹੈ। ਨਵੇਂ ਰੱਖਿਆ ਪ੍ਰਬੰਧਾਂ ਉੱਤੇ ਦਸਤਖ਼ਤ ਹੋ ਚੁੱਕੇ ਹਨ। ਇਸ ਤੋਂ ਬਾਅਦ ਦੇ ਕਈ ਵਪਾਰਕ ਪ੍ਰਾਜੈਕਟ ਹਾਲੇ ਪ੍ਰਸਤਾਵਾਂ, ਗੱਲਬਾਤਾਂ ਜਾਂ ਸ਼ੁਰੂਆਤੀ ਨਿਵੇਸ਼ਾਂ ਦੇ ਪੜਾਅ ਉੱਤੇ ਹਨ। ਇਹ ਫ਼ਰਕ ਮਹੱਤਵ ਰੱਖਦੇ ਹਨ। ਜੇ ਕੈਨੇਡੀਅਨ ਵਸਤਾਂ ਬੰਦਰਗਾਹਾਂ ਤੱਕ ਨਹੀਂ ਪਹੁੰਚ ਸਕਦੀਆਂ, ਯੂਰਪੀ ਮਿਆਰ ਪੂਰੇ ਨਹੀਂ ਕਰਦੀਆਂ ਜਾਂ ਉਨ੍ਹਾਂ ਲਈ ਖ਼ਰੀਦਦਾਰ ਨਹੀਂ ਮਿਲਦਾ, ਤਾਂ ਵਪਾਰਕ ਸਮਝੌਤਾ ਵੰਨ-ਸੁਵੰਨਤਾ ਨਹੀਂ ਲਿਆਉਂਦਾ। ਕੈਨੇਡਾ ਨੂੰ ਨਿਰਯਾਤ ਢਾਂਚੇ, ਵਧੇਰੇ ਪ੍ਰੋਸੈਸਿੰਗ ਸਮਰੱਥਾ ਤੇ ਅਜਿਹੇ ਵਪਾਰ ਦਫ਼ਤਰਾਂ ਦੀ ਲੋੜ ਹੈ ਜੋ ਛੋਟੀਆਂ ਕੰਪਨੀਆਂ ਨੂੰ ਯੂਰਪੀ ਨਿਯਮ ਸਮਝਣ ਵਿਚ ਮਦਦ ਕਰ ਸਕਣ। ਨਾਲ ਹੀ, ਵਿਦੇਸ਼ੀ ਆਗੂਆਂ ਨਾਲ ਹਰ ਮੀਟਿੰਗ ਨੂੰ ਵੱਡੀ ਉਪਲਬਧੀ ਦੱਸਣ ਦੀ ਆਦਤ ਵੀ ਛੱਡਣੀ ਪਵੇਗੀ।

ਮੁੱਦਾ ਪ੍ਰਤੀਕਾਤਮਕ ਆਜ਼ਾਦੀ ਨਹੀਂ ਹੈ। ਅਸਲ ਨਤੀਜੇ ਵਧੇਰੇ ਗਾਹਕਾਂ, ਵਧੇਰੇ ਨਿਵੇਸ਼ ਅਤੇ ਉਸ ਵਧੀ ਹੋਈ ਗੁੰਜਾਇਸ਼ ਵਿਚ ਹਨ ਜਿਸ ਨਾਲ ਵਾਸ਼ਿੰਗਟਨ ਵੱਲੋਂ ਦਬਾਅ ਪੈਣ ਉੱਤੇ ਕੈਨੇਡਾ ਇਨਕਾਰ ਕਰ ਸਕੇ।

ਯੂਰਪ ਨਾਲ ਵਿਲੱਖਣ ਰਿਸ਼ਤਾ ਬਣਾਉਣ ਦੀ ਕੈਨੇਡਾ ਦੀ ਕੋਸ਼ਿਸ਼ ਅਸਥਿਰ ਹੋ ਚੁੱਕੀ ਅਮਰੀਕੀ ਸਾਂਝੇਦਾਰੀ ਪ੍ਰਤੀ ਤਰਕਸੰਗਤ ਪ੍ਰਤੀਕਿਰਿਆ ਹੈ। ਇਸ ਨਾਲ ਕੈਨੇਡਾ ਅਤੇ ਅਮਰੀਕਾ ਵਿਚਕਾਰ ਡੂੰਘੇ ਵਪਾਰਕ, ਸੱਭਿਆਚਾਰਕ ਤੇ ਸੁਰੱਖਿਆ ਸਬੰਧ ਖ਼ਤਮ ਨਹੀਂ ਹੁੰਦੇ।

# D. S. AUJLA AND S. S. RANDHAWA

*PRESENTS*



# ਅਸੀਂ ਪੰਜਾਬੀ

**ਪੰਜਾਬੀ**: ਕੌਣ ਹਨ ਅਤੇ ਇਹਨਾਂ ਦੇ ਕੀ ਸੌਂਕ ਹਨ

**15 ਅਕਤੂਬਰ ਨੂੰ ਆ ਰਹੀ ਮਿਊਜ਼ਿਕ ਵੀਡੀਓ**





**ਡਾਇਰੈਕਟਰ (Director)**
ਸਤਵਿੰਦਰ ਰੰਧਾਵਾ
**ਸਿੰਗਰ (Singer)**
ਦਰਸ਼ਨ ਸਿੰਘ ਔਜਲਾ ਅਤੇ ਐਸ. ਐਸ. ਰੰਧਾਵਾ
**ਬੋਲ (Lyrics)**
ਸੁੱਖਾ ਚਾਹਲ ਅਤੇ ਦਰਸ਼ਨ ਐਸ. ਔਜਲਾ
**ਸੰਗੀਤ (Music): ਤ੍ਰਿਲੋਕ ਸਿੰਘ। ਵੀਡੀਓ (Video by): ਟੀ. ਜੇ. ਵੀਡੀਓ**

*ਜਾਰੀ ਹੋ ਰਹੀ ਹੈ*

# ਅਕਤੂਬਰ 15

## Padam Builders Inc.

ਅਸੀਂ ਨਵੇਂ ਮਕਾਨ, ਗੈਸ ਸਟੇਸ਼ਨ, ਮੌਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟ੍ਰਕਸ਼ਨ ਦਾ ਕੰਮ ਫਾਊਂਡੇਸ਼ਨ ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।

Harpreet Singh Padam 510-695-6435
Gurpreet Singh Padam 510-962-2593
email: padambuilders@gmail.com
Licensed # 1019803



Gurpreet Singh Padam

ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ



Harpreet Singh Padam

3143 ARDEN ROAD, HAYWARD, CA- 94545

## Kash Fabrics

37 ਸਾਲ ਤੋਂ ਤੁਹਾਡੀ ਸੇਵਾ ਵਿਚ

**ਸਾਡੀ ਵਿਸ਼ੇਸਤਾ**

1.Wedding Lehngas
2.Mens wear-shervani
3.Kurte Pajame
4. Sharara Suits.
5.Patiala. Suits.
6. pression stove jewelery
7. kids wear
8. Turbans (paggan). 80 colors

1. ਵਿਆਹ ਦੇ ਲਹਿੰਗੇ
2. ਪੁਰਸ਼ਾਂ ਦੇ ਪਹਿਨਣ ਵਾਲੀ ਸ਼ੇਰਵਾਨੀ
3. ਕੁੜਤੇ ਪਜਾਮੇ
4. ਸ਼ਰਾਰਾ ਸੂਟ
5. ਪਟਿਆਲਾ ਸੂਟ
6. ਗਹਿਣੇ
7. ਬੱਚਿਆਂ ਦੇ ਕੱਪੜੇ
80 ਰੰਗਾਂ ਵਿਚ ਪੱਗਾਂ



Kashmir Singh Dhugga
Gurjeet kaur Dhugga
kashfabrics@gmail.com

Kash fabrics
29576 Mission Blvd
Hayward,CA 94544
510-538-1138

## Quick Lube & Smog

Auto repair, Diagnostics & Smog Check Station

ਚਲਦੀਆਂ (Used) ਕਾਰਾਂ, ਵਾਜਬ ਕੀਮਤਾਂ ਤੇ ਖਰੀਦਣ ਲਈ ਗੋਗੀ ਹੁਰਾਂ ਨੂੰ ਕਾਲ ਕਰੋ

SUKHWINDER BHELLA
510-757-6775 gogibhella@gmail.com

## TENNYSON AUTO

Car Sale Service and Repair

SUKHWINDER BHELLA, Manager
tennysonauto1@gmail.com
510-330-7112, 510-757-6775
691 W. Tennyson Rd Hayward, CA 94544

## Moon Indian Cuisine

510-780-9233

ਰੈਸਟੋਰੈਂਟ ਤੋਂ ਖਾਣਾ ਪੈਕ ਕਰਵਾ ਕੇ ਵੀ ਲੈ ਜਾ ਸਕਦੇ ਹੋ,
ਕੇਟਰਿੰਗ ਵੇਲੇ ਤੰਦੂਰ ਦਾ ਇੰਤਜ਼ਾਮ ਹੈ, ਕੇਟਰਿੰਗ ਵਾਸਤੇ ਕਾਲ ਕਰੋ ਜੀ

* 100 ਬੰਦਿਆਂ ਤੋਂ ਲੈ ਕੇ ਵੱਡੀ ਤੋਂ ਵੱਡੀ ਪਾਰਟੀ ਤੱਕ
* ਗੁਰੂ ਘਰਾਂ ਵਿਚ ਕੇਟਰਿੰਗ ਲਈ 10 ਪ੍ਰਤੀਸ਼ਤ ਤੱਕ ਛੋਟ
* ਬਹੁਤ ਹੀ ਤਜ਼ਰਬੇਕਾਰ ਕੁੱਕ

**Fish Pakora**

ਮੱਛੀ ਪਕੌੜੇ ਬਣਾਉਣ ਦੇ ਮਾਹਿਰ
ਲੱਡੂ, ਜਲੇਬੀ, ਬਰਫੀ, ਗੁਲਾਬ ਜਾਮੁਨ ਤੇ ਵਿਆਹ ਸ਼ਾਦੀ ਮੌਕੇ ਸਭ ਤਰ੍ਹਾਂ ਦੀ ਮਠਿਆਈ ਤਿਆਰ ਕਰਦੇ ਹਨ। ਘੱਟ ਕੀਮਤ 'ਤੇ ਲੈ ਸਕਦੇ ਹੋ।



Paul 510-978-7170

Over 30 Years Experience in Restaurant & Catering Business

ਮੂਨ ਇੰਡੀਅਨ ਕੁਜ਼ੀਨ (ਹੇਵਰਡ)
600 West Harder Rd. Hayward, CA 94544
Phone (510)780-9233 Fax (510) 780-9812
www.moonindiancuisine.net


FROM THE MAKER OF
THE BLACK PRINCE, SARABHA AND THE GOLD BRACELET
A FILM BY KAVI RAZ
ੴ ਇੱਕ ਓਅੰਕਾਰ
EK ONKAR
ONE GOD
INSPIRED BY A TRUE EVENT
RELEASING
NOVEMBER 13TH 2026
STARRING PARAMPAL SINGH DEREK CASPER JIMMY BACON JASPAL ATWAL LADDIE SIDHU DEMI MANN
RUPINDER SINGH PUSHPEK SIDHU ANMOL SANDHU AND KAVI RAZ
MUSIC BY NEIL NAYYAR SONG COMPOSER ONKAR MINHAS EDITED BY PARMINDER KARLA DIRECTOR OF PHOTOGRAPHY AARON C SMITH
KAJRI AKHTAR MILROY GOES JOHN EDWARDS PUBLIC RELATIONS BALBIR SINGH M.A INDER JEET SINGH
WRITTEN AND DIRECTED BY KAVI RAZ
WWW.KAVIRAZSTUDIOS.COM
KAVI RAZ STUDIOS




# ਕਮਜ਼ੋਰ ਪਰਵਰਿਸ਼ ਦਾ ਬੱਚਿਆਂ ਤੇ ਅਸਰ



ਬੱਚਿਆਂ ਦੀ ਪਰਵਰਿਸ਼ ਦੌਰਾਨ, ਮਾਪੇ ਕਈ ਵਾਰ ਬਹੁਤ ਜ਼ਿਆਦਾ ਲਾਡ-ਪਿਆਰ ਕਾਰਨ ਜਾਂ ਜਾਣੇ-ਅਣਜਾਣੇ ਵਿੱਚ ਗਲਤੀਆਂ ਕਰ ਬੈਠਦੇ ਹਨ। ਕਾਰਨ ਭਾਵੇਂ ਕੋਈ ਵੀ ਹੋਵੇ, ਇਸ ਦਾ ਅਸਰ ਅੰਤ ਵਿੱਚ ਬੱਚੇ 'ਤੇ ਹੀ ਪੈਂਦਾ ਹੈ। ਜੇਕਰ ਤੁਸੀਂ ਮਾੜੀ ਪਰਵਰਿਸ਼ ਦੇ ਸੰਕੇਤਾਂ ਨੂੰ ਪਛਾਣਨਾ ਚਾਹੁੰਦੇ ਹੋ, ਤਾਂ ਤੁਸੀਂ ਬੱਚਿਆਂ ਦੇ ਵਿਵਹਾਰ ਵਿੱਚ ਇਨ੍ਹਾਂ ਨੂੰ ਆਸਾਨੀ ਨਾਲ ਦੇਖ ਸਕਦੇ ਹੋ।

### ਅਨੁਸ਼ਾਸਨ ਦੀ ਘਾਟ

ਬੱਚੇ ਦੇ ਪਾਲਣ-ਪੋਸ਼ਣ ਦੇ ਮਿਆਰ ਨੂੰ ਪਰਖਣ ਲਈ, ਉਨ੍ਹਾਂ ਦੇ ਅਨੁਸ਼ਾਸਨ 'ਤੇ ਗੌਰ ਕਰੋ। ਜੇਕਰ ਕੋਈ ਬੱਚਾ ਆਪਣੀ ਰੋਜ਼ਾਨਾ ਦੀ ਰੁਟੀਨ ਨੂੰ ਲੈ ਕੇ ਬਹੁਤ ਜ਼ਿਆਦਾ ਡਰਿਆ ਜਾਂ ਸਹਿਮਿਆ ਰਹਿੰਦਾ ਹੈ ਅਤੇ ਹਮੇਸ਼ਾ ਝਿੜਕੇ ਜਾਣ ਦੀ ਚਿੰਤਾ ਕਰਦਾ ਹੈ ਤਾਂ ਇਸਦਾ ਮਤਲਬ ਹੈ ਕਿ ਮਾਪਿਆਂ ਨੇ ਬਹੁਤ ਸਖ਼ਤ ਅਨੁਸ਼ਾਸਨ ਲਾਗੂ ਕੀਤਾ ਹੋਇਆ ਹੈ। ਇਸ ਦੇ ਉਲਟ, ਚੀਜ਼ਾਂ ਪ੍ਰਤੀ ਲਾਪਰਵਾਹੀ ਅਨੁਸ਼ਾਸਨ ਦੀ ਘਾਟ ਨੂੰ ਦਰਸਾਉਂਦੀ ਹੈ। ਜਿਹੜਾ ਬੱਚਾ ਆਪਣੀ ਰੁਟੀਨ ਵਿੱਚ ਸਹਿਜ ਰਹਿੰਦਾ ਹੈ, ਉਹ ਚੰਗੀ ਪਰਵਰਿਸ਼ ਦੀ ਨਿਸ਼ਾਨੀ ਹੈ।

### ਹਮੇਸ਼ਾ ਚੁੱਪ-ਚਾਪ ਜਾਂ ਅਲੱਗ-ਥਲੱਗ ਰਹਿਣਾ

ਜਿਨ੍ਹਾਂ ਘਰਾਂ ਵਿੱਚ ਬੱਚਿਆਂ 'ਤੇ ਬਹੁਤ ਜ਼ਿਆਦਾ ਕੰਟਰੋਲ ਰੱਖਿਆ ਜਾਂਦਾ ਹੈ ਅਤੇ ਉਨ੍ਹਾਂ ਨੂੰ ਆਪਣੀ ਗੱਲ ਕਹਿਣ ਜਾਂ ਆਪਣੇ ਫੈਸਲੇ ਲੈਣ ਦੀ ਆਜ਼ਾਦੀ ਨਹੀਂ ਹੁੰਦੀ, ਉੱਥੇ ਬੱਚਿਆਂ ਵਿੱਚ ਅਕਸਰ ਚੁੱਪ-ਚਾਪ ਅਤੇ ਅਲੱਗ-ਥਲੱਗ ਰਹਿਣ ਦੀ ਆਦਤ ਪੈ ਜਾਂਦੀ ਹੈ। ਇਹ ਮਾੜੀ ਮਾਨਸਿਕ ਸਿਹਤ ਦਾ ਸੰਕੇਤ ਵੀ ਹੋ ਸਕਦਾ ਹੈ।

### ਜੰਕ ਫੂਡ ਨੂੰ ਬਹੁਤ ਜ਼ਿਆਦਾ ਪਸੰਦ ਕਰਨਾ

ਅੱਜ-ਕੱਲ੍ਹ ਬੱਚਿਆਂ ਵਿੱਚ ਜੰਕ ਫੂਡ ਦਾ ਕ੍ਰੇਜ਼ ਵਧ ਰਿਹਾ ਹੈ ਪਰ ਘਰ ਦੇ ਬਣੇ ਖਾਣੇ ਤੋਂ ਇਨਕਾਰ ਕਰਨਾ ਅਤੇ ਸਿਰਫ਼ ਬਾਹਰੋਂ ਮਿਲਣ ਵਾਲੇ ਪੈਕ ਕੀਤੇ ਭੋਜਨ 'ਤੇ ਜ਼ੋਰ ਦੇਣਾ ਮਾੜੀ ਪਰਵਰਿਸ਼ ਵੱਲ ਇਸ਼ਾਰਾ ਕਰਦਾ ਹੈ। ਇਹ ਦਰਸਾਉਂਦਾ ਹੈ ਕਿ ਮਾਪਿਆਂ ਨੇ ਕਦੇ ਵੀ ਬੱਚੇ ਦੀ ਖੁਰਾਕ ਵੱਲ ਧਿਆਨ ਨਹੀਂ ਦਿੱਤਾ।

### ਆਤਮ-ਵਿਸ਼ਵਾਸ ਦੀ ਘਾਟ

ਤੁਸੀਂ ਅਜਿਹੇ ਬੱਚੇ ਦੇਖੇ ਹੋਣਗੇ ਜਿਨ੍ਹਾਂ ਨੂੰ ਆਪਣੇ ਸਰੀਰਕ ਦਿੱਖ ਬਾਰੇ ਭਰੋਸਾ ਨਹੀਂ ਹੁੰਦਾ ਅਤੇ ਉਹ ਆਪਣੀਆਂ ਕਾਬਲੀਅਤਾਂ ਜਾਂ ਹੁਨਰਾਂ 'ਤੇ ਵਿਸ਼ਵਾਸ ਨਹੀਂ ਕਰਦੇ। ਕੀ ਤੁਹਾਨੂੰ ਨਹੀਂ ਲੱਗਦਾ ਕਿ ਬੱਚੇ ਦੇ ਅਜਿਹੀ ਹਾਲਤ ਵਿੱਚ ਪਹੁੰਚਣ ਪਿੱਛੇ ਮਾਪਿਆਂ ਦੀ ਦੇਖ-ਰੇਖ ਜਾਂ ਰਵੱਈਏ ਦੀ ਭੂਮਿਕਾ ਹੁੰਦੀ ਹੈ? ਇਹ ਦਰਸਾਉਂਦਾ ਹੈ ਕਿ ਮਾਪਿਆਂ ਵੱਲੋਂ ਦਿੱਤਾ ਗਿਆ ਪਿਆਰ ਸ਼ਰਤੀਆ ਸੀ।

### ਬੱਚਿਆਂ 'ਚ ਬਹੁਤ ਜ਼ਿਆਦਾ ਗੁੱਸਾ

2014 ਦੇ ਇੱਕ ਅਧਿਐਨ ਅਨੁਸਾਰ, ਜਿਹੜੇ ਬੱਚੇ ਹਰ ਛੋਟੀ-ਮੋਟੀ ਗੱਲ 'ਤੇ ਗੁੱਸਾ ਕਰਦੇ ਹਨ, ਅਕਸਰ ਅਜਿਹਾ ਸਖ਼ਤ ਪਰਵਰਿਸ਼ ਕਾਰਨ ਹੁੰਦਾ ਹੈ ਜਿਵੇਂ ਕਿ ਮਾਮੂਲੀ ਗੱਲਾਂ 'ਤੇ ਲਗਾਤਾਰ ਝਿੜਕਿਆ ਜਾਣਾ, ਉੱਚੀ ਆਵਾਜ਼ ਵਿੱਚ ਬੋਲਿਆ ਜਾਣਾ ਜਾਂ ਡਰਾਇਆ-ਧਮਕਾਇਆ ਜਾਣਾ। ਇਸ ਨਾਲ ਉਨ੍ਹਾਂ ਦੇ ਵਿਵਹਾਰ ਵਿੱਚ ਕਾਫ਼ੀ ਬਦਲਾਅ ਆਉਂਦੇ ਹਨ।

# ਖਾਣ-ਪੀਣ ਦੀਆਂ ਆਦਤਾਂ ਨਾਲ ਵੀ ਕਾਬੂ ਆ ਸਕਦਾ ਹੈ ਹਾਈ ਕੋਲੈਸਟਰੌਲ

ਡਾ. ਵਿਵੇਕਾ ਕੁਮਾਰ

ਹਾਰਟ ਅਟੈਕ ਅਤੇ ਦਿਲ ਦੀਆਂ ਬਿਮਾਰੀਆਂ ਦੇ ਮਾਮਲੇ ਅੱਜਕੱਲ੍ਹ ਕਾਫ਼ੀ ਤੇਜ਼ੀ ਨਾਲ ਵਧ ਰਹੇ ਹਨ। ਇਸ ਦੇ ਪਿੱਛੇ ਬੈਡ ਕੋਲੈਸਟਰੌਲ ਲੈਵਲ ਦਾ ਵਧਣਾ ਇੱਕ ਵੱਡਾ ਕਾਰਨ ਹੈ। ਸਭ ਤੋਂ ਖਤਰਨਾਕ ਗੱਲ ਇਹ ਹੈ ਕਿ ਬੈਡ ਕੋਲੈਸਟਰੌਲ ਵਧਣ ਦੇ ਸ਼ੁਰੂਆਤੀ ਪੜਾਅ ਵਿੱਚ ਕੋਈ ਲੱਛਣ ਦਿਖਾਈ ਨਹੀਂ ਦਿੰਦੇ।

ਇਸ ਲਈ ਬਿਨਾਂ ਕਿਸੇ ਸੰਕੇਤ ਦੇ ਇਹ ਚੁੱਪਚਾਪ ਸਾਡੇ ਸਰੀਰ ਵਿੱਚ ਵਧਦੇ ਰਹਿੰਦੇ ਹਨ ਅਤੇ ਹਾਰਟ ਅਟੈਕ ਜਾਂ ਦਿਲ ਦੀਆਂ ਬਿਮਾਰੀਆਂ ਦਾ ਕਾਰਨ ਬਣਦੇ ਹਨ। ਇਸ ਲਈ ਨਿਯਮਤ ਲਿਪਿਡ ਪ੍ਰੋਫਾਈਲ ਚੈੱਕਅਪ ਜ਼ਰੂਰੀ ਹੈ ਅਤੇ ਇਸ ਨਾਲ ਜੁੜੇ ਤਿੰਨ ਜ਼ਰੂਰੀ ਸਵਾਲ ਤੁਹਾਨੂੰ ਆਪਣੇ ਡਾਕਟਰ ਤੋਂ ਜ਼ਰੂਰ ਪੁੱਛਣੇ ਚਾਹੀਦੇ ਹਨ। ਆ ਜਾਣੀਏ ਕੀ ਹਨ ਇਹ ਸਵਾਲ।



### ਕੀ ਸਿਰਫ਼ ਉਮਰਦਰਾਜ਼ ਲੋਕਾਂ ਨੂੰ ਹੁੰਦਾ ਹੈ ਬੈਡ ਕੋਲੈਸਟਰੌਲ?

ਆਮ ਤੌਰ 'ਤੇ ਮੰਨਿਆ ਜਾਂਦਾ ਹੈ ਕਿ ਵਧਦੀ ਉਮਰ ਜਾਂ ਘੱਟ ਫਿਜ਼ੀਕਲ ਐਕਟੀਵਿਟੀ ਹੀ ਦਿਲ ਦੀਆਂ ਬਿਮਾਰੀਆਂ ਦੇ ਸਭ ਤੋਂ ਵੱਡੇ ਕਾਰਨ ਹਨ ਪਰ ਸੱਚਾਈ ਇਹ ਹੈ ਕਿ ਬੈਡ ਕੋਲੈਸਟਰੌਲ ਦਾ ਸਿਰਫ਼ ਹਾਈ ਲੈਵਲ ਬਜ਼ੁਰਗਾਂ ਜਾਂ ਅਨਹੈਲਦੀ ਲਾਈਫ-ਸਟਾਈਲ ਜਿਉਣ ਵਾਲਿਆਂ ਤੱਕ ਹੀ ਸੀਮਤ ਨਹੀਂ ਹੈ।

ਜੇਕਰ ਤੁਸੀਂ ਨੌਜਵਾਨ ਹੋ, ਨਿਯਮਤ ਕਸਰਤ ਕਰਦੇ ਹੋ ਅਤੇ ਸਹੀ ਡਾਈਟ ਲੈਂਦੇ ਹੋ ਤਾਂ ਵੀ ਜੈਨੇਟਿਕਸ ਜਾਂ ਫੈਮਿਲੀ ਹਿਸਟਰੀ ਕਾਰਨ ਤੁਹਾਡਾ ਬਲੱਡ ਕੋਲੈਸਟਰੌਲ ਵਧਿਆ ਹੋ ਸਕਦਾ ਹੈ। ਯਾਨੀ ਤੁਹਾਡਾ ਫਿੱਟ ਦਿੱਸਣਾ ਇਸ ਗੱਲ ਦੀ ਗਾਰੰਟੀ ਨਹੀਂ ਹੈ ਕਿ ਤੁਹਾਡਾ ਕੋਲੈਸਟਰੌਲ ਲੈਵਲ ਵੀ ਕੰਟਰੋਲ ਵਿੱਚ ਹੈ। ਇਹੀ ਕਾਰਨ ਹੈ ਕਿ 18 ਸਾਲ ਦੀ ਉਮਰ ਤੋਂ ਹੀ ਨਿਯਮਤ ਰੂਪ ਨਾਲ ਲਿਪਿਡ ਪ੍ਰੋਫਾਈਲ ਦੀ ਜਾਂਚ ਸ਼ੁਰੂ ਕਰ ਦੇਣੀ ਚਾਹੀਦੀ ਹੈ। ਸ਼ੁਰੂ ਵਿੱਚ ਇਸ ਦਾ ਪਤਾ ਲਗਾਉਣ ਨਾਲ ਸਹੀ ਸਮੇਂ 'ਤੇ ਇਲਾਜ ਕੀਤਾ ਜਾ ਸਕਦਾ ਹੈ ਅਤੇ ਭਵਿੱਖ 'ਚ ਹਾਰਟ ਅਟੈਕ ਦਾ ਖ਼ਤਰਾ ਵੀ ਘੱਟ ਕੀਤਾ ਜਾ ਸਕਦਾ ਹੈ।

### ਡਾਕਟਰ ਤੋਂ ਕੀ ਪੁੱਛੀਏ?

### ਮੇਰਾ ਬੈਡ ਕੋਲੈਸਟਰੌਲ ਲੈਵਲ ਕਿੰਨਾ ਹੈ?

ਬੈਡ ਕੋਲੈਸਟਰੌਲ ਸਾਡੀਆਂ ਆਰਟਰੀਜ਼ ਵਿੱਚ ਪਲਾਗ ਜਮ੍ਹਾ ਕਰਨ ਲਈ ਜ਼ਿੰਮੇਵਾਰ ਹੁੰਦਾ ਹੈ। ਕਿਉਂਕਿ ਇਸ ਦੇ ਕੋਈ ਲੱਛਣ ਦਿਖਾਈ ਨਹੀਂ ਦਿੰਦੇ, ਇਸ ਲਈ ਆਪਣੇ ਲਿਪਿਡ ਟੈਸਟ ਤੋਂ ਆਪਣੇ ਬੈਡ ਕੋਲੈਸਟਰੌਲ ਦੀ ਸਹੀ ਮਾਤਰਾ ਜਾਣਨਾ ਜ਼ਰੂਰੀ ਹੈ। ਮੇਰੀ ਸਿਹਤ ਦੇ ਹਿਸਾਬ ਨਾਲ ਮੇਰਾ ਪਰਸਨਲ ਟਾਰਗੇਟ ਕੀ ਹੋਣਾ ਚਾਹੀਦਾ ਹੈ?

ਮਾੜਾ ਕੋਲੈਸਟ੍ਰੌਲ ਸਾਡੀਆਂ ਧਮਨੀਆਂ 'ਚ ਪਲੇਕ ਬਣਾਉਣ ਲਈ ਜ਼ਿੰਮੇਵਾਰ ਹੁੰਦਾ ਹੈ ਕਿਉਂਕਿ ਇਹ ਕੋਈ ਲੱਛਣ ਪੈਦਾ ਨਹੀਂ ਕਰਦਾ, ਇਸ ਲਈ ਆਪਣੇ ਮਾੜੇ ਕੋਲੈਸਟ੍ਰੌਲ ਦੇ ਪੱਧਰਾਂ ਦਾ ਸਹੀ ਪਤਾ ਲਗਾਉਣ ਲਈ ਆਪਣਾ ਲਿਪਿਡ ਟੈਸਟ ਕਰਵਾਉਣਾ ਮਹੱਤਵਪੂਰਨ ਹੈ।

ਲੋਅ ਰਿਸਕ - 116 mg/dL ਤੋਂ ਘੱਟ

ਮੋਡਰੇਟ ਰਿਸਕ - 100 mg/dL ਤੋਂ ਘੱਟ

ਹਾਈ ਰਿਸਕ, ਜਿਵੇਂ- ਡਾਇਬਟੀਜ਼, ਹਾਈ ਬੀਪੀ ਜਾਂ ਕਿਡਨੀ ਡਿਜ਼ੀਜ਼ - 70 mg/dL ਤੋਂ ਘੱਟ

ਬਹੁਤ ਹਾਈ ਰਿਸਕ ਵਾਲਿਆਂ ਲਈ - 55 mg/dL ਤੋਂ ਘੱਟ ਕੋਲੈਸਟਰੌਲ ਰੱਖਣ ਦਾ ਟੀਚਾ ਹੋਣਾ ਚਾਹੀਦਾ ਹੈ।

ਕੀ ਮੈਂ ਆਪਣੇ ਟਾਰਗੇਟ ਲੈਵਲ ਤੱਕ ਪਹੁੰਚ ਗਿਆ ਹਾਂ? ਜੇਕਰ ਨਹੀਂ, ਤਾਂ ਮੇਰੇ ਕੋਲ ਕੀ ਆਪਸ਼ਨ ਹਨ?

ਕੋਲੈਸਟਰੌਲ ਲੈਵਲ ਕੰਟਰੋਲ ਕਰਨ ਲਈ ਸਿਰਫ਼ ਦਵਾਈਆਂ ਖਾਣਾ ਜਾਂ ਸਹੀ ਖਾਣਾ ਖਾਣਾ ਕਾਫ਼ੀ ਨਹੀਂ ਹੈ। ਜੇਕਰ ਲਾਈਫਸਟਾਈਲ ਵਿੱਚ ਬਦਲਾਅ ਅਤੇ ਦਵਾਈਆਂ ਦੇ ਬਾਵਜੂਦ ਕੋਲੈਸਟਰੌਲ ਘੱਟ ਨਹੀਂ ਹੋ ਰਿਹਾ, ਤਾਂ ਡਾਕਟਰ ਇਲਾਜ ਦਾ ਤਰੀਕਾ ਬਦਲ ਸਕਦੇ ਹਨ। ਜਿਹੜੇ ਲੋਕ ਹਾਈ ਰਿਸਕ ਰੇਂਜ ਵਿੱਚ ਆਉਂਦੇ ਹਨ, ਉਨ੍ਹਾਂ ਲਈ ਡਾਕਟਰ ਐਡਵਾਂਸਡ ਥੈਰੇਪੀ ਦੀ ਮਦਦ ਵੀ ਲੈ ਸਕਦੇ ਹਨ।

# ਮਾਮੂਲੀ ਖੰਘ ਨੂੰ ਵੀ ਨਾ ਕਰੋ ਨਜਰਅੰਦਾਜ਼

"ਇਹ ਤਾਂ ਮਾਮੂਲੀ ਜਿਹੀ ਖੰਘ ਹੈ। ਕੁਝ ਦਿਨਾਂ ਵਿੱਚ ਆਪਣੇ ਆਪ ਠੀਕ ਹੋ ਜਾਵੇਗੀ।" ਸਾਡੇ ਵਿੱਚੋਂ ਜ਼ਿਆਦਾਤਰ ਲੋਕ ਖੰਘ ਹੋਣ 'ਤੇ ਇਹੀ ਸੋਚਦੇ ਹਨ। ਕਈ ਵਾਰ ਅਜਿਹਾ ਹੁੰਦਾ ਵੀ ਹੈ। ਅਸਲ ਵਿੱਚ, ਖੰਘ ਸਾਡੇ ਸਰੀਰ ਦਾ ਇੱਕ ਕੁਦਰਤੀ ਡਿਫੈਂਸ ਸਿਸਟਮ ਹੈ, ਜੋ ਸਾਹ ਦੀ ਨਾਲੀ ਤੋਂ ਬਲਗ਼ਮ ਅਤੇ ਕੀਟਾਣੂਆਂ ਨੂੰ ਬਾਹਰ ਕੱਢਣ ਵਿੱਚ ਮਦਦ ਕਰਦਾ ਹੈ। ਜ਼ੁਕਾਮ ਤੋਂ ਬਾਅਦ ਵੀ ਖੰਘ ਕੁਝ ਸਮੇਂ ਤੱਕ ਰਹਿ ਸਕਦੀ ਹੈ, ਭਾਵੇਂ ਤੁਸੀਂ ਪੂਰੀ ਤਰ੍ਹਾਂ ਤੰਦਰੁਸਤ ਮਹਿਸੂਸ ਕਰ ਰਹੇ ਹੋਵੋ। ਹਾਲਾਂਕਿ, ਮੈਕਸ ਹਸਪਤਾਲ, ਸ਼ਾਲੀਮਾਰ ਬਾਗ਼ ਦੇ ਚੈਸਟ ਡਿਜ਼ੀਜ਼ ਅਤੇ ਇੰਟਰਵੈਂਸ਼ਨਲ ਪਲਮੋਨੋਲੋਜੀ ਦੇ ਪ੍ਰਿੰਸੀਪਲ ਡਾਇਰੈਕਟਰ ਡਾ। ਮਨੀਸ਼ ਕੁਮਾਰ ਅਗਰਵਾਲ ਮੁਤਾਬਕ, ਹਰ ਖੰਘ ਨੂੰ ਨਜ਼ਰਅੰਦਾਜ਼ ਕਰਨਾ ਸਹੀ ਨਹੀਂ ਹੈ। ਅਸਲ ਸਵਾਲ ਇਹ ਨਹੀਂ ਹੈ ਕਿ "ਮੈਨੂੰ ਕਿੰਨੇ ਦਿਨਾਂ ਤੋਂ ਖੰਘ ਆ ਰਹੀ ਹੈ?", ਬਲਕਿ ਇਹ ਹੈ ਕਿ "ਕੀ ਮੇਰੀ ਖੰਘ ਵਿੱਚ ਕੋਈ ਸੁਧਾਰ ਹੋ ਰਿਹਾ ਹੈ, ਜਾਂ ਇਸ ਦੇ ਨਾਲ ਕੋਈ ਹੋਰ ਲੱਛਣ ਵੀ ਦਿਖ ਰਹੇ ਹਨ?"

ਆ ਜਾਣਦੇ ਹਾਂ ਉਹ 5 ਵੱਡੇ ਸੰਕੇਤ, ਜੋ ਦੱਸਦੇ ਹਨ ਕਿ ਤੁਹਾਡੀ ਆਮ ਜਿਹੀ ਲੱਗਣ ਵਾਲੀ ਖੰਘ ਨੂੰ ਤੁਰੰਤ ਡਾਕਟਰ ਨੂੰ ਦਿਖਾਉਣ ਦੀ ਲੋੜ ਹੈ।

### ਖੰਘ ਦਾ ਤੁਹਾਡੀ ਉਮੀਦ ਤੋਂ ਜ਼ਿਆਦਾ ਲੰਬਾ ਖਿੱਚਣਾ

ਆਮ ਤੌਰ 'ਤੇ ਵਾਇਰਲ ਇਨਫੈਕਸ਼ਨ ਤੋਂ ਹੋਣ ਵਾਲੀ ਖੰਘ ਸਮੇਂ ਦੇ ਨਾਲ ਹੌਲੀ-ਹੌਲੀ ਠੀਕ ਹੋ ਜਾਂਦੀ ਹੈ। ਹਾਲਾਂਕਿ, ਜੇਕਰ ਤੁਹਾਡੀ ਖੰਘ 3 ਹਫ਼ਤਿਆਂ ਤੋਂ ਵੱਧ ਸਮੇਂ ਤੋਂ ਬਣੀ ਹੋਈ ਹੈ ਅਤੇ ਉਸ ਵਿੱਚ ਕੋਈ ਸੁਧਾਰ ਨਹੀਂ ਆ ਰਿਹਾ, ਤਾਂ ਤੁਹਾਨੂੰ ਡਾਕਟਰ ਤੋਂ ਸਲਾਹ ਲੈਣੀ ਚਾਹੀਦੀ ਹੈ। ਡਾਕਟਰਾਂ ਮੁਤਾਬਕ, 3 ਤੋਂ 8 ਹਫ਼ਤਿਆਂ ਤੱਕ ਚੱਲਣ ਵਾਲੀ ਖੰਘ ਨੂੰ 'ਸਬਐਕਿਊਟ' ਅਤੇ ਬਾਲਗਾਂ ਵਿੱਚ 8 ਹਫ਼ਤਿਆਂ ਤੋਂ ਵੱਧ ਚੱਲਣ ਵਾਲੀ ਖੰਘ ਨੂੰ 'ਕ੍ਰੋਨਿਕ' ਖੰਘ ਮੰਨਿਆ ਜਾਂਦਾ ਹੈ। ਇਹ ਦਮੇ, ਐਸਿਡ ਰਿਫਲਕਸ, ਪੋਸਟ-ਨੇਜ਼ਲ ਡ੍ਰਿਪ, ਸਮੋਕਿੰਗ, ਸੀ ਪੀਡੀ ਜਾਂ ਬ੍ਰੌਂਕਿਐਕਟੇਸਿਸ ਵਰਗੀਆਂ ਸਾਹ ਦੀਆਂ ਬਿਮਾਰੀਆਂ ਦਾ ਸੰਕੇਤ ਹੋ ਸਕਦਾ ਹੈ। ਇਸ ਲਈ, ਸਿਰਫ਼ ਕਫ਼ ਸਿਰਪ ਨਾ ਬਦਲਦੇ ਰਹੋ, ਬਲਕਿ ਖੰਘ ਦੀ ਅਸਲ ਵਜ੍ਹਾ ਦਾ ਪਤਾ ਲਗਾ ।

### ਖੰਘਦੇ ਸਮੇਂ ਖ਼ੂਨ ਆਉਣਾ

ਖੰਘਦੇ ਹੋਏ ਥੁੱਕ ਜਾਂ ਬਲਗ਼ਮ ਵਿੱਚ ਖ਼ੂਨ ਆਉਣਾ ਡਰਾਉਣਾ ਹੋ ਸਕਦਾ ਹੈ, ਅਤੇ ਇਸ ਨੂੰ ਬਿਲਕੁਲ ਵੀ ਹਲਕੇ ਵਿੱਚ ਨਹੀਂ ਲੈਣਾ ਚਾਹੀਦਾ।

ਕਈ ਵਾਰ ਬਹੁਤ ਜ਼ੋਰ ਨਾਲ ਖੰਘਣ ਕਾਰਨ ਸਾਹ ਦੀ ਨਾਲੀ ਛਿੱਲ ਜਾਂਦੀ ਹੈ, ਜਿਸ ਨਾਲ ਖ਼ੂਨ ਦੀ ਹਲਕੀ ਲਕੀਰ ਆ ਸਕਦੀ ਹੈ। ਹਾਲਾਂਕਿ, ਇਹ ਇਨਫੈਕਸ਼ਨ, ਟੀਬੀ, ਫੇਫੜਿਆਂ ਵਿੱਚ ਖ਼ੂਨ ਦੇ ਥੱਕੇ ਜੰਮਣ ਜਾਂ ਹੋਰ ਗੰਭੀਰ ਫੇਫੜਿਆਂ ਦੀਆਂ ਬਿਮਾਰੀਆਂ ਦਾ ਵੀ ਲੱਛਣ ਹੋ ਸਕਦਾ ਹੈ।

ਜੇਕਰ ਖ਼ੂਨ ਵਾਰ-ਵਾਰ ਆ ਰਿਹਾ ਹੈ, ਉਸ ਦੀ ਮਾਤਰਾ ਵਧ ਰਹੀ ਹੈ ਜਾਂ ਇਸ ਦੇ ਨਾਲ ਸਾਹ ਲੈਣ ਵਿੱਚ ਵੀ ਤਕਲੀਫ਼ ਹੈ, ਤਾਂ ਇਹ ਇੱਕ ਮੈਡੀਕਲ ਐਮਰਜੈਂਸੀ ਹੈ। ਏ-ਟੀਐੱਸ ਦੀਆਂ ਗਾਈਡਲਾਈਨਾਂ ਮੁਤਾਬਕ ਵੀ ਖੰਘਦੇ ਸਮੇਂ ਖ਼ੂਨ ਆਉਣਾ ਇੱਕ ਗੰਭੀਰ ਚੇਤਾਵਨੀ ਹੈ, ਜਿਸ ਲਈ ਤੁਰੰਤ ਇਲਾਜ ਦੀ ਲੋੜ ਹੁੰਦੀ ਹੈ।

### ਸਾਹ ਫੁੱਲਣਾ ਜਾਂ ਛਾਤੀ ਵਿੱਚ ਦਰਦ ਹੋਣਾ

ਜੇਕਰ ਖੰਘ ਦੇ ਨਾਲ ਤੁਹਾਡਾ ਸਾਹ ਫੁੱਲ ਰਿਹਾ ਹੈ, ਛਾਤੀ ਵਿੱਚ ਜਕੜਨ ਹੈ, ਸੀਟੀ ਵਰਗੀ ਆਵਾਜ਼ ਆ ਰਹੀ ਹੈ ਜਾਂ ਛਾਤੀ ਵਿੱਚ ਦਰਦ ਹੋ ਰਿਹਾ ਹੈ, ਤਾਂ ਸੁਚੇਤ ਹੋ ਜਾ ।

ਇਹ ਦਮੇ ਜਾਂ ਕਿਸੇ ਰੈਸਪੀਰੇਟਰੀ ਇਨਫੈਕਸ਼ਨ ਕਾਰਨ ਹੋ ਸਕਦਾ ਹੈ। ਹਾਲਾਂਕਿ, ਅਚਾਨਕ ਸਾਹ ਲੈਣ ਵਿੱਚ ਭਾਰੀ ਤਕਲੀਫ਼ ਜਾਂ ਛਾਤੀ ਵਿੱਚ ਤੇਜ਼ ਦਰਦ, ਫੇਫੜਿਆਂ ਜਾਂ ਦਿਲ ਨਾਲ ਜੁੜੀ ਕਿਸੇ ਐਮਰਜੈਂਸੀ ਸਮੱਸਿਆ ਦਾ ਵੀ ਇਸ਼ਾਰਾ ਹੋ ਸਕਦਾ ਹੈ। ਜੇਕਰ ਤੁਹਾਨੂੰ ਅਚਾਨਕ ਚੱਕਰ ਆਉਣ ਜਾਂ ਤੁਸੀਂ ਬਹੁਤ ਅਸਵਸਥ ਮਹਿਸੂਸ ਕਰੋ, ਤਾਂ ਖੰਘ ਦੇ ਆਪਣੇ ਆਪ ਠੀਕ ਹੋਣ ਦਾ ਇੰਤਜ਼ਾਰ ਨਾ ਕਰੋ; ਤੁਰੰਤ ਹਸਪਤਾਲ ਜਾ ।

### ਵਾਰ-ਵਾਰ ਬੁਖ਼ਾਰ ਆਉਣਾ ਜਾਂ ਬੁਖ਼ਾਰ ਦਾ ਨਾ ਉਤਰਨਾ

ਰੈਸਪੀਰੇਟਰੀ ਇਨਫੈਕਸ਼ਨ ਦੌਰਾਨ ਖੰਘ ਦੇ ਨਾਲ ਬੁਖ਼ਾਰ ਆਉਣਾ ਆਮ ਗੱਲ ਹੈ। ਪਰ ਜੇਕਰ ਇਨਫੈਕਸ਼ਨ ਠੀਕ ਹੋਣ ਦੇ ਬਾਅਦ ਵੀ ਬੁਖ਼ਾਰ ਨਾ ਉਤਰੇ, ਵਾਪਸ ਆ ਜਾਵੇ, ਜਾਂ ਇਸ ਦੇ ਨਾਲ ਕੰਬਣੀ, ਭਾਰੀ ਕਮਜ਼ੋਰੀ ਅਤੇ ਸਾਹ ਫੁੱਲਣ ਵਰਗੀਆਂ ਦਿੱਕਤਾਂ ਹੋਣ, ਤਾਂ ਇਹ ਚਿੰਤਾ ਦਾ ਵਿਸ਼ਾ ਹੈ।

ਇਹ ਨਿਮੋਨੀਆ ਦਾ ਸੰਕੇਤ ਹੋ ਸਕਦਾ ਹੈ। ਭਾਰਤ ਵਿੱਚ, ਜੇਕਰ ਖੰਘ ਲੰਬੇ ਸਮੇਂ ਤੱਕ ਰਹੇ ਅਤੇ ਉਸ ਦੇ ਨਾਲ ਲਗਾਤਾਰ ਬੁਖ਼ਾਰ, ਭਾਰ ਘਟਣਾ ਅਤੇ ਰਾਤ ਨੂੰ ਪਸੀਨਾ ਆਉਣ ਵਰਗੇ ਲੱਛਣ ਦਿਖਣ, ਤਾਂ ਡਾਕਟਰ ਆਮ ਤੌਰ 'ਤੇ ਟੀਬੀ ਦੀ ਜਾਂਚ ਦੀ ਸਲਾਹ ਦਿੰਦੇ ਹਨ। ਇਸ ਲਈ, ਵਾਰ-ਵਾਰ ਖ਼ੁਦ ਤੋਂ ਐਂਟੀਬਾਇ ਟਿਕ ਖਾਣ ਦੀ ਬਜਾਏ ਡਾਕਟਰ ਤੋਂ ਆਪਣੀ ਸਹੀ ਜਾਂਚ ਕਰਵਾ ।

### ਖੰਘ ਦਾ ਠੀਕ ਹੋਣ ਦੀ ਬਜਾਏ ਵਿਗੜਦੇ ਜਾਣਾ

ਇਹ ਸਭ ਤੋਂ ਆਸਾਨੀ ਨਾਲ ਪਛਾਣਿਆ ਜਾਣ ਵਾਲਾ ਖ਼ਤਰੇ ਦਾ ਸੰਕੇਤ ਹੈ। ਜੀ ਹਾਂ, ਜੇਕਰ ਤੁਹਾਡੀ ਖੰਘ ਲਗਾਤਾਰ ਵਧਦੀ ਜਾ ਰਹੀ ਹੈ, ਤੁਹਾਡੀ ਨੀਂਦ ਖ਼ਰਾਬ ਕਰ ਰਹੀ ਹੈ, ਤੁਹਾਡੇ ਰੋਜ਼ਮੱਰਾ ਦੇ ਕੰਮਾਂ ਵਿੱਚ ਰੁਕਾਵਟ ਬਣ ਰਹੀ ਹੈ, ਜਾਂ ਇੱਕ ਵਾਰ ਠੀਕ ਹੋਣ ਦੇ ਬਾਅਦ ਫਿਰ ਤੋਂ ਵਾਪਸ ਆ ਗਈ ਹੈ, ਤਾਂ ਇਹ ਨਾ ਸੋਚੋ ਕਿ ਤੁਹਾਨੂੰ ਇੱਕ ਨਵੇਂ ਕਫ਼ ਸਿਰਪ ਦੀ ਲੋੜ ਹੈ।

ਖ਼ਾਸ ਕਰਕੇ ਜੇਕਰ ਇਸ ਦੇ ਨਾਲ ਇਹ ਲੱਛਣ ਦਿਖਣ, ਤਾਂ ਤੁਰੰਤ ਅਲਰਟ ਹੋ ਜਾ :

ਬਿਨਾਂ ਕਿਸੇ ਵਜ੍ਹਾ ਦੇ ਭਾਰ ਘਟਣਾ

ਰਾਤ ਨੂੰ ਸੌਂਦੇ ਸਮੇਂ ਪਸੀਨਾ ਆਉਣਾ

ਲਗਾਤਾਰ ਥਕਾਵਟ ਜਾਂ ਭਾਰੀ ਕਮਜ਼ੋਰੀ ਮਹਿਸੂਸ ਹੋਣਾ

ਬਲਗ਼ਮ ਦਾ ਵਧਣਾ

ਸਾਹ ਫੁੱਲਣਾ ਜਾਂ ਛਾਤੀ ਵਿੱਚ ਦਰਦ

ਏਟੀਐੱਸ ਵੀ ਸਲਾਹ ਦਿੰਦਾ ਹੈ ਕਿ ਜੇਕਰ ਖੰਘ ਸੁਧਰਨ ਦੇ ਬਾਅਦ ਫਿਰ ਤੋਂ ਵਿਗੜਨ ਲੱਗੇ ਜਾਂ ਇਸ ਦੇ ਨਾਲ ਭਾਰ ਘਟਣ ਅਤੇ ਸਾਹ ਲੈਣ ਵਿੱਚ ਤਕਲੀਫ਼ ਵਰਗੇ ਲੱਛਣ ਜੁੜ ਜਾਣ, ਤਾਂ ਤੁਰੰਤ ਮੈਡੀਕਲ ਚੈੱਕਅੱਪ ਕਰਵਾ ।

ਸਭ ਤੋਂ ਜ਼ਰੂਰੀ ਗੱਲ ਇਹ ਹੈ ਕਿ ਹਰ ਖੰਘ ਦਾ ਇਲਾਜ ਐਂਟੀਬਾਇ ਟਿਕ ਨਹੀਂ ਹੈ। ਖੰਘ ਹੋਣ ਦਾ ਮਤਲਬ ਇਹ ਬਿਲਕੁਲ ਨਹੀਂ ਹੈ ਕਿ ਤੁਹਾਨੂੰ ਕੋਈ ਬੈਕਟੀਰੀਅਲ ਇਨਫੈਕਸ਼ਨ ਹੀ ਹੈ। ਕਈ ਮਾਮਲਿਆਂ ਵਿੱਚ ਖੰਘ ਵਾਇਰਲ ਇਨਫੈਕਸ਼ਨ, ਦਮੇ, ਐਲਰਜੀ, ਐਸਿਡ ਰਿਫਲਕਸ ਜਾਂ ਸਮੋਕਿੰਗ ਕਾਰਨ ਵੀ ਹੁੰਦੀ ਹੈ। ਇਹਨਾਂ ਸਥਿਤੀਆਂ ਵਿੱਚ ਐਂਟੀਬਾਇ ਟਿਕ ਦਵਾਈਆਂ ਬਿਲਕੁਲ ਕੰਮ ਨਹੀਂ ਕਰਦੀਆਂ। ਬਿਨਾਂ ਲੋੜ ਦੇ ਐਂਟੀਬਾਇ ਟਿਕ ਖਾਣ ਨਾਲ ਸਾਈਡ ਇਫੈਕਟਸ ਹੋ ਸਕਦੇ ਹਨ ਅਤੇ ਸਰੀਰ ਵਿੱਚ 'ਐਂਟੀਬਾਇ ਟਿਕ ਰੈਜ਼ਿਸਟੈਂਸ' ਦਾ ਖ਼ਤਰਾ ਵਧਦਾ ਹੈ।

# ਭਾਰਤ ਦੇ ਆਜ਼ਾਦੀ ਸੰਗਰਾਮ 'ਚ ਲੁਧਿਆਣਾ ਦੇ ਸ਼ਹੀਦਾਂ ਦਾ ਯੋਗਦਾਨ

**ਪੁਨੀਤ ਬਾਵਾ** (98149-17800)

ਦੇਸ਼ ਦੀ ਆਜ਼ਾਦੀ ਸਿਰਫ਼ ਇਕ ਤਰੀਕ ਨਹੀਂ ਸਗੋਂ ਅਣਗਿਣਤ ਸ਼ਹੀਦਾਂ ਦੀਆਂ ਕੁਰਬਾਨੀਆਂ ਦੀ ਅਮਰ ਗਾਥਾ ਹੈ, ਜਿਨ੍ਹਾਂ ਨੇ ਆਪਣੀ ਜਵਾਨੀ, ਸੁਪਨੇ ਤੇ ਇੱਥੋਂ ਤੱਕ ਕਿ ਆਪਣੀਆਂ ਜਾਨਾਂ ਵੀ ਦੇਸ਼ ਦੇ ਭਵਿੱਖ ਲਈ ਵਾਰ ਦਿੱਤੀਆਂ। ਉਨ੍ਹਾਂ ਦੀ ਬਦੌਲਤ ਅੱਜ ਅਸੀਂ ਆਜ਼ਾਦ ਫ਼ਿਜ਼ਾ 'ਚ ਸਾਹ ਲੈ ਰਹੇ ਹਾਂ। ਉਨ੍ਹਾਂ ਸ਼ਹੀਦਾਂ ਦੇ ਖ਼ੂਨ ਨਾਲ ਸਿੰਜੀ ਇਸ ਮਿੱਟੀ ਦੀ ਹਰ ਕਣੀ ਸਾਨੂੰ ਯਾਦ ਦਿਵਾਉਂਦੀ ਹੈ ਕਿ ਆਜ਼ਾਦੀ ਦੀ ਕੀਮਤ ਕਿੰਨੀ ਵੱਡੀ ਹੈ। ਉਨ੍ਹਾਂ ਦੀ ਕੁਰਬਾਨੀ ਨੂੰ ਯਾਦ ਕਰਨਾ ਸਿਰਫ਼ ਫ਼ਰਜ਼ ਨਹੀਂ ਸਗੋਂ ਉਨ੍ਹਾਂ ਪ੍ਰਤੀ ਸਾਡੀ ਸੱਚੀ ਸ਼ਰਧਾਂਜਲੀ ਹੈ। ਭਾਰਤ ਦੀ ਆਜ਼ਾਦੀ ਦੀ ਲੜਾਈ ਦੇਸ਼ ਦੇ ਹਰ ਪਿੰਡ, ਕਸਬੇ ਤੇ ਸ਼ਹਿਰ 'ਚ ਵਸਦੇ ਉਨ੍ਹਾਂ ਆਮ ਲੋਕਾਂ ਦੀ ਵੀ ਕਹਾਣੀ ਹੈ, ਜਿਨ੍ਹਾਂ ਨੇ ਆਪਣਾ ਘਰ-ਪਰਿਵਾਰ, ਨੌਕਰੀ, ਸੁੱਖ-ਸਹੂਲਤਾਂ ਤੇ ਆਪਣੀ ਜਾਨ ਤੱਕ ਦੇਸ਼ ਦੇ ਨਾਂ ਕਰ ਦਿੱਤੀ। ਪੰਜਾਬ ਨੇ ਇਸ ਸੰਘਰਸ਼ 'ਚ ਵੱਡਾ ਯੋਗਦਾਨ ਪਾਇਆ ਤੇ ਲੁਧਿਆਣਾ ਜ਼ਿਲ੍ਹਾ ਇਸ ਮਹਾਨ ਪਰੰਪਰਾ ਦਾ ਮਹੱਤਵਪੂਰਨ ਕੇਂਦਰ ਰਿਹਾ ਹੈ।

ਲੁਧਿਆਣਾ ਦੀ ਧਰਤੀ ਨੇ ਗ਼ਦਰ ਲਹਿਰ, ਕੂਕਾ ਲਹਿਰ, ਜੈਤੋ ਦਾ ਮੋਰਚਾ, ਗੁਰਦੁਆਰਾ ਸੁਧਾਰ ਲਹਿਰ, ਭਾਰਤੀ ਰਾਸ਼ਟਰੀ ਅੰਦੋਲਨ, ਨੌਜਵਾਨ ਕ੍ਰਾਂਤੀਕਾਰੀ ਲਹਿਰ, ਆਜ਼ਾਦ ਹਿੰਦ ਫ਼ੌਜ ਤੇ ਭਾਰਤ ਛੱਡੋ ਅੰਦੋਲਨ ਨਾਲ ਜੁੜੇ ਅਨੇਕਾਂ ਸੂਰਮਿਆਂ ਨੂੰ ਜਨਮ ਦਿੱਤਾ। ਲੁਧਿਆਣਾ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਜਾਰੀ ਆਜ਼ਾਦੀ ਘੁਲਾਟੀਆਂ ਦੀ ਅਧਿਕਾਰਤ ਸੂਚੀ 'ਚ ਗ਼ਦਰ ਪਾਰਟੀ, ਕੂਕਾ ਲਹਿਰ, 1857 ਦੇ ਵਿਦਰੋਹ, ਜੈਤੋ ਮੋਰਚਾ, ਬੱਬਰ ਅਕਾਲੀ ਲਹਿਰ, ਇੰਡੀਅਨ ਨੈਸ਼ਨਲ ਆਰਮੀ, ਭਾਰਤ ਛੱਡੋ ਅੰਦੋਲਨ ਤੇ ਹੋਰ ਆਜ਼ਾਦੀ ਸੰਘਰਸ਼ਾਂ ਨਾਲ ਸਬੰਧਿਤ 120 ਨਾਂ ਦਰਜ ਹਨ। ਇਨ੍ਹਾਂ 'ਚੋਂ ਕੁਝ ਨਾਂ ਰਾਸ਼ਟਰੀ ਪੱਧਰ 'ਤੇ ਬਹੁਤ ਪ੍ਰਸਿੱਧ ਹੋਏ, ਜਦੋਂਕਿ ਕਈ ਅਜਿਹੇ ਸੂਰਮੇ ਹਨ, ਜਿਨ੍ਹਾਂ ਦੀ ਕੁਰਬਾਨੀ ਸਥਾਨਕ ਇਤਿਹਾਸ ਦੇ ਪੰਨਿਆਂ ਤੱਕ ਸੀਮਤ ਰਹਿ ਗਈ। ਇਸ ਲਈ ਲੁਧਿਆਣਾ ਦੇ ਆਜ਼ਾਦੀ ਸੰਘਰਸ਼ ਦਾ ਇਤਿਹਾਸ ਸਿਰਫ਼ ਕੁਝ ਪ੍ਰਸਿੱਧ ਸ਼ਹੀਦਾਂ ਦੀ ਜੀਵਨੀ ਨਹੀਂ ਸਗੋਂ ਸੈਂਕੜਿਆਂ ਜਾਣੇ-ਅਣਜਾਣੇ ਦੇਸ਼ਭਗਤਾਂ ਦੀ ਸਾਂਝੀ ਕੁਰਬਾਨੀ ਦੀ ਗਾਥਾ ਹੈ। ਅੱਜ ਜਦੋਂ ਅਸੀਂ ਆਜ਼ਾਦ ਭਾਰਤ 'ਚ ਸਾਹ ਲੈਂਦੇ ਹਾਂ ਤਾਂ ਸਾਡਾ ਫ਼ਰਜ਼ ਬਣਦਾ ਹੈ ਕਿ ਅਸੀਂ ਉਨ੍ਹਾਂ ਦੀ ਕੁਰਬਾਨੀ ਨੂੰ



ਸਿਰਫ਼ ਯਾਦ ਹੀ ਨਾ ਕਰੀਏ ਸਗੋਂ ਉਨ੍ਹਾਂ ਦੇ ਆਦਰਸ਼ਾਂ ਨੂੰ ਸਮਝੀਏ ਵੀ। ਆਜ਼ਾਦੀ ਦੀ ਕੀਮਤ ਨੂੰ ਸਮਝਣਾ, ਦੇਸ਼ ਦੀ ਏਕਤਾ ਤੇ ਅਖੰਡਤਾ ਦੀ ਰੱਖਿਆ ਕਰਨਾ, ਲੋਕਤੰਤਰਕ ਕਦਰਾਂ-ਕੀਮਤਾਂ ਦਾ ਸਤਿਕਾਰ ਕਰਨਾ ਤੇ ਸਮਾਜ ਦੀ ਭਲਾਈ ਲਈ ਕੰਮ ਕਰਨਾ ਹੀ ਉਨ੍ਹਾਂ ਮਹਾਨ ਸੂਰਮਿਆਂ ਨੂੰ ਸੱਚੀ ਸ਼ਰਧਾਂਜਲੀ ਹੈ।

### ਅਮਰ ਸਪੂਤ ਸ਼ਹੀਦ ਕਰਤਾਰ ਸਿੰਘ ਸਰਾਭਾ

ਆਜ਼ਾਦੀ ਦੀ ਲੜਾਈ ਦਾ ਜ਼ਿਕਰ ਸ਼ਹੀਦ ਕਰਤਾਰ ਸਿੰਘ ਸਰਾਭਾ ਤੋਂ ਬਿਨਾਂ ਅਧੂਰਾ ਹੈ। ਕਰਤਾਰ ਸਿੰਘ ਸਰਾਭਾ ਦਾ ਜਨਮ 24 ਮਈ 1896 ਨੂੰ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਸਰਾਭਾ 'ਚ ਹੋਇਆ। ਉਨ੍ਹਾਂ ਦੇ ਪਿਤਾ ਦਾ ਨਾਂ ਮੰਗਲ ਸਿੰਘ ਤੇ ਮਾਤਾ ਦਾ ਨਾਮ ਸਾਹਿਬ ਕੌਰ ਸੀ। ਬਚਪਨ 'ਚ ਹੀ ਮਾਤਾ-ਪਿਤਾ ਦੇ ਵਿਛੋੜੇ ਤੋਂ ਬਾਅਦ ਉਨ੍ਹਾਂ ਦਾ ਪਾਲਣ-ਪੋਸ਼ਣ ਦਾਦਾ ਜੀ ਨੇ ਕੀਤੀ। ਮਾਲਵਾ ਖ਼ਾਲਸਾ ਹਾਈ ਸਕੂਲ 'ਚ ਪੜ੍ਹਾਈ ਕਰਨ ਤੋਂ ਬਾਅਦ ਉਹ ਉੱਚ ਸਿੱਖਿਆ ਲਈ ਅਮਰੀਕਾ ਗਏ। ਉੱਥੇ ਪਹੁੰਚ ਕੇ ਉਨ੍ਹਾਂ ਨੇ ਉੱਥੇ ਰਹਿੰਦੇ ਭਾਰਤੀ ਮਜ਼ਦੂਰਾਂ ਨਾਲ ਹੋ ਰਹੇ ਨਸਲੀ ਵਿਤਕਰੇ ਤੇ ਭਾਰਤੀਆਂ ਦੀ ਗ਼ੁਲਾਮੀ ਦੀ ਹਾਲਤ ਨੂੰ ਨੇੜਿ ਂ ਦੇਖਿਆ। ਇਸ ਤਜਰਬੇ ਨੇ ਉਨ੍ਹਾਂ ਦੇ ਮਨ 'ਚ ਦੇਸ਼ ਨੂੰ ਗ਼ੁਲਾਮੀ ਤੋਂ ਮੁਕਤ ਕਰਵਾਉਣ ਦੀ ਭਾਵਨਾ ਹੋਰ ਮਜ਼ਬੂਤ ਕੀਤੀ। ਉਹ ਗ਼ਦਰ ਪਾਰਟੀ ਨਾਲ ਜੁੜ ਗਏ ਤੇ ਗ਼ਦਰ ਅਖ਼ਬਾਰ ਦੇ ਪ੍ਰਚਾਰ ਤੇ ਪ੍ਰਸਾਰ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ। ਪਹਿਲੇ ਵਿਸ਼ਵ ਯੁੱਧ ਦੌਰਾਨ ਗ਼ਦਰੀਆਂ ਨੇ ਭਾਰਤ ਵਾਪਸ ਆ ਕੇ ਅੰਗਰੇਜ਼ੀ ਹਕੂਮਤ ਵਿਰੁੱਧ ਬਗਾਵਤ ਕਰਨ ਦੀ ਯੋਜਨਾ ਬਣਾਈ। ਕਰਤਾਰ ਸਿੰਘ ਸਰਾਭਾ ਇਸ ਯੋਜਨਾ ਦੇ ਅਗਾਂਹਵਧੂ ਕਾਰਕੁੰਨਾਂ 'ਚੋਂ ਇੱਕ ਸਨ। ਬ੍ਰਿਟਿਸ਼ ਸਰਕਾਰ ਨੇ ਗ਼ਦਰ ਅੰਦੋਲਨ ਨੂੰ ਕੁਚਲਣ ਲਈ ਵੱਡੇ ਪੱਧਰ 'ਤੇ ਗ੍ਰਿਫ਼ਤਾਰੀਆਂ ਕੀਤੀਆਂ। ਕਰਤਾਰ ਸਿੰਘ ਸਰਾਭਾ ਨੂੰ ਲਾਹੌਰ ਸਾਜ਼ਿਸ਼ ਕੇਸ ਵਿਚ ਮੁਕੱਦਮੇ ਦਾ ਸਾਹਮਣਾ ਕਰਨਾ ਪਿਆ। 16 ਨਵੰਬਰ 1915 ਨੂੰ ਲਾਹੌਰ ਕੇਂਦਰੀ ਜੇਲ੍ਹ ਵਿਚ ਉਨ੍ਹਾਂ ਨੂੰ ਫ਼ਾਸੀ ਦੇ ਦਿੱਤੀ ਗਈ। ਉਸ ਵੇਲੇ ਉਨ੍ਹਾਂ ਦੀ ਉਮਰ ਸਿਰਫ਼ 19 ਸਾਲ ਸੀ। ਭਾਰਤ ਸਰਕਾਰ ਦੇ ਸਰੋਤ ਅਨੁਸਾਰ ਉਹ ਆਪਣੇ ਸਾਥੀਆਂ ਸਮੇਤ ਫਾਂਸੀ ਚੜ੍ਹੇ ਤੇ ਉਨ੍ਹਾਂ ਦੀ ਬਹਾਦਰੀ ਨੇ ਆਉਣ ਵਾਲੀ ਪੀੜ੍ਹੀ ਦੇ ਕ੍ਰਾਂਤੀਕਾਰੀਆਂ ਨੂੰ ਪ੍ਰੇਰਣਾ ਦਿੱਤੀ। ਉਹ ਇਸ ਗੱਲ ਦਾ ਪ੍ਰਤੀਕ ਬਣ ਗਏ ਕਿ ਦੇਸ਼ ਦੀ ਆਜ਼ਾਦੀ ਲਈ ਉਮਰ ਨਹੀਂ ਸਗੋਂ ਹੌਸਲਾ, ਦ੍ਰਿੜ੍ਹਤਾ ਤੇ ਦੇਸ਼-ਪ੍ਰੇਮ ਮਹੱਤਵਪੂਰਨ ਹਨ। ਸ਼ਹੀਦ ਭਗਤ ਸਿੰਘ ਵੀ ਕਰਤਾਰ ਸਿੰਘ ਸਰਾਭਾ ਤੋਂ ਬਹੁਤ ਪ੍ਰਭਾਵਿਤ ਸਨ। ਭਾਰਤ ਸਰਕਾਰ ਦੇ ਡਿਜੀਟਲ ਡਿਸਟ੍ਰਿਕਟ ਰਿਪੋਜ਼ਟਰੀ 'ਚ ਵੀ ਕਰਤਾਰ ਸਿੰਘ ਸਰਾਭਾ ਨੂੰ ਭਗਤ ਸਿੰਘ ਲਈ ਪ੍ਰੇਰਣਾ ਦਾ ਸਰੋਤ ਦੱਸਿਆ ਗਿਆ ਹੈ। ਅੱਜ ਸਰਾਭਾ ਪਿੰਡ ਲੁਧਿਆਣਾ ਦੇ ਆਜ਼ਾਦੀ ਸੰਘਰਸ਼ ਦੀ ਮਹੱਤਵਪੂਰਨ ਯਾਦਗਾਰ ਹੈ। ਲੁਧਿਆਣਾ ਤੋਂ ਰਾਏਕੋਟ ਵੱਲ ਜਾਣ ਵਾਲੀ ਸੜਕ ਦਾ ਨਾਂ ਵੀ ਸ਼ਹੀਦ



ਕਰਤਾਰ ਸਿੰਘ ਸਰਾਭਾ ਮਾਰਗ ਰੱਖਿਆ ਗਿਆ ਹੈ।

### ਕ੍ਰਾਂਤੀ ਦੀ ਵਿਚਾਰਧਾਰਕ ਤਾਕਤ ਸ਼ਹੀਦ ਸੁਖਦੇਵ ਥਾਪਰ

ਲੁਧਿਆਣਾ ਸ਼ਹਿਰ ਦੇ ਚੌੜਾ ਬਜ਼ਾਰ 'ਚ ਪੈਂਦੇ ਮੁਹੱਲਾ ਨੌਘਰਾ ਨਾਲ ਜੁੜਿਆ ਇਕ ਹੋਰ ਮਹਾਨ ਨਾਂ ਸ਼ਹੀਦ ਸੁਖਦੇਵ ਥਾਪਰ ਦਾ ਹੈ। ਸੁਖਦੇਵ ਥਾਪਰ ਦਾ ਜਨਮ 15 ਮਈ 1907 ਨੂੰ ਲੁਧਿਆਣਾ 'ਚ ਹੋਇਆ। ਬਚਪਨ ਤੋਂ ਹੀ ਉਨ੍ਹਾਂ ਨੇ ਬ੍ਰਿਟਿਸ਼ ਰਾਜ ਵੱਲੋਂ ਭਾਰਤੀਆਂ ਨਾਲ ਕੀਤੇ ਜਾ ਰਹੇ ਜ਼ੁਲਮ ਦੇਖੇ। ਇਨ੍ਹਾਂ ਤਜਰਬਿਆਂ ਨੇ ਉਨ੍ਹਾਂ 'ਚ ਆਜ਼ਾਦੀ ਦੀ ਤੀਬਰ ਭਾਵਨਾ ਪੈਦਾ ਕੀਤੀ। ਸੁਖਦੇਵ ਸਿਰਫ਼ ਜਜ਼ਬਾਤੀ ਕ੍ਰਾਂਤੀਕਾਰੀ ਨਹੀਂ ਸਨ ਸਗੋਂ ਉਹ ਨੌਜਵਾਨਾਂ ਨੂੰ ਸੰਗਠਿਤ ਕਰਨ ਤੇ ਕ੍ਰਾਂਤੀਕਾਰੀ ਵਿਚਾਰਾਂ ਨੂੰ ਲੋਕਾਂ ਤੱਕ ਪਹੁੰਚਾਉਣ 'ਚ ਵੀ ਸਰਗਰਮ ਰਹੇ। ਉਹ ਭਗਤ ਸਿੰਘ ਤੇ ਹੋਰ ਸਾਥੀਆਂ ਦੇ ਨੇੜਲੇ ਸਹਿਯੋਗੀ ਸਨ। ਨੌਜਵਾਨ ਭਾਰਤ ਸਭਾ ਰਾਹੀਂ ਨੌਜਵਾਨਾਂ ਵਿਚ ਦੇਸ਼-ਪ੍ਰੇਮ, ਤਰਕਸ਼ੀਲਤਾ ਤੇ ਅੰਗਰੇਜ਼ੀ ਗ਼ੁਲਾਮੀ ਵਿਰੁੱਧ ਚੇਤਨਾ ਪੈਦਾ ਕਰਨ ਦਾ ਕੰਮ ਕੀਤਾ। ਲਾਹੌਰ ਸਾਜ਼ਿਸ਼ ਕੇਸ 'ਚ ਸੁਖਦੇਵ, ਭਗਤ ਸਿੰਘ ਤੇ ਰਾਜਗੁਰੂ ਨੂੰ ਮੌਤ ਦੀ ਸਜ਼ਾ ਸੁਣਾਈ ਗਈ। 23 ਮਾਰਚ 1931 ਨੂੰ ਤਿੰਨਾਂ ਮਹਾਨ ਕ੍ਰਾਂਤੀਕਾਰੀਆਂ ਨੂੰ ਫ਼ਾਸੀ ਦੇ ਦਿੱਤੀ ਗਈ। ਉਸ ਵੇਲੇ ਸੁਖਦੇਵ ਦੀ ਉਮਰ ਕੇਵਲ 23 ਸਾਲ ਸੀ। ਅੱਜ 23 ਮਾਰਚ ਨੂੰ ਸ਼ਹੀਦ ਦਿਵਸ ਵਜੋਂ ਯਾਦ ਕਰਦਿਆਂ ਇਨ੍ਹਾਂ ਤਿੰਨਾਂ ਦੀ ਕੁਰਬਾਨੀ ਨੂੰ ਨਮਨ ਕੀਤਾ ਜਾਂਦਾ ਹੈ। ਲੁਧਿਆਣਾ ਲਈ ਸੁਖਦੇਵ ਥਾਪਰ ਦੀ ਵਿਰਾਸਤ ਵਿਸ਼ੇਸ਼ ਮਹੱਤਵ ਰੱਖਦੀ ਹੈ। ਉਨ੍ਹਾਂ ਦੀ ਸ਼ਹਾਦਤ ਇਹ ਸੰਦੇਸ਼ ਦਿੰਦੀ ਹੈ ਕਿ ਆਜ਼ਾਦੀ ਸਿਰਫ਼ ਰਾਜਨੀਤਕ ਮੰਗ ਨਹੀਂ ਸੀ ਸਗੋਂ ਇਹ ਨੌਜਵਾਨ ਪੀੜ੍ਹੀ ਦੇ ਸੁਪਨੇ, ਸੰਘਰਸ਼ ਤੇ ਬਲਿਦਾਨ ਨਾਲ ਜੁੜਿਆ ਮਹਾਨ ਰਾਸ਼ਟਰੀ ਉਦੇਸ਼ ਸੀ।

### ਦੇਸ਼ ਦੀ ਗ਼ੁਲਾਮੀ ਪ੍ਰਤੀ ਚਿੰਤਤ ਸਨ ਲਾਲਾ ਲਾਜਪਤ ਰਾਏ

ਸ਼ਹੀਦ ਲਾਲਾ ਲਾਜਪਤ ਰਾਏ ਭਾਰਤ ਦੇ ਮਹਾਨ ਆਜ਼ਾਦੀ ਘੁਲਾਟੀਏ, ਰਾਸ਼ਟਰਵਾਦੀ ਆਗੂ ਤੇ ਸਮਾਜ ਸੁਧਾਰਕ ਸਨ। ਉਨ੍ਹਾਂ ਨੂੰ ਪਿਆਰ ਨਾਲ 'ਪੰਜਾਬ ਕੇਸਰੀ' ਕਿਹਾ ਜਾਂਦਾ ਹੈ। ਉਨ੍ਹਾਂ ਦਾ ਜਨਮ 28 ਜਨਵਰੀ 1865 ਨੂੰ ਢੁੱਡੀਕੇ ਨੇੜੇ ਜਗਰਾ ਂ ਵਿਚ ਹੋਇਆ। ਉਹ ਬਚਪਨ ਤੋਂ ਹੀ ਦੇਸ਼ ਦੀ ਗ਼ੁਲਾਮੀ ਪ੍ਰਤੀ ਚਿੰਤਤ ਸਨ ਤੇ ਉਨ੍ਹਾਂ ਨੇ ਆਪਣਾ ਜੀਵਨ ਆਜ਼ਾਦੀ ਲਈ ਸਮਰਪਿਤ ਕਰ ਦਿੱਤਾ। ਲਾਲਾ ਲਾਜਪਤ ਰਾਏ ਲਾਲ-ਬਾਲ-ਪਾਲ ਦੀ ਪ੍ਰਸਿੱਧ ਤਿੱਕੜੀ ਦਾ ਹਿੱਸਾ ਸਨ। ਉਨ੍ਹਾਂ ਨੇ ਸਵਦੇਸ਼ੀ ਵਸਤਾਂ ਦੀ ਵਰਤੋਂ, ਵਿਦੇਸ਼ੀ ਵਸਤਾਂ ਦੇ ਬਾਈਕਾਟ ਤੇ ਰਾਸ਼ਟਰੀ ਸਿੱਖਿਆ ਦਾ ਜ਼ੋਰਦਾਰ ਸਮਰਥਨ ਕੀਤਾ। ਅੰਗਰੇਜ਼ ਸਰਕਾਰ ਨੇ ਉਨ੍ਹਾਂ ਦੀਆਂ ਰਾਸ਼ਟਰਵਾਦੀ ਗਤੀਵਿਧੀਆਂ ਕਾਰਨ ਉਨ੍ਹਾਂ ਨੂੰ ਕੈਦ ਤੇ ਜਲਾਵਤਨੀ ਵੀ ਦਿੱਤੀ। 1928 'ਚ ਜਦੋਂ ਸਾਈਮਨ ਕਮਿਸ਼ਨ ਭਾਰਤ ਆਇਆ ਤਾਂ ਲਾਲਾ ਲਾਜਪਤ ਰਾਏ ਨੇ ਲਾਹੌਰ ਵਿਚ ਇਸ ਦੇ ਵਿਰੋਧ ਦੀ ਅਗਵਾਈ ਕੀਤੀ। 30 ਅਕਤੂਬਰ ਨੂੰ ਪੁਲਿਸ ਦੇ ਲਾਠੀਚਾਰਜ 'ਚ ਉਹ ਗੰਭੀਰ ਰੂਪ ਵਿਚ ਜ਼ਖ਼ਮੀ ਹੋਏ। ਉਨ੍ਹਾਂ ਕਿਹਾ, 'ਮੇਰੇ ਸਰੀਰ 'ਤੇ ਪਈ



ਹਰ ਲਾਠੀ ਦੀ ਚੋਟ ਬ੍ਰਿਟਿਸ਼ ਸਾਮਰਾਜ ਦੇ ਤਾਬੂਤ ਵਿਚ ਇਕ ਕਿੱਲ ਸਾਬਿਤ ਹੋਵੇਗੀ।' 17 ਨਵੰਬਰ 1928 ਨੂੰ ਉਨ੍ਹਾਂ ਦਾ ਦੇਹਾਂਤ ਹੋ ਗਿਆ। ਉਨ੍ਹਾਂ ਦੀ ਸ਼ਹਾਦਤ ਨੇ ਭਗਤ ਸਿੰਘ ਵਰਗੇ ਨੌਜਵਾਨ ਕ੍ਰਾਂਤੀਕਾਰੀਆਂ ਨੂੰ ਡੂੰਘੀ ਪ੍ਰੇਰਣਾ ਦਿੱਤੀ। ਲਾਲਾ ਲਾਜਪਤ ਰਾਏ ਦੀ ਕੁਰਬਾਨੀ ਭਾਰਤ ਦੇ ਆਜ਼ਾਦੀ ਸੰਘਰਸ਼ ਦੀ ਅਮਿੱਟ ਵਿਰਾਸਤ ਹੈ।

### ਗ਼ਦਰ ਲਹਿਰ ਤੇ ਲੁਧਿਆਣਾ

20ਵੀਂ ਸਦੀ ਦੇ ਸ਼ੁਰੂ ਵਿਚ ਪੰਜਾਬ ਦੇ ਹਜ਼ਾਰਾਂ ਲੋਕ ਰੁਜ਼ਗਾਰ ਦੀ ਭਾਲ ਵਿਚ ਅਮਰੀਕਾ, ਕੈਨੇਡਾ, ਚੀਨ, ਫਿਲਪੀਨਜ਼ ਤੇ ਦੱਖਣ-ਪੂਰਬੀ ਏਸ਼ੀਆ ਦੇ ਦੇਸ਼ਾਂ 'ਚ ਗਏ। ਉੱਥੇ ਉਨ੍ਹਾਂ ਨੇ ਨਸਲੀ ਵਿਤਕਰੇ ਦੇ ਨਾਲ-ਨਾਲ ਇਹ ਮਹਿਸੂਸ ਕੀਤਾ ਕਿ ਭਾਰਤ ਗ਼ੁਲਾਮ ਹੋਣ ਕਾਰਨ ਵਿਦੇਸ਼ਾਂ ਵਿਚ ਰਹਿੰਦੇ ਭਾਰਤੀਆਂ ਨੂੰ ਵੀ ਅਪਮਾਨ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਮਾਹੌਲ ਵਿਚ ਗ਼ਦਰ ਪਾਰਟੀ ਦਾ ਜਨਮ ਹੋਇਆ। ਲੁਧਿਆਣਾ ਜ਼ਿਲ੍ਹੇ ਦੇ ਕਈ ਨੌਜਵਾਨ ਗ਼ਦਰ ਪਾਰਟੀ ਨਾਲ ਜੁੜੇ ਤੇ ਭਾਰਤ ਵਾਪਸ ਆ ਕੇ ਬ੍ਰਿਟਿਸ਼ ਸਰਕਾਰ ਵਿਰੁੱਧ ਕ੍ਰਾਂਤੀ ਦੀ ਕੋਸ਼ਿਸ਼ ਕੀਤੀ। ਜ਼ਿਲ੍ਹਾ ਪ੍ਰਸ਼ਾਸਨ ਦੀ ਸੂਚੀ ਵਿਚ ਕਰਤਾਰ ਸਿੰਘ ਸਰਾਭਾ, ਭਾਨ ਸਿੰਘ ਸੁਨੇਤ, ਧਿਆਨ ਸਿੰਘ ਤੇ ਹੋਰ ਕਈ ਗ਼ਦਰੀਆਂ ਦੇ ਨਾਂ ਦਰਜ ਹਨ।

### ਕਾਲੇ ਪਾਣੀ 'ਚ ਸ਼ਹੀਦ ਹੋਇਆ ਗ਼ਦਰੀ ਭਾਨ ਸਿੰਘ ਸੁਨੇਤ

ਭਾਨ ਸਿੰਘ ਸੁਨੇਤ ਲੁਧਿਆਣਾ ਸ਼ਹਿਰ 'ਚ ਸਥਿਤ ਪਿੰਡ ਸੁਨੇਤ ਨਾਲ ਸਬੰਧਿਤ ਸਨ। ਉਹ ਨੌਜਵਾਨੀ 'ਚ ਵਿਦੇਸ਼ ਗਏ ਤੇ ਗ਼ਦਰ ਪਾਰਟੀ ਨਾਲ ਸਰਗਰਮੀ ਨਾਲ ਜੁੜੇ। ਉਹ ਕਰਤਾਰ ਸਿੰਘ ਸਰਾਭਾ ਦੇ ਨੇੜਲੇ ਸਾਥੀਆਂ 'ਚੋਂ ਇਕ ਬਣੇ। ਗ਼ਦਰ ਦੀ ਹਥਿਆਰਬੰਦ ਕ੍ਰਾਂਤੀ ਲਈ ਉਹ ਭਾਰਤ ਵਾਪਸ ਆਏ। ਅਕਤੂਬਰ 1914 ਵਿਚ ਭਾਰਤ ਪਹੁੰਚਣ ਉਪਰੰਤ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਬਾਅਦ 'ਚ ਪਹਿਲੇ



ਲਾਹੌਰ ਸਾਜ਼ਿਸ਼ ਕੇਸ ਵਿਚ ਉਨ੍ਹਾਂ ਨੂੰ ਉਮਰ ਕੈਦ ਤੇ ਜਾਇਦਾਦ ਜ਼ਬਤੀ ਦੀ ਸਜ਼ਾ ਹੋਈ। ਅੰਡੇਮਾਨ ਦੀ ਸੈਲੂਲਰ ਜੇਲ੍ਹ ਵਿਚ ਪੁਲਿਸ ਤਸ਼ੱਦਦ ਕਾਰਨ 1917 'ਚ ਉਨ੍ਹਾਂ ਦੀ ਮੌਤ ਹੋ ਗਈ। ਇਸ ਤਰ੍ਹਾਂ ਭਾਨ ਸਿੰਘ ਸੁਨੇਤ ਦਾ ਬਲਿਦਾਨ ਸਿਰਫ਼ ਜੇਲ੍ਹ ਦੀ ਸਜ਼ਾ ਤੱਕ ਸੀਮਤ ਨਹੀਂ ਸੀ, ਉਨ੍ਹਾਂ ਨੇ ਕਾਲੇ ਪਾਣੀ ਦੀ ਸਜ਼ਾ ਦੌਰਾਨ ਅਣਮਨੁੱਖੀ ਹਾਲਤਾਂ 'ਚ ਆਪਣੀ ਜ਼ਿੰਦਗੀ ਗੁਆ ਦਿੱਤੀ।

### ਲਾਲ ਸਿੰਘ ਸਾਹਬਾਣਾ: ਵਿਦੇਸ਼ੀ ਧਰਤੀ ਤੋਂ ਆਜ਼ਾਦੀ ਦੀ ਜੰਗ ਤੱਕ

ਲੁਧਿਆਣਾ ਜ਼ਿਲ੍ਹੇ ਦੇ ਪਿੰਡ ਸਾਹਬਾਣਾ ਦੇ ਲਾਲ ਸਿੰਘ ਵੀ ਗ਼ਦਰ ਲਹਿਰ ਦੇ ਦ੍ਰਿੜ ਸੂਰਮੇ ਸਨ। ਉਹ ਪਹਿਲਾਂ ਬ੍ਰਿਟਿਸ਼ ਭਾਰਤੀ ਫ਼ੌਜ 'ਚ ਰਹੇ ਪਰ ਬਾਅਦ ਵਿਚ ਨੌਕਰੀ ਛੱਡ ਕੇ ਫਿਲਪੀਨਜ਼ ਚਲੇ ਗਏ। ਉੱਥੇ ਗ਼ਦਰ ਅਖ਼ਬਾਰ ਦੇ ਪ੍ਰਭਾਵ ਹੇਠ ਆ ਕੇ ਉਨ੍ਹਾਂ ਨੇ ਅੰਗਰੇਜ਼ੀ ਰਾਜ ਵਿਰੁੱਧ ਸੰਘਰਸ਼ ਦਾ ਰਾਹ ਚੁਣਿਆ। 1914 ਵਿਚ ਗ਼ਦਰ ਪਾਰਟੀ ਦੇ ਸੱਦੇ 'ਤੇ ਬਹੁਤ ਸਾਰੇ ਪੰਜਾਬੀ ਭਾਰਤ ਵਾਪਸ ਆਏ। ਲਾਲ ਸਿੰਘ ਵੀ ਇਸ ਲਹਿਰ ਦਾ ਹਿੱਸਾ ਬਣੇ। ਬ੍ਰਿਟਿਸ਼ ਸਰਕਾਰ ਨੇ ਉਨ੍ਹਾਂ ਦੀਆਂ ਗਤੀਵਿਧੀਆਂ ਨੂੰ ਖ਼ਤਰਨਾਕ ਮੰਨਿਆ। ਉਨ੍ਹਾਂ ਦੀ ਕਹਾਣੀ ਸਾਨੂੰ ਦੱਸਦੀ ਹੈ ਕਿ ਵਿਦੇਸ਼ਾਂ 'ਚ ਬੈਠੇ ਭਾਰਤੀਆਂ ਨੇ ਵੀ ਆਜ਼ਾਦੀ ਦੀ ਲੜਾਈ ਲਈ ਆਪਣੀ ਜ਼ਿੰਦਗੀ ਜੋਖ਼ਮ 'ਚ ਪਾਈ।

### ਇੰਦਰ ਸਿੰਘ ਮੱਲਾ: ਗ਼ਦਰ ਲਹਿਰ ਦਾ ਨਿਡਰ ਯੋਧਾ

ਲੁਧਿਆਣਾ ਜ਼ਿਲ੍ਹੇ ਦੇ ਮੱਲਾ ਪਿੰਡ ਨਾਲ ਸਬੰਧਤ ਇੰਦਰ ਸਿੰਘ ਵੀ ਗ਼ਦਰ ਲਹਿਰ ਨਾਲ ਜੁੜੇ ਹੋਏ ਸਨ। ਉਹ ਵਿਦੇਸ਼ ਤੋਂ ਵਾਪਸ ਆ ਕੇ ਗ਼ਦਰੀ ਗਤੀਵਿਧੀਆਂ 'ਚ ਸ਼ਾਮਿਲ ਹੋਏ। ਪਹਿਲੇ ਲਾਹੌਰ ਸਾਜ਼ਿਸ਼ ਕੇਸ 'ਚ ਉਨ੍ਹਾਂ ਨੂੰ ਉਮਰ ਕੈਦ ਤੇ ਜਾਇਦਾਦ ਜ਼ਬਤੀ ਦੀ ਸਜ਼ਾ ਸੁਣਾਈ ਗਈ। ਇੰਦਰ ਸਿੰਘ ਵਰਗੇ ਯੋਧਿਆਂ ਦੀ ਮਹੱਤਤਾ ਇਸ ਗੱਲ ਵਿਚ ਹੈ ਕਿ ਉਨ੍ਹਾਂ ਨੇ ਬਿਨਾਂ ਕਿਸੇ ਨਿੱਜੀ ਲਾਭ ਦੀ ਆਸ ਦੇ ਬ੍ਰਿਟਿਸ਼ ਸਾਮਰਾਜ ਨਾਲ ਟੱਕਰ ਲਈ ਤੇ ਲੰਬੀਆਂ ਜੇਲ੍ਹਾਂ ਦੀਆਂ ਸਜ਼ਾਵਾਂ ਸਹੀਆਂ।

### ਭਾਈ ਰਣਧੀਰ ਸਿੰਘ ਨਾਰੰਗਵਾਲ: ਜੇਲ੍ਹਾਂ 'ਚ ਵੀ ਅਡੋਲ ਦੇਸ਼ ਭਗਤੀ

ਲੁਧਿਆਣਾ ਜ਼ਿਲ੍ਹੇ ਦੇ ਨਾਰੰਗਵਾਲ ਪਿੰਡ ਵਿਚ 7 ਜੁਲਾਈ 1878 ਨੂੰ ਜਨਮੇ ਭਾਈ ਰਣਧੀਰ ਸਿੰਘ ਦਾ ਨਾਂ ਵੀ ਆਜ਼ਾਦੀ ਦੇ ਸੰਘਰਸ਼ ਵਿਚ ਵਿਲੱਖਣ ਸਥਾਨ ਰੱਖਦਾ ਹੈ। ਭਾਰਤ ਸਰਕਾਰ ਦੇ ਆਜ਼ਾਦੀ ਘੁਲਾਟੀ ਸਰੋਤ ਉਨ੍ਹਾਂ ਨੂੰ ਲੁਧਿਆਣਾ ਜ਼ਿਲ੍ਹੇ ਦਾ ਮਹੱਤਵਪੂਰਨ ਆਜ਼ਾਦੀ ਘੁਲਾਟੀਆ ਦੱਸਦੇ ਹਨ। 1914 ਵਿਚ ਗੁਰਦੁਆਰਾ ਰਕਾਬ ਗੰਜ ਦੀ ਕੰਧ ਢਾਹੇ ਜਾਣ ਦੇ ਵਿਰੋਧ 'ਚ ਉਨ੍ਹਾਂ ਨੇ ਜਨਤਕ ਤੌਰ 'ਤੇ ਆਵਾਜ਼ ਉਠਾਈ। ਇਸ ਅੰਦੋਲਨ ਨੇ ਪੰਜਾਬ ਦੇ ਲੋਕਾਂ ਵਿਚ ਅੰਗਰੇਜ਼ ਸਰਕਾਰ ਵਿਰੁੱਧ ਰੋਸ ਨੂੰ ਹੋਰ ਤੀਬਰ ਕੀਤਾ। ਪਹਿਲੇ ਵਿਸ਼ਵ ਯੁੱਧ ਦੌਰਾਨ ਗ਼ਦਰ ਲਹਿਰ ਦੇ ਪ੍ਰਭਾਵ ਨਾਲ ਉਨ੍ਹਾਂ ਨੇ ਵੀ ਬ੍ਰਿਟਿਸ਼ ਰਾਜ ਵਿਰੁੱਧ ਹਥਿਆਰਬੰਦ ਬਗ਼ਾਵਤ ਦੀਆਂ ਯੋਜਨਾਵਾਂ 'ਚ ਭੂਮਿਕਾ ਨਿਭਾਈ। ਫਰਵਰੀ 1915 'ਚ ਫਿਰੋਜ਼ਪੁਰ ਵਿਚ ਬਗਾਵਤ ਦੀ ਯੋਜਨਾ ਬਣੀ ਪਰ ਅੰਗਰੇਜ਼ਾਂ ਨੂੰ ਇਸ ਦੀ ਜਾਣਕਾਰੀ ਹੋ ਗਈ ਤੇ ਕਈ ਸਾਥੀਆਂ ਸਮੇਤ ਭਾਈ ਰਣਧੀਰ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਉਨ੍ਹਾਂ ਨੂੰ ਲੰਬੀ ਕੈਦ ਦੀ ਸਜ਼ਾ ਹੋਈ। ਜੇਲ੍ਹ ਦੇ ਸਾਲਾਂ ਦੌਰਾਨ ਵੀ ਉਨ੍ਹਾਂ ਨੇ ਆਪਣੇ ਵਿਚਾਰਾਂ ਤੇ ਵਿਸ਼ਵਾਸਾਂ ਨਾਲ ਸਮਝੌਤਾ ਨਹੀਂ ਕੀਤਾ। **(ਬਾਕੀ ਅਗਲੇ ਸਫੇ 'ਤੇ)**

# ਭਾਰਤ ਦੇ ਆਜ਼ਾਦੀ ਸੰਗਰਾਮ ’ਚ ਲੁਧਿਆਣਾ ਦੇ ਸ਼ਹੀਦਾਂ ਦਾ ਯੋਗਦਾਨ

(ਸਫਾ 15 ਦੀ ਬਾਕੀ)

ਉਨ੍ਹਾਂ ਦੀ ਜ਼ਿੰਦਗੀ ਇਹ ਸਾਬਿਤ ਕਰਦੀ ਹੈ ਕਿ ਆਜ਼ਾਦੀ ਦਾ ਸੰਘਰਸ਼ ਸਿਰਫ਼ ਫਾਂਸੀ ਚੜ੍ਹਨ ਵਾਲਿਆਂ ਦੀ ਕਹਾਣੀ ਨਹੀਂ ਸੀ। ਜਿਨ੍ਹਾਂ ਨੇ ਦਹਾਕਿਆਂ ਤੱਕ ਜੇਲ੍ਹਾਂ ਵਿਚ ਤਸ਼ੱਦਦ, ਇਕਾਂਤ, ਭੁੱਖ ਤੇ ਸਖ਼ਤ ਸਜ਼ਾਵਾਂ ਸਹੀਆਂ, ਉਨ੍ਹਾਂ ਦਾ ਤਿਆਗ ਵੀ ਕਿਸੇ ਸ਼ਹਾਦਤ ਤੋਂ ਘੱਟ ਨਹੀਂ ਸੀ।

### ਕੈਦ ਤੇ ਤਸ਼ੱਦਦ ਸਹਿਣ ਵਾਲਾ ਆਜ਼ਾਦੀ ਘੁਲਾਟੀਆ ਭਾਈ ਨਾਹਰ ਸਿੰਘ

ਵਿਦਿਆਰਥੀ ਜੀਵਨ ’ਚ ਭਾਈ ਰਣਧੀਰ ਸਿੰਘ ਦੇ ਸੰਪਰਕ ਵਿਚ ਆਏ। ਉਨ੍ਹਾਂ ਨੂੰ 1915 ’ਚ ਗ੍ਰਿਫ਼ਤਾਰ ਕਰ ਕੇ ਲਾਹੌਰ ਸਾਜ਼ਿਸ਼ ਕੇਸ ’ਚ ਸ਼ਾਮਲ ਕੀਤਾ ਗਿਆ। ਬ੍ਰਿਟਿਸ਼ ਟ੍ਰਿਬਿਊਨਲ ਨੇ ਉਨ੍ਹਾਂ ਨੂੰ ਉਮਰ ਕੈਦ ਤੇ ਜਾਇਦਾਦ ਜ਼ਬਤੀ ਦੀ ਸਜ਼ਾ ਸੁਣਾਈ, ਜਿਸ ਨੂੰ ਬਾਅਦ ਵਿਚ ਪੰਜ ਸਾਲ ਦੀ ਸਖ਼ਤ ਕੈਦ ਵਿਚ ਬਦਲ ਦਿੱਤਾ ਗਿਆ। ਜੇਲ੍ਹ ਤੋਂ ਰਿਹਾਅ ਹੋਣ ਤੋਂ ਬਾਅਦ ਵੀ ਉਨ੍ਹਾਂ ਨੇ ਰਾਸ਼ਟਰੀ ਚੇਤਨਾ ਫੈਲਾਉਣ ਦਾ ਕੰਮ ਜਾਰੀ ਰੱਖਿਆ। ਉਨ੍ਹਾਂ ਦੀ ਭੂਮਿਕਾ ਇਸ ਗੱਲ ਦੀ ਉਦਾਹਰਨ ਹੈ ਕਿ ਜੇਲ੍ਹ ਤੋਂ ਬਾਹਰ ਆਉਣ ਉਪਰੰਤ ਵੀ ਆਜ਼ਾਦੀ ਘੁਲਾਟੀਏ ਆਪਣੀ ਜ਼ਿੰਦਗੀ ਨੂੰ ਰਾਸ਼ਟਰੀ ਜਾਗਰੂਕਤਾ ਲਈ ਸਮਰਪਿਤ ਕਰਦੇ ਰਹੇ।

### ਕੂਕਾ ਲਹਿਰ

ਕੂਕਾ ਲਹਿਰ ਪੰਜਾਬ ਦੇ ਇਤਿਹਾਸ ’ਚ ਅੰਗਰੇਜ਼ੀ ਹਕੂਮਤ ਵਿਰੁੱਧ ਉੱਠੀਆਂ ਮਹੱਤਵਪੂਰਨ ਧਾਰਮਿਕ, ਸਮਾਜਿਕ ਤੇ ਰਾਜਨੀਤਕ ਲਹਿਰਾਂ ਵਿੱਚੋਂ ਇਕ ਸੀ। ਇਸ ਲਹਿਰ ਦੀ ਨੀਂਹ ਸਤਿਗੁਰੂ ਰਾਮ ਸਿੰਘ ਨੇ ਰੱਖੀ। ਉਨ੍ਹਾਂ ਦਾ ਜਨਮ 1816 ਵਿਚ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਰਾਈਆਂ ਨੇੜੇ ਸ੍ਰੀ ਭੈਣੀ ਸਾਹਿਬ ਵਿਖੇ ਹੋਇਆ। ਬਾਅਦ ’ਚ ਸ੍ਰੀ ਭੈਣੀ ਸਾਹਿਬ ਇਸ ਲਹਿਰ ਦਾ ਮੁੱਖ ਕੇਂਦਰ ਬਣਿਆ। ਕੂਕਾ ਲਹਿਰ ਨੂੰ ਨਾਂ ਇਸ ਦੇ ਪੈਰੋਕਾਰਾਂ ਵੱਲੋਂ ਉਚਾਰੀ ਜਾਂਦੀ ਵਿਸ਼ੇਸ਼ ‘ਕੂਕ’ ਕਾਰਨ ਮਿਲਿਆ। ਸਤਿਗੁਰੂ ਰਾਮ ਸਿੰਘ ਨੇ ਲੋਕਾਂ ਨੂੰ ਸਾਦਾ ਜੀਵਨ, ਨਸ਼ਿਆਂ ਤੋਂ ਦੂਰ ਰਹਿਣ, ਸਮਾਜਿਕ ਬੁਰਾਈਆਂ ਦਾ ਵਿਰੋਧ ਕਰਨ ਤੇ ਆਪਸੀ ਭਾਈਚਾਰਾ ਮਜ਼ਬੂਤ ਕਰਨ ਦਾ ਸੰਦੇਸ਼ ਦਿੱਤਾ। ਉਨ੍ਹਾਂ ਨੇ ਵਿਦੇਸ਼ੀ ਕੱਪੜਿਆਂ ਤੇ ਅੰਗਰੇਜ਼ੀ ਹਕੂਮਤ ਦੀਆਂ ਸੰਸਥਾਵਾਂ ਦਾ ਬਾਈਕਾਟ ਕਰਨ ਦੀ ਪ੍ਰੇਰਣਾ ਦਿੱਤੀ। ਕੂਕਿਆਂ ਨੇ ਸਰਕਾਰੀ ਡਾਕ, ਅਦਾਲਤਾਂ ਤੇ ਹੋਰ ਅੰਗਰੇਜ਼ੀ ਪ੍ਰਬੰਧਾਂ ਤੋਂ ਦੂਰੀ ਬਣਾਉਣ ਦੀ ਕੋਸ਼ਿਸ਼ ਕੀਤੀ। ਇਸ ਤਰ੍ਹਾਂ ਇਹ ਲਹਿਰ ਧਾਰਮਿਕ-ਸਮਾਜਿਕ ਸੁਧਾਰ ਤੋਂ ਅੱਗੇ ਵੱਧ ਕੇ ਅੰਗਰੇਜ਼ੀ ਰਾਜ ਵਿਰੁੱਧ ਸਵੈ-ਨਿਰਭਰਤਾ ਦੀ ਸੋਚ ਨਾਲ ਜੁੜ ਗਈ। 1871-72 ਦੌਰਾਨ ਕੂਕਾ ਲਹਿਰ ਨੇ ਨਵਾਂ ਰੂਪ ਧਾਰਿਆ। ਅੰਮ੍ਰਿਤਸਰ ਤੇ ਮਲੇਰਕੋਟਲਾ ਸਮੇਤ ਪੰਜਾਬ ਦੇ ਕੁਝ ਇਲਾਕਿਆਂ ਵਿਚ ਕੂਕਾ ਪੈਰੋਕਾਰਾਂ ਅਤੇ ਬ੍ਰਿਟਿਸ਼ ਸਰਕਾਰ ਵਿਚਕਾਰ ਟਕਰਾਅ ਹੋਇਆ। ਜਨਵਰੀ 1872 ’ਚ ਮਲੇਰਕੋਟਲਾ ਵਿਖੇ ਹੋਈ ਘਟਨਾ ਤੋਂ ਬਾਅਦ ਅੰਗਰੇਜ਼ ਅਧਿਕਾਰੀਆਂ ਨੇ ਕੂਕਿਆਂ ਵਿਰੁੱਧ ਬਹੁਤ ਸਖ਼ਤ ਕਾਰਵਾਈ ਕੀਤੀ। ਕਈ ਕੂਕਿਆਂ ਨੂੰ ਗ੍ਰਿਫ਼ਤਾਰ ਕਰ ਕੇ ਤੋਪਾਂ ਨਾਲ ਉਡਾ ਦਿੱਤਾ ਗਿਆ। ਇਨ੍ਹਾਂ ਵਿੱਚੋਂ 17 ਜਨਵਰੀ 1872 ਨੂੰ 49 ਕੂਕਿਆਂ ਨੂੰ ਤੋਪਾਂ ਅੱਗੇ ਬੰਨ੍ਹ ਕੇ ਸ਼ਹੀਦ ਕੀਤਾ ਗਿਆ, ਜਦੋਂਕਿ ਅਗਲੇ ਦਿਨ ਹੋਰ ਕੂਕਿਆਂ ਨੂੰ ਵੀ ਸਜ਼ਾਵਾਂ ਦਿੱਤੀਆਂ ਗਈਆਂ। ਸਤਿਗੁਰੂ ਰਾਮ ਸਿੰਘ ਨੂੰ ਵੀ ਅੰਗਰੇਜ਼ ਸਰਕਾਰ ਨੇ ਗ੍ਰਿਫ਼ਤਾਰ ਕਰ ਕੇ ਰੰਗੂਨ ਭੇਜ ਦਿੱਤਾ, ਜਿੱਥੇ ਉਹ ਜਲਾਵਤਨੀ ’ਚ ਰਹੇ। ਕੂਕਾ ਸ਼ਹੀਦਾਂ ਨੇ ਆਪਣੀ ਜਾਨ ਦੀ ਪਰਵਾਹ ਕੀਤੇ ਬਿਨਾਂ ਅੰਗਰੇਜ਼ੀ ਜ਼ੁਲਮ ਦਾ ਸਾਹਮਣਾ ਕੀਤਾ। ਕੂਕਾ ਲਹਿਰ ਦੀ ਸਭ ਤੋਂ ਵੱਡੀ ਦੇਣ ਇਹ ਸੀ ਕਿ ਇਸ ਨੇ ਪੰਜਾਬ ਦੇ ਲੋਕਾਂ ਵਿੱਚ ਵਿਦੇਸ਼ੀ ਰਾਜ ਦੇ ਬਾਈਕਾਟ, ਸਵੈ-ਨਿਰਭਰਤਾ ਤੇ ਆਪਣੇ ਹੱਕਾਂ ਲਈ ਸੰਘਰਸ਼ ਦੀ ਭਾਵਨਾ ਪੈਦਾ ਕੀਤੀ। ਬਾਅਦ ਦੀਆਂ ਆਜ਼ਾਦੀ ਦੀਆਂ ਲਹਿਰਾਂ ’ਚ ਵੀ ਇਸ ਦੀ ਵਿਰਾਸਤ ਅਤੇ ਕੁਰਬਾਨੀਆਂ ਨੂੰ ਪ੍ਰੇਰਣਾ ਦੇ ਸਰੋਤ ਵਜੋਂ ਯਾਦ ਕੀਤਾ ਜਾਂਦਾ ਹੈ।

### 1857 ਦੇ ਵਿਦਰੋਹ ’ਚ ਭੂਮਿਕਾ

1857 ਦਾ ਮਹਾਨ ਵਿਦਰੋਹ ਭਾਰਤ ਦੇ ਇਤਿਹਾਸ ’ਚ ਵੱਡਾ ਮੋੜ ਸੀ। ਲੁਧਿਆਣਾ ’ਚ ਵੀ ਇਸ ਦੇ ਪ੍ਰਭਾਵ ਵੇਖਣ ਨੂੰ ਮਿਲੇ। ਜ਼ਿਲ੍ਹਾ ਪ੍ਰਸ਼ਾਸਨ ਦੀ ਆਜ਼ਾਦੀ ਘੁਲਾਟੀਆਂ ਦੀ ਸੂਚੀ ਵਿਚ 1857 ਦੇ ਵਿਦਰੋਹ ਨਾਲ ਸਬੰਧਿਤ ਕਈ ਨਾਂ ਦਰਜ ਹਨ। ਇਨ੍ਹਾਂ ਵਿਚ ਬੂਟਾ ਸਿੰਘ, ਗੁਲਾਬ ਸਿੰਘ, ਇਮਾਮ ਅਲੀ, ਰਾਏ ਸਿੰਘ, ਸ਼ਹਿਜ਼ਾਦ ਅਲੰਦਰ ਤੇ ਸੰਗਤ ਸਿੰਘ ਆਦਿ ਸ਼ਾਮਲ ਹਨ। ਇਨ੍ਹਾਂ ਲੋਕਾਂ ਦੀ ਭੂਮਿਕਾ ਇਸ ਗੱਲ ਦੀ ਗਵਾਹ ਹੈ ਕਿ ਪੰਜਾਬ ਵਿਚ ਵੀ 1857 ਦੀ ਬਗ਼ਾਵਤ ਸਿਰਫ਼ ਫ਼ੌਜੀ ਬਗਾਵਤ ਨਹੀਂ ਸੀ। ਇਸ ਨੇ ਲੋਕਾਂ ਵਿਚ ਬ੍ਰਿਟਿਸ਼ ਰਾਜ ਵਿਰੁੱਧ ਵਿਰੋਧ ਦੀ ਭਾਵਨਾ ਨੂੰ ਜਨਮ ਦਿੱਤਾ ਤੇ ਆਉਣ ਵਾਲੀਆਂ ਪੀੜ੍ਹੀਆਂ ਦੇ ਸੰਘਰਸ਼ ਲਈ ਮਾਹੌਲ ਤਿਆਰ ਕੀਤਾ।

### ਬੱਬਰ ਅਕਾਲੀ ਤੇ ਜੈਤੋ ਮੋਰਚੇ ਦੇ ਯੋਧੇ

ਲੁਧਿਆਣਾ ਜ਼ਿਲ੍ਹੇ ਦੇ ਕਈ ਆਜ਼ਾਦੀ ਘੁਲਾਟੀਏ ਬੱਬਰ ਅਕਾਲੀ ਅਤੇ ਜੈਤੋ ਮੋਰਚੇ ਨਾਲ ਵੀ ਜੁੜੇ ਹੋਏ ਸਨ। ਜ਼ਿਲ੍ਹਾ ਪ੍ਰਸ਼ਾਸਨ ਦੀ ਸੂਚੀ ’ਚ ਬੱਬਰ ਅਕਾਲੀ ਲਹਿਰ ਅਤੇ ਜੈਤੋ ਮੋਰਚੇ ਨਾਲ ਸਬੰਧਿਤ ਕਈ ਨਾਂ ਦਰਜ ਹਨ। ਇਨ੍ਹਾਂ ਵਿਚ ਅਜੈਬ ਸਿੰਘ, ਬਾਬੂ ਸੰਤਾ ਸਿੰਘ, ਬੰਤਾ ਸਿੰਘ, ਬੇਲਾ ਸਿੰਘ, ਬਿਸ਼ਨ ਸਿੰਘ, ਗੁੱਜਰ ਸਿੰਘ, ਜੇਠਾ ਸਿੰਘ, ਸੰਤਾ ਸਿੰਘ, ਤੇਜਾ ਸਿੰਘ ਤੇ ਹੋਰ ਸ਼ਾਮਿਲ ਹਨ। ਜੈਤੋ ਮੋਰਚਾ ਤੇ ਗੁਰਦੁਆਰਾ ਸੁਧਾਰ ਲਹਿਰ ਨੇ ਪੰਜਾਬ ਦੇ ਲੋਕਾਂ ਵਿਚ ਰਾਜਨੀਤਕ ਜਾਗਰੂਕਤਾ ਨੂੰ ਹੋਰ ਮਜ਼ਬੂਤ ਕੀਤਾ। ਧਾਰਮਿਕ ਸੰਸਥਾਵਾਂ ਦੀ ਆਜ਼ਾਦੀ ਦਾ ਮਸਲਾ ਹੌਲੀ-ਹੌਲੀ ਬ੍ਰਿਟਿਸ਼ ਰਾਜ ਦੇ ਵਿਰੋਧ ਅਤੇ ਲੋਕ ਅਧਿਕਾਰਾਂ ਦੀ ਵੱਡੀ ਲੜਾਈ ਨਾਲ ਜੁੜ ਗਿਆ।

### ਆਜ਼ਾਦ ਹਿੰਦ ਫੌਜ ’ਚ ਸੂਰਮਿਆਂ ਦਾ ਯੋਗਦਾਨ

ਦੂਜੇ ਵਿਸ਼ਵ ਯੁੱਧ ਦੌਰਾਨ ਸੁਭਾਸ਼ ਚੰਦਰ ਬੋਸ ਦੀ ਅਗਵਾਈ ਹੇਠ ਆਜ਼ਾਦ ਹਿੰਦ ਫ਼ੌਜ ਨੇ ਭਾਰਤ ਨੂੰ ਹਥਿਆਰਬੰਦ ਸੰਘਰਸ਼ ਰਾਹੀਂ ਆਜ਼ਾਦ ਕਰਵਾਉਣ ਦਾ ਯਤਨ ਕੀਤਾ। ਲੁਧਿਆਣਾ ਜ਼ਿਲ੍ਹੇ ਤੋਂ ਵੀ ਕਈ ਲੋਕ ਆਜ਼ਾਦ ਹਿੰਦ ਫ਼ੌਜ ਨਾਲ ਜੁੜੇ। ਜ਼ਿਲ੍ਹਾ ਪ੍ਰਸ਼ਾਸਨ ਦੀ ਅਧਿਕਾਰਕ ਸੂਚੀ ਵਿਚ ਆਈਐੱਨਏ ਨਾਲ ਸਬੰਧਿਤ ਦਰਜਨਾਂ ਨਾਂ ਹਨ। ਇਨ੍ਹਾਂ ਵਿਚ ਅਜਮੇਰ ਸਿੰਘ, ਅਨਹੇਰ ਸਿੰਘ, ਅਰਜਨ ਸਿੰਘ, ਬਚਨ ਸਿੰਘ, ਬੱਗਾ ਸਿੰਘ, ਚਿਰਾਗ ਦੀਨ, ਦਿਆਲ ਸਿੰਘ, ਦੀਦਾਰ ਸਿੰਘ, ਗੁਰਦੇਵ ਸਿੰਘ, ਗੁਰਦਿਆਲ ਸਿੰਘ, ਗੁਰਨਾਮ ਸਿੰਘ, ਹਜ਼ਾਰਾ ਸਿੰਘ, ਜਗੀਰ ਸਿੰਘ, ਕਰਤਾਰ ਸਿੰਘ, ਕੇਹਰ ਸਿੰਘ, ਲਾਲ ਸਿੰਘ, ਮੇਹਰ ਸਿੰਘ, ਨਛੱਤਰ ਸਿੰਘ, ਨਗਿੰਦਰ ਸਿੰਘ, ਰਣਜੀਤ ਸਿੰਘ, ਸਰੂਪ ਸਿੰਘ ਅਤੇ ਸ਼ੇਰ ਸਿੰਘ ਆਦਿ ਦੇ ਨਾਂ ਦਰਜ ਹਨ। ਇਨ੍ਹਾਂ ਸੂਰਮਿਆਂ ਨੇ ਦੱਖਣ-ਪੂਰਬੀ ਏਸ਼ੀਆ ਤੋਂ ਲੈ ਕੇ ਭਾਰਤੀ ਸਰਹੱਦਾਂ ਤੱਕ ਆਜ਼ਾਦੀ ਲਈ ਸੰਘਰਸ਼ ਕੀਤਾ। ਉਨ੍ਹਾਂ ਦਾ ਯੋਗਦਾਨ ਸਾਬਿਤ ਕਰਦਾ ਹੈ ਕਿ ਲੁਧਿਆਣਾ ਦੇ ਲੋਕਾਂ ਨੇ ਆਜ਼ਾਦੀ ਦੀ ਲੜਾਈ ਨੂੰ ਕਿਸੇ ਇਕ ਵਿਚਾਰਧਾਰਾ ਜਾਂ ਇਕ ਸੰਗਠਨ ਤੱਕ ਸੀਮਤ ਨਹੀਂ ਰੱਖਿਆ।

### ਭਾਰਤ ਛੱਡੋ ਅੰਦੋਲਨ ਤੇ ਲੁਧਿਆਣਾ

1942 ਵਿਚ ਮਹਾਤਮਾ ਗਾਂਧੀ ਦੀ ਅਗਵਾਈ ਹੇਠ ਭਾਰਤ ਛੱਡੋ ਅੰਦੋਲਨ ਸ਼ੁਰੂ ਹੋਇਆ। ਇਸ ਅੰਦੋਲਨ ਨੇ ਆਜ਼ਾਦੀ ਦੀ ਲੜਾਈ ਨੂੰ ਅੰਤਿਮ ਪੜਾਅ ਵਿਚ ਦਾਖ਼ਲ ਕਰ ਦਿੱਤਾ। ਲੁਧਿਆਣਾ ਜ਼ਿਲ੍ਹੇ ਦੇ ਖੰਨਾ ਤੇ ਹੋਰ ਇਲਾਕਿਆਂ ’ਚ ਵੀ ਇਸ ਅੰਦੋਲਨ ਵਿਚ ਲੋਕਾਂ ਨੇ ਭਾਗ ਲਿਆ। ਜ਼ਿਲ੍ਹਾ ਪ੍ਰਸ਼ਾਸਨ ਦੀ ਸੂਚੀ ਵਿਚ ਕਰਨੈਲ ਸਿੰਘ, ਰਾਏ ਸਿੰਘ, ਤ੍ਰਿਲੋਕ ਸਿੰਘ, ਸ਼ਾਂਤੀ ਮੋਦੀ, ਦਰਸ਼ਨ ਸਿੰਘ, ਦੇਵੀਲਾਲ ਨੰਦਨ, ਦਲਵਿੰਦਰ ਸਿੰਘ, ਸੁਰਜਨ ਸਿੰਘ, ਉਮ ਪ੍ਰਕਾਸ਼, ਬੁੱਧ ਸਿੰਘ, ਰਘਵੀਰ ਸਿੰਘ ਤੇ ਹੋਰ ਕਈ ਲੋਕਾਂ ਨੂੰ ਭਾਰਤ ਛੱਡੋ ਅੰਦੋਲਨ ਨਾਲ ਜੋੜਿਆ ਗਿਆ ਹੈ। ਇਨ੍ਹਾਂ ਵਿਚ ਔਰਤਾਂ ਦੀ ਭੂਮਿਕਾ ਵੀ ਯਾਦ ਕਰਨ ਯੋਗ ਹੈ। ਸ਼ਾਂਤੀ ਮੋਦੀ ਤੇ ਹੋਰ ਮਹਿਲਾ ਆਜ਼ਾਦੀ ਘੁਲਾਟੀਆਂ ਨੇ ਵੀ ਅੰਗਰੇਜ਼ ਸਰਕਾਰ ਵਿਰੁੱਧ ਸੰਘਰਸ਼ ਕੀਤਾ। ਇਸ ਤੋਂ ਇਲਾਵਾ ਲੁਧਿਆਣਾ ਦੀ ਆਜ਼ਾਦੀ ਘੁਲਾਟੀਏ ਸਾਵਿੱਤਰੀ ਦੇਵੀ ਸ਼ਰਮਾ ਨੇ 1941 ਵਿਚ ਜੰਗ ਵਿਰੋਧੀ ਨਾਅਰੇ ਲਗਾਉਣ ਕਾਰਨ ਗ੍ਰਿਫ਼ਤਾਰੀ ਅਤੇ ਸਜ਼ਾ ਸਹੀ ਤੇ 1942 ਦੇ ਭਾਰਤ ਛੱਡੋ ਅੰਦੋਲਨ ਦੌਰਾਨ ਵੀ ਜੇਲ੍ਹ ਗਈ। ਉਨ੍ਹਾਂ ਨੂੰ ਆਜ਼ਾਦੀ ਤੋਂ ਬਾਅਦ 1972 ਵਿਚ ਤਾਮਰ ਪੱਤਰ ਨਾਲ ਸਨਮਾਨਿਤ ਕੀਤਾ ਗਿਆ। ਆਜ਼ਾਦੀ ਦੀ ਲਹਿਰ ’ਚ ਔਰਤਾਂ ਦਾ ਯੋਗਦਾਨ ਇਹ ਦਰਸਾਉਂਦਾ ਹੈ ਕਿ ਇਹ ਸੰਘਰਸ਼ ਸਮਾਜ ਦੇ ਹਰ ਵਰਗ ਦਾ ਸੰਘਰਸ਼ ਸੀ। ਘਰਾਂ ’ਚ ਰਹਿ ਕੇ ਸਹਾਇਤਾ ਕਰਨ ਵਾਲੀਆਂ ਮਹਿਲਾਵਾਂ ਤੋਂ ਲੈ ਕੇ ਜੇਲ੍ਹਾਂ ਜਾਣ ਵਾਲੀਆਂ ਮਹਿਲਾ ਕਾਰਕੁੰਨਾਂ ਤੱਕ ਦੀ ਭੂਮਿਕਾ ਆਜ਼ਾਦੀ ਦੀ ਕਹਾਣੀ ਦਾ ਅਟੁੱਟ ਹਿੱਸਾ ਹੈ।

### ਅਣਗਿਣਤ ਅਣਜਾਣੇ ਸ਼ਹੀਦ

ਇਤਿਹਾਸ ’ਚ ਕੁਝ ਨਾਂ ਵੱਡੇ ਅੱਖਰਾਂ ਵਿਚ ਲਿਖੇ ਜਾਂਦੇ ਹਨ ਤੇ ਕੁਝ ਨਾਂ ਸਰਕਾਰੀ ਦਸਤਾਵੇਜ਼ਾਂ ਵਿਚ ਹੀ ਰਹਿ ਜਾਂਦੇ ਹਨ। ਲੁਧਿਆਣਾ ਦੀ ਅਧਿਕਾਰਕ ਸੂਚੀ ਵਿਚ ਦਰਜ 120 ਨਾਂ ਸਾਨੂੰ ਇਹ ਯਾਦ ਦਿਵਾਉਂਦੇ ਹਨ ਕਿ ਕਰਤਾਰ ਸਿੰਘ ਸਰਾਭਾ ਤੇ ਸੁਖਦੇਵ ਥਾਪਰ ਤੋਂ ਇਲਾਵਾ ਵੀ ਬੇਸ਼ੁਮਾਰ ਲੋਕਾਂ ਨੇ ਆਜ਼ਾਦੀ ਲਈ ਆਪਣੀ ਜ਼ਿੰਦਗੀ ਲਗਾ ਦਿੱਤੀ ਸੀ। ਕਈਆਂ ਨੇ ਫ਼ਾਸੀ ਸਵੀਕਾਰ ਕੀਤੀ, ਕਈਆਂ ਨੇ ਉਮਰ ਕੈਦ ਕੱਟੀ, ਕਈਆਂ ਦੀ ਜਾਇਦਾਦ ਜ਼ਬਤ ਹੋਈ, ਕਈਆਂ ਨੂੰ ਕਾਲੇ ਪਾਣੀ ਭੇਜਿਆ ਗਿਆ ਤੇ ਕਈਆਂ ਨੇ ਪੁਲਿਸ ਤਸ਼ੱਦਦ ਸਹਿੰਦੇ ਹੋਏ ਜੇਲ੍ਹਾਂ ਵਿਚ ਜਾਨ ਗੁਆਈ। ਕੁਝ ਲੋਕਾਂ ਨੇ ਵਿਦੇਸ਼ਾਂ ਵਿਚ ਰਹਿ ਕੇ ਪੈਸਾ, ਸਮਾਂ ਤੇ ਸੁਰੱਖਿਅਤ ਜੀਵਨ ਛੱਡਿਆ ਤੇ ਭਾਰਤ ਵਾਪਸ ਆ ਕੇ ਬ੍ਰਿਟਿਸ਼ ਸਾਮਰਾਜ ਨਾਲ ਟੱਕਰ ਲਈ। ਇਹ ਸਾਰੇ ਲੋਕ ਸਾਡੇ ਲਈ ਇਸ ਲਈ ਮਹੱਤਵਪੂਰਨ ਹਨ ਕਿਉਂਕਿ ਉਨ੍ਹਾਂ ਨੇ ਆਜ਼ਾਦੀ ਨੂੰ ਆਪਣਾ ਨਿੱਜੀ ਹੱਕ ਨਹੀਂ ਸਗੋਂ ਆਉਣ ਵਾਲੀਆਂ ਪੀੜ੍ਹੀਆਂ ਦਾ ਹੱਕ ਸਮਝਿਆ।

### ਸ਼ਹੀਦਾਂ ਦੀ ਕੁਰਬਾਨੀ ਦਾ ਅਸਲ ਅਰਥ

ਲੁਧਿਆਣਾ ਦੇ ਸ਼ਹੀਦਾਂ ਤੇ ਆਜ਼ਾਦੀ ਘੁਲਾਟੀਆਂ ਦੀ ਕਹਾਣੀ ਦਾ ਸਭ ਤੋਂ ਵੱਡਾ ਸੰਦੇਸ਼ ਇਹ ਹੈ ਕਿ ਆਜ਼ਾਦੀ ਕਿਸੇ ਇਕ ਦਿਨ ਅਚਾਨਕ ਨਹੀਂ ਮਿਲੀ। 15 ਅਗਸਤ 1947 ਦੇ ਪਿੱਛੇ ਲੰਬੇ ਸੰਘਰਸ਼ ਦੀਆਂ ਅਨੇਕਾਂ ਪੀੜ੍ਹੀਆਂ ਸਨ। ਕਿਸੇ ਨੇ 1857 ਵਿਚ ਬਗ਼ਾਵਤ ਕੀਤੀ, ਕਿਸੇ ਨੇ ਕੂਕਾ ਲਹਿਰ ਵਿਚ ਬ੍ਰਿਟਿਸ਼ ਵਸਤਾਂ ਦਾ ਬਾਈਕਾਟ ਕੀਤਾ, ਕਿਸੇ ਨੇ ਗ਼ਦਰ ਪਾਰਟੀ ਦੇ ਹਥਿਆਰਬੰਦ ਇਨਕਲਾਬ ਦਾ ਸੁਪਨਾ ਦੇਖਿਆ, ਕਿਸੇ ਨੇ ਜੈਤੋ ਮੋਰਚੇ ਵਿਚ ਜੇਲ੍ਹ ਕੱਟੀ, ਕਿਸੇ ਨੇ ਬੱਬਰ ਅਕਾਲੀ ਲਹਿਰ ਵਿਚ ਆਪਣੀ ਜ਼ਿੰਦਗੀ ਖ਼ਤਰੇ ਵਿਚ ਪਾਈ, ਕਿਸੇ ਨੇ ਆਜ਼ਾਦ ਹਿੰਦ ਫ਼ੌਜ ਵਿਚ ਸ਼ਾਮਲ ਹੋ ਕੇ ਵਿਦੇਸ਼ੀ ਧਰਤੀ ’ਤੇ ਲੜਾਈ ਲੜੀ ਤੇ ਕਿਸੇ ਨੇ ਭਾਰਤ ਛੱਡੋ ਅੰਦੋਲਨ ਵਿਚ ਗ੍ਰਿਫ਼ਤਾਰੀ ਦਿੱਤੀ। ਇਸ ਪੂਰੇ ਸੰਘਰਸ਼ ਵਿਚ ਇਕ ਸਾਂਝੀ ਭਾਵਨਾ ਸੀ, ਭਾਰਤ ਨੂੰ ਆਪਣੇ ਲੋਕਾਂ ਦਾ ਦੇਸ਼ ਬਣਾਉਣਾ।

### ਲੁਧਿਆਣਾ ਦੇ ਸੂਰਮਿਆਂ ਤੋਂ ਮਿਲਦਾ ਸਬਕ

ਅੱਜ ਦੀ ਨੌਜਵਾਨ ਪੀੜ੍ਹੀ ਲਈ ਇਨ੍ਹਾਂ ਸ਼ਹੀਦਾਂ ਦੀਆਂ ਜ਼ਿੰਦਗੀਆਂ ਸਿਰਫ਼ ਇਤਿਹਾਸ ਦਾ ਵਿਸ਼ਾ ਨਹੀਂ ਹਨ। ਇਹ ਜ਼ਿੰਮੇਵਾਰੀ, ਇਮਾਨਦਾਰੀ, ਹਿੰਮਤ ਤੇ ਦੇਸ਼-ਪ੍ਰੇਮ ਦੇ ਪਾਠ ਹਨ। ਕਰਤਾਰ ਸਿੰਘ ਸਰਾਭਾ ਸਾਨੂੰ ਦ੍ਰਿੜ੍ਹ ਨਿਸ਼ਚੇ ਦਾ ਸਬਕ ਦਿੰਦੇ ਹਨ। ਸੁਖਦੇਵ ਥਾਪਰ ਸਾਨੂੰ ਵਿਚਾਰ ਤੇ ਸੰਗਠਨ ਦੀ ਤਾਕਤ ਦੱਸਦੇ ਹਨ। ਬਾਨ ਸਿੰਘ ਸੁਨੇਤ ਤੇ ਲਾਲ ਸਿੰਘ ਸਾਹਬਾਣਾ ਸਾਨੂੰ ਦੱਸਦੇ ਹਨ ਕਿ ਵਿਦੇਸ਼ ’ਚ ਰਹਿ ਕੇ ਵੀ ਦੇਸ਼ ਨਾਲ ਨਾਤਾ ਨਹੀਂ ਟੁੱਟਦਾ। ਭਾਈ ਰਣਧੀਰ ਸਿੰਘ ਤੇ ਭਾਈ ਨਾਹਰ ਸਿੰਘ ਸਾਨੂੰ ਲੰਬੀ ਕੈਦ ਅਤੇ ਮੁਸ਼ਕਲਾਂ ਵਿਚ ਵੀ ਅਡੋਲ ਰਹਿਣ ਦੀ ਪ੍ਰੇਰਣਾ ਦਿੰਦੇ ਹਨ। ਸਾਵਿੱਤਰੀ ਦੇਵੀ ਸ਼ਰਮਾ ਦੀ ਸ਼ਹਾਦਤ ਦੱਸਦੀ ਹੈ ਕਿ ਔਰਤਾਂ ਨੇ ਵੀ ਆਜ਼ਾਦੀ ਦੇ ਸੰਘਰਸ਼ ਵਿਚ ਆਪਣਾ ਹਿੱਸਾ ਬਰਾਬਰ ਨਿਭਾਇਆ।

ਇਨ੍ਹਾਂ ਸੂਰਮਿਆਂ ਦੀ ਯਾਦ ਨੂੰ ਸਿਰਫ਼ ਸ਼ਹੀਦੀ ਦਿਹਾੜਿਆਂ ਤੱਕ ਸੀਮਤ ਨਹੀਂ ਕਰਨਾ ਚਾਹੀਦਾ। ਸਕੂਲਾਂ, ਕਾਲਜਾਂ ਤੇ ਪਿੰਡਾਂ ਵਿਚ ਸਥਾਨਕ ਆਜ਼ਾਦੀ ਘੁਲਾਟੀਆਂ ਬਾਰੇ ਖੋਜ ਤੇ ਚਰਚਾ ਹੋਣੀ ਚਾਹੀਦੀ ਹੈ। ਪਿੰਡਾਂ ਵਿਚ ਲੱਗੇ ਸਮਾਰਕਾਂ, ਪੁਰਾਣੀਆਂ ਹਵੇਲੀਆਂ, ਜੇਲ੍ਹਾਂ ਤੇ ਇਤਿਹਾਸਕ ਥਾਵਾਂ ਦੀ ਸੰਭਾਲ ਹੋਣੀ ਚਾਹੀਦੀ ਹੈ।

# ਜਾਗਰੂਕਤਾ ਹੈ ਲੋਕਤੰਤਰ ਦੀ ਤਾਕਤ

ਮੀਡੀਆ ਲੋਕਤੰਤਰ ਦਾ ਚੌਥਾ ਥੰਮ੍ਹ ਹੈ, ਜਿਸ ਨੇ ਲੋਕ ਆਵਾਜ਼ ਬਣ ਕੇ ਜਨਤਾ ਦੀਆਂ ਸਮੱਸਿਆਵਾਂ ਨੂੰ ਸਰਕਾਰ ਤੱਕ ਪਹੁੰਚਾਉਣਾ ਹੁੰਦਾ ਹੈ। ਸਰਕਾਰ ਨੂੰ ਸਵਾਲ ਕਰਨੇ ਹੁੰਦੇ ਹਨ, ਗ਼ਲਤ ਲਈ ਸ਼ਬਦਾਂ ਦੀ ਮਰਿਆਦਾ ’ਚ ਰਹਿ ਕੇ ਅਲੋਚਨਾ ਕਰਨੀ ਹੁੰਦੀ ਹੈ ਤੇ ਚੰਗੀਆਂ ਨੀਤੀਆਂ ਦੀ ਵਡਿਆਈ ਕਰਨੀ ਹੁੰਦੀ ਹੈ। ਜ਼ਿਆਦਾਤਰ ਮੀਡੀਆ ਅਦਾਰੇ ਸਰਕਾਰਾਂ ਨਾਲ ਵਫ਼ਾਦਾਰੀ ਦਾ ਸਬੂਤ ਦੇ ਰਹੇ ਹਨ ਤੇ ਲੋਕਾਈ ਨਾਲ ਗੱਦਾਰੀ ਕੀਤੀ ਜਾ ਰਹੀ ਹੈ, ਜੋ ਜੱਗ ਜ਼ਾਹਿਰ ਹੈ। ਕੁਝ ਮੀਡੀਆ ਅਦਾਰੇ ਹੀ ਲੋਕਤੰਤਰ ਦੀ ਗੱਲ ਕਰਦੇ ਹਨ, ਜੋ ਆਟੇ ’ਚ ਲੂਣ ਬਰਾਬਰ ਹਨ। ਸਰਕਾਰਾਂ ਸਵਾਲ ਕਰਨ ਵਾਲੇ ਮੀਡੀਆ ਕਰਮੀਆਂ ਤੇ ਚੈਨਲਾਂ ਦੀ ਜ਼ੁਬਾਨਬੰਦੀ ਕਰਨ ਲਈ ਹਰ ਹੀਲਾ ਵਰਤਦੀਆਂ ਹਨ। ਲਾਲਚ ਨਾਲ ਨਾ ਮੰਨਣ ਵਾਲਿਆਂ ਦਾ ਜਿਉਣਾ ਦੁੱਭਰ ਕਰ ਦਿੱਤਾ ਜਾਂਦਾ ਹੈ।

ਡਾ. ਗੁਰਤੇਜ ਸਿੰਘ

ਲੋਕਤੰਤਰ ਸਿਰਫ਼ ਵੋਟ ਪਾਉਣ ਦੀ ਪ੍ਰਕਿਰਿਆ ਦਾ ਨਾਮ ਨਹੀਂ। ਇਹ ਇਕ ਅਜਿਹੀ ਪ੍ਰਣਾਲੀ ਹੈ, ਜਿਸ ’ਚ ਸੱਤਾ ਦਾ ਅਸਲ ਸਰੋਤ ਲੋਕ ਹੁੰਦੇ ਹਨ। ਚੋਣਾਂ ਆਉਂਦੀਆਂ ਹਨ, ਰਾਜਨੀਤਿਕ ਪਾਰਟੀਆਂ ਆਪਣੇ ਵਾਅਦੇ ਲੈ ਕੇ ਲੋਕਾਂ ਦੇ ਦਰਵਾਜ਼ਿਆਂ ਤੱਕ ਪਹੁੰਚਦੀਆਂ ਹਨ, ਨੇਤਾ ਹੱਥ ਜੋੜਦੇ ਹਨ ਅਤੇ ਆਪਣੇ ਆਪ ਨੂੰ ਲੋਕਾਂ ਦਾ ਸੇਵਕ ਦੱਸਦੇ ਹਨ। ਚੋਣਾਂ ਖ਼ਤਮ ਹੁੰਦੇ ਹੀ ਅਕਸਰ ਇਹ ਭੁੱਲ ਜਾਂਦੇ ਹਨ ਕਿ ਜਿਸ ਜਨਤਾ ਨੇ ਉਨ੍ਹਾਂ ਨੂੰ ਸੱਤਾ ਦਿੱਤੀ ਹੈ, ਉਹੀ ਜਨਤਾ ਉਨ੍ਹਾਂ ਤੋਂ ਸਵਾਲ ਪੁੱਛਣ ਦਾ ਹੱਕ ਵੀ ਰੱਖਦੀ ਹੈ।

ਇਸ ਲਈ ਲੋਕਤੰਤਰ ਦੀ ਸਭ ਤੋਂ ਵੱਡੀ ਤਾਕਤ ਸਿਰਫ਼ ਲੋਕਾਂ ਦੀ ਵੱਧ ਗਿਣਤੀ ਨਹੀਂ, ਉਨ੍ਹਾਂ ਦੀ ਜਾਗਰੂਕਤਾ ਹੁੰਦੀ ਹੈ। ਜਾਗਰੂਕ ਲੋਕ ਹੀ ਆਪਣੇ ਅਧਿਕਾਰਾਂ ਨੂੰ ਸਮਝਦੇ ਹਨ, ਆਪਣੀਆਂ ਜ਼ਿੰਮੇਵਾਰੀਆਂ ਨੂੰ ਪਛਾਣਦੇ ਹਨ ਤੇ ਸੱਤਾ ਨੂੰ ਜਵਾਬਦੇਹ ਬਣਾਉਣ ਦੀ ਸਮਰੱਥਾ ਰੱਖਦੇ ਹਨ। ਲੋਕਤੰਤਰ ’ਚ ਸੰਵਿਧਾਨ ਸਭ ਤੋਂ ਉੱਪਰ ਹੁੰਦਾ ਹੈ ਤੇ ਲੋਕ ਉਸ



ਸੰਵਿਧਾਨਕ ਪ੍ਰਬੰਧ ਦੇ ਕੇਂਦਰ ’ਚ ਹੁੰਦੇ ਹਨ। ਸਰਕਾਰਾਂ ਲੋਕਾਂ ਦੁਆਰਾ ਚੁਣੀਆਂ ਜਾਂਦੀਆਂ ਹਨ। ਵਿਧਾਇਕ ਤੇ ਸੰਸਦ ਮੈਂਬਰ ਲੋਕਾਂ ਦੀਆਂ ਵੋਟਾਂ ਨਾਲ ਆਪਣੀ ਕੁਰਸੀ ਤੱਕ ਪਹੁੰਚਦੇ ਹਨ। ਇਸ ਲਈ ਕਿਸੇ ਵੀ ਚੁਣੇ ਹੋਏ ਨੁਮਾਇੰਦੇ ਦੀ ਤਾਕਤ ਉਸ ਦੀ ਨਿੱਜੀ ਜਾਇਦਾਦ ਨਹੀਂ ਹੁੰਦੀ ਇਹ ਲੋਕਾਂ ਵੱਲੋਂ ਦਿੱਤੀ ਗਈ ਅਮਾਨਤ ਹੁੰਦੀ ਹੈ।

ਸਮੱਸਿਆ ਉਸ ਵੇਲੇ ਪੈਦਾ ਹੁੰਦੀ ਹੈ, ਜਦੋਂ ਜਨਤਾ ਆਪਣੇ ਆਪ ਨੂੰ ਸਿਰਫ਼ ਵੋਟਰ ਸਮਝਣ ਲੱਗਦੀ ਹਨ ਤੇ ਆਪਣੇ ਚੁਣੇ ਨੁਮਾਇੰਦਿਆਂ ਨੂੰ ਮਾਲਕ ਤੇ ਰਾਜਨੇਤਾ ਆਪਣੇ ਆਪ ਨੂੰ ਸਿਰਮੌਰ ਮੰਨਣਾ ਸ਼ੁਰੂ ਕਰ ਦਿੰਦੇ ਹਨ। ਲੋਕਤੰਤਰੀ ਢਾਂਚੇ ’ਚ ਸਾਫ਼ ਅਕਸ ਵਾਲੇ ਨੁਮਾਇਦੇ ਨੇਤਾ ਦੇ ਰੂਪ ’ਚ ਅੱਗੇ ਲਿਆਉਣੇ ਤੇ ਵੋਟਾਂ ਦੀ ਵਡਮੁੱਲੀ ਭੇਟ ਦੇ ਕੇ ਪੰਚ, ਸਰਪੰਚ, ਐੱਮਐੱਲਏ, ਸੰਸਦ ਮੈਂਬਰ ਬਣਾਉਣੇ ਲੋਕ ਸਮੂਹ ਦੇ ਹਿੱਸੇ ਆਇਆ ਹੈ। ਵੋਟ ਪਾਉਣ ਤੋਂ ਬਾਅਦ ਨਾਗਰਿਕਾਂ ਦੀ ਭੂਮਿਕਾ ਖ਼ਤਮ ਨਹੀਂ ਹੁੰਦੀ ਬਲਕਿ ਉੱਥੋਂ ਹੀ ਉਨ੍ਹਾਂ ਦੀ ਦੂਜੀ ਤੇ ਮਹੱਤਵਪੂਰਨ ਭੂਮਿਕਾ ਸ਼ੁਰੂ ਹੁੰਦੀ ਹੈ, ਸਰਕਾਰ ਦੇ ਕੰਮਕਾਜ ਉੱਤੇ ਨਜ਼ਰ ਰੱਖਣ ਦੀ, ਸਵਾਲ ਪੁੱਛਣ ਦੀ, ਗ਼ਲਤ ਨੀਤੀਆਂ ਦਾ ਵਿਰੋਧ ਕਰਨ ਦੀ ਤੇ ਚੰਗੇ ਕੰਮ ਦੀ ਹੌਸਲਾ-ਅਫ਼ਜ਼ਾਈ ਕਰਨ ਦੀ। ਇੱਥੇ ਜਾਗਰੂਕਤਾ ਹੀ ਲੋਕ-ਤਾਕਤ ਹੋ ਨਿੱਬੜਦੀ ਹੈ।

ਆਪਣੇ ਬੁਨਿਆਦੀ ਹੱਕਾਂ ਤੇ ਸੰਵਿਧਾਨਕ ਜ਼ਿੰਮੇਵਾਰੀਆਂ ਪ੍ਰਤੀ ਲਾਪਰਵਾਹ ਨਾਗਰਿਕ ਨੂੰ ਚੰਦ ਲਾਲਚਾਂ ਨਾਲ ਆਸਾਨੀ ਨਾਲ ਭਰਮਾਇਆ ਜਾ ਸਕਦਾ ਹੈ ਤੇ ਦਬਕੇ ਨਾਲ ਦਬਾਇਆ ਜਾ ਸਕਦਾ ਹੈ। ਉਸ ਨੂੰ ਧਰਮ, ਜਾਤ, ਭਾਸ਼ਾ, ਖੇਤਰ, ਡਰ ਜਾਂ ਝੂਠੇ ਵਾਅਦਿਆਂ ਦੇ ਆਧਾਰ ’ਤੇ ਸੌਖਿਆਂ ਹੀ ਪ੍ਰਭਾਵਿਤ ਕੀਤਾ ਜਾ ਸਕਦਾ ਹੈ। ਜਾਗਰੂਕ ਨਾਗਰਿਕ ਨੇਤਾ ਦੇ ਭਾਸ਼ਣ ਤੋਂ ਵੱਧ ਉਸ ਦੇ ਕੰਮ ਨੂੰ ਮਹੱਤਵ ਦਿੰਦਾ ਹੈ। ਉਹ ਸਵਾਲ ਪੁੱਛਣ ਦੀ ਹਿੰਮਤ ਰੱਖਦਾ ਹੈ ਕਿ ਸਾਡੇ ਇਲਾਕੇ ਵਿੱਚ ਸਿੱਖਿਆ ਦੀ ਹਾਲਤ ਕੀ ਹੈ। ਸਿਹਤ ਸਹੂਲਤਾਂ ਕਿਹੋ ਜਿਹੀਆਂ ਹਨ। ਰੁਜ਼ਗਾਰ ਦੇ ਮੌਕੇ ਕਿੰਨੇ ਵਧੇ ਹਨ। ਸੜਕਾਂ, ਪਾਣੀ ਤੇ ਸਫ਼ਾਈ ਦੀ ਸਥਿਤੀ ਕੀ ਹੈ। ਸਰਕਾਰੀ ਪੈਸਾ ਕਿੱਥੇ ਖ਼ਰਚ ਹੋ ਰਿਹਾ ਹੈ। ਚੋਣਾਂ ਮੌਕੇ ਜਿਹੜੇ ਵਾਅਦੇ ਕੀਤੇ ਗਏ ਸਨ, ਉਨ੍ਹਾਂ ’ਚੋਂ ਕਿੰਨੇ ਪੂਰੇ ਹੋਏ। ਇਹ ਸਵਾਲ ਕਿਸੇ ਸਰਕਾਰ ਦੇ ਵਿਰੁੱਧ ਨਹੀਂ ਹੁੰਦੇ ਇਹ ਤਾਂ ਲੋਕਤੰਤਰ ਦੇ ਹੱਕ ’ਚ ਹੁੰਦੇ ਹਨ। ਜਿੱਥੇ ਲੋਕ ਸਵਾਲ ਕਰਨੇ ਛੱਡ ਦਿੰਦੇ ਹਨ, ਉੱਥੇ ਜਵਾਬਦੇਹੀ ਕਮਜ਼ੋਰ ਹੋਣ ਲੱਗਦੀ ਹੈ ਅਤੇ ਜਿੱਥੇ ਜਵਾਬਦੇਹੀ ਕਮਜ਼ੋਰ ਹੁੰਦੀ ਹੈ, ਉੱਥੇ ਸੱਤਾ ਦੇ ਦੁਰਵਰਤੋਂ ਦੀ ਸੰਭਾਵਨਾ ਵਧ ਜਾਂਦੀ ਹੈ। ਭੀੜ ਕਿਸੇ ਨੇਤਾ ਦੀ ਹਰਮਨਪਿਆਰਤਾ ਤੋਂ ਪ੍ਰਭਾਵਿਤ ਹੋ ਸਕਦੀ ਹੈ, ਜਾਗਰੂਕ ਨਾਗਰਿਕ ਉਸ ਦੇ ਕੰਮ ਦਾ ਮੁਲਾਂਕਣ ਕਰਦਾ ਹੈ। ਇਹੀ ਕਾਰਨ ਹੈ ਕਿ ਲੋਕਤੰਤਰ ਨੂੰ ਸਿਰਫ਼ ਬਹੁਮਤ ਦੀ ਲੋੜ ਨਹੀਂ ਹੁੰਦੀ, ਸਗੋਂ ਸੂਝਵਾਨ ਬਹੁਮਤ ਦੀ ਲੋੜ ਹੁੰਦੀ ਹੈ।

ਸੋਸ਼ਲ ਮੀਡੀਆ ਦੇ ਦੌਰ ’ਚ ਅੱਜ ਜਾਣਕਾਰੀ ਪ੍ਰਾਪਤ ਕਰਨਾ ਪਹਿਲਾਂ ਨਾਲੋਂ ਅਸਾਨ ਹੈ ਪਰ ਸਹੀ ਜਾਣਕਾਰੀ ਤੱਕ ਪਹੁੰਚਣਾ ਕਈ ਵਾਰ ਹੋਰ ਮੁਸ਼ਕਲ ਹੋ ਗਿਆ ਹੈ। ਸੋਸ਼ਲ ਮੀਡੀਆ ’ਤੇ ਹਰ ਰੋਜ਼ ਹਜ਼ਾਰਾਂ ਦਾਅਵੇ, ਵੀਡੀ , ਤਸਵੀਰਾਂ ਤੇ ਸੁਨੇਹੇ ਸਾਡੇ ਸਾਹਮਣੇ ਆਉਂਦੇ ਹਨ। ਇਨ੍ਹਾਂ ’ਚੋਂ ਕੁਝ ਸੱਚੇ ਹੁੰਦੇ ਹਨ, ਕੁਝ ਅੱਧੇ ਸੱਚ ਅਤੇ ਕੁਝ ਪੂਰੀ ਤਰ੍ਹਾਂ ਝੂਠੇ।

ਵੋਟ ਲੋਕਤੰਤਰ ਦਾ ਬਹੁਤ ਮਹੱਤਵਪੂਰਨ ਹਥਿਆਰ ਹੈ, ਪਰ ਇਸ ਦੀ ਤਾਕਤ ਤਾਂ ਹੀ ਕਾਇਮ ਰਹਿੰਦੀ ਹੈ, ਜਦੋਂ ਇਸ ਦੀ ਵਰਤੋਂ ਸੋਚ-ਸਮਝ ਕੇ ਕੀਤੀ ਜਾਵੇ। ਜੇ ਕੋਈ

(ਬਾਕੀ ਅਗਲੇ ਸਫੇ ‘ਤੇ)

Issue- 492, Vol-20, October 14, 2026

# ਜਾਗਰੂਕਤਾ ਹੈ ਲੋਕਤੰਤਰ ਦੀ ਤਾਕਤ

(ਸਫ਼ਾ 16 ਦੀ ਬਾਕੀ)

ਵਿਅਕਤੀ ਸਿਰਫ਼ ਇਸ ਲਈ ਵੋਟ ਪਾਉਂਦਾ ਹੈ ਕਿ ਉਮੀਦਵਾਰ ਉਸ ਦੀ ਜਾਤ ਜਾਂ ਧਰਮ ਨਾਲ ਸਬੰਧਤ ਹੈ, ਤਾਂ ਉਹ ਆਪਣੇ ਵੋਟ ਦੀ ਅਸਲ ਤਾਕਤ ਨੂੰ ਸੀਮਤ ਕਰ ਦਿੰਦਾ ਹੈ। ਜੇ ਕੋਈ ਪੈਸੇ, ਨਸ਼ੇ, ਤੋਹਫ਼ੇ ਜਾਂ ਥੋੜ੍ਹੇ ਸਮੇਂ ਦੇ ਲਾਭ ਦੇ ਬਦਲੇ ਆਪਣਾ ਵੋਟ ਵੇਚ ਦਿੰਦਾ ਹੈ, ਤਾਂ ਉਹ ਸਿਰਫ਼ ਆਪਣਾ ਵੋਟ ਨਹੀਂ ਵੇਚਦਾ, ਸਗੋਂ ਆਉਣ ਵਾਲੇ ਸਾਲਾਂ ਦੀ ਆਪਣੀ ਆਵਾਜ਼ ਨੂੰ ਵੀ ਨੇਤਾਵਾਂ ਦੇ ਕੋਲ ਗਿਰਵੀ ਰੱਖ ਦਿੰਦਾ ਹੈ। ਇਸ ਲਈ ਵੋਟ ਪਾਉਣ ਤੋਂ ਪਹਿਲਾਂ ਉਮੀਦਵਾਰ ਦੀ ਯੋਗਤਾ, ਇਮਾਨਦਾਰੀ, ਕਾਰਗੁਜ਼ਾਰੀ ਤੇ ਲੋਕ-ਪੱਖੀ ਸੋਚ ਨੂੰ ਪਰਖਣਾ ਜ਼ਰੂਰੀ ਹੈ। ਉਕਤ ਜਾਣਕਾਰੀ ਦੀ ਜਾਂਚ ਕਰਨ ਦੀ ਆਦਤ ਵੀ ਲੋਕਤੰਤਰ ਦੀ ਰਾਖੀ ਦਾ ਇਕ ਮਹੱਤਵਪੂਰਨ ਹਿੱਸਾ ਹੈ।

ਲੋਕ ਵਿਰੋਧੀ ਨੀਤੀਆਂ ਦਾ ਪੁਰਜ਼ੋਰ ਵਿਰੋਧ ਕਰਨਾ ਲੋਕਤੰਤਰ ਦਾ ਅਹਿਮ ਹਿੱਸਾ ਹੈ। ਸਰਕਾਰਾਂ ਦਾ ਵਿਰੋਧ ਦੇਸ਼ ਵਿਰੋਧੀ ਨਹੀਂ ਹੁੰਦਾ। ਸਾਡੇ ਸਮਾਜ ’ਚ ਅਕਸਰ ਵਿਰੋਧੀ ਵਿਚਾਰ ਰੱਖਣ ਵਾਲੇ ਵਿਅਕਤੀ ਨੂੰ ਵਿਰੋਧੀ ਜਾਂ ਦੁਸ਼ਮਣ ਸਮਝ ਲਿਆ ਜਾਂਦਾ ਹੈ। ਲੋਕਤੰਤਰ ਦੀ ਖ਼ੂਬਸੂਰਤੀ ਹੀ ਇਹ ਹੈ ਕਿ ਇੱਥੇ ਹਰ ਵਿਅਕਤੀ ਨੂੰ ਆਪਣੀ ਰਾਇ ਰੱਖਣ ਦਾ ਅਧਿਕਾਰ ਹੈ। ਸਰਕਾਰ ਦੀ ਅਲੋਚਨਾ ਕਰਨਾ ਦੇਸ਼ ਦੀ ਅਲੋਚਨਾ ਨਹੀਂ। ਕਿਸੇ ਨੀਤੀ ਨਾਲ ਅਸਹਿਮਤ ਹੋਣਾ ਰਾਸ਼ਟਰ-ਵਿਰੋਧ ਨਹੀਂ। ਸਵਾਲ ਪੁੱਛਣਾ ਦੇਸ਼ ਦੀ ਅਖੰਡਤਾ ’ਚ ਅਵਿਸ਼ਵਾਸ਼ ਹਰਗਿਜ਼ ਨਹੀਂ ਹੈ।

ਸਿਹਤਮੰਦ ਲੋਕਤੰਤਰ ’ਚ ਸਰਕਾਰ ਦੇ ਨਾਲ-ਨਾਲ ਵਿਰੋਧੀ ਧਿਰ, ਮੀਡੀਆ, ਨਿਆਂਪਾਲਿਕਾ, ਬੁੱਧੀਜੀਵੀ ਵਰਗ ਤੇ ਆਮ ਨਾਗਰਿਕ ਸਾਰੇ ਆਪੋ-ਆਪਣੀ ਸਾਰਥਿਕ ਭੂਮਿਕਾ ਨਿਭਾਉਂਦੇ ਹਨ। ਜਿੱਥੇ ਸਿਰਫ਼ ਸੱਤਾ ਦੀ ਆਵਾਜ਼ ਸੁਣਾਈ ਦੇਵੇ ਅਤੇ ਬਾਕੀ ਸਾਰੇ ਚੁੱਪ ਹੋ ਜਾਣ, ਉੱਥੇ ਲੋਕਤੰਤਰ ਦੀ ਰੂਹ ਕਮਜ਼ੋਰ ਹੋਣ ਲੱਗਦੀ ਹੈ। ਲੋਕਤੰਤਰ ਸਿਰਫ਼ ਇਹ ਨਹੀਂ ਕਿ ਸਰਕਾਰ ਸਾਡੇ ਲਈ ਕੀ ਕਰ ਰਹੀ ਹੈ। ਇਹ ਵੀ ਹੈ ਕਿ ਅਸੀਂ ਸਮਾਜ ਤੇ ਦੇਸ਼ ਲਈ ਕੀ ਕਰ ਰਹੇ ਹਾਂ। ਕਿਸੇ ਵੀ ਲੋਕਤੰਤਰੀ ਦੇਸ਼ ਦਾ ਭਵਿੱਖ ਉਸ ਦੇ ਨੌਜਵਾਨਾਂ ਦੀ ਸੋਚ ’ਤੇ ਨਿਰਭਰ ਕਰਦਾ ਹੈ। ਜੇਕਰ ਨੌਜਵਾਨ ਸਿਰਫ਼ ਸੋਸ਼ਲ ਮੀਡੀਆ ਦੀਆਂ ਬਹਿਸਾਂ ਤੱਕ ਸੀਮਤ ਰਹਿ ਜਾਣ ਅਤੇ ਅਸਲ ਸਮਾਜਿਕ ਮੁੱਦਿਆਂ ਤੋਂ ਦੂਰ ਹੋ ਜਾਣ, ਤਾਂ ਲੋਕਤੰਤਰ ਦੀ ਤਾਕਤ ਘਟਦੀ ਹੈ।

ਨੌਜਵਾਨਾਂ ਨੂੰ ਸੰਵਿਧਾਨ, ਆਪਣੇ ਅਧਿਕਾਰਾਂ, ਚੋਣ ਪ੍ਰਕਿਰਿਆ ਅਤੇ ਸਮਾਜਿਕ ਮਸਲਿਆਂ ਬਾਰੇ ਜਾਣੂ ਹੋਣਾ ਚਾਹੀਦਾ ਹੈ। ਉਨ੍ਹਾਂ ਨੂੰ ਨੇਤਾਵਾਂ ਨੂੰ ਸਵਾਲ ਪੁੱਛਣੇ ਚਾਹੀਦੇ ਹਨ ਤੇ ਆਪਣੇ ਵਿਚਾਰ ਤਰਕ ਨਾਲ ਪੇਸ਼ ਕਰਨੇ ਚਾਹੀਦੇ ਹਨ। ਕਿਸੇ ਵੀ ਲੋਕਤੰਤਰ ’ਚ ਸਭ ਤੋਂ ਖ਼ਤਰਨਾਕ ਨਾਗਰਿਕ ਉਹ ਨਹੀਂ ਜੋ ਸਵਾਲ ਪੁੱਛਦਾ ਹੈ ਸਭ ਤੋਂ ਖ਼ਤਰਨਾਕ ਸਥਿਤੀ ਉਹ ਹੁੰਦੀ ਹੈ ਜਦੋਂ ਲੋਕ ਸਵਾਲ ਪੁੱਛਣਾ ਹੀ ਛੱਡ ਦਿੰਦੇ ਹਨ। ਲੋਕ ਜਾਗ ਪੈਣ ਤਾਂ ਸੱਤਾ ਨੂੰ ਜਵਾਬਦੇਹ ਬਣਨਾ ਪੈਂਦਾ ਹੈ।

ਜਦੋਂ ਲੋਕ ਜਾਗਰੂਕ ਹੁੰਦੇ ਹਨ ਤਾਂ ਨੇਤਾ ਉਨ੍ਹਾਂ ਦੇ ਸਵਾਲਾਂ ਦਾ ਭੈਅ ਖਾਂਦੇ ਹਨ ਤੇ ਉਨ੍ਹਾਂ ਦੇ ਸਵਾਲਾਂ ਦਾ ਜਵਾਬ ਦੇਣ ਲਈ ਮਜਬੂਰ ਹੁੰਦੇ ਹਨ। ਜਦੋਂ ਲੋਕ ਆਪਣੇ ਅਧਿਕਾਰਾਂ ਨੂੰ ਸਮਝਦੇ ਹਨ ਤਾਂ ਕੋਈ ਵੀ ਉਨ੍ਹਾਂ ਨੂੰ ਆਸਾਨੀ ਨਾਲ ਭਾਵਨਾਵਾਂ ਦੇ ਨਾਮ ’ਤੇ ਗੁੰਮ-ਰਾਹ ਨਹੀਂ ਕਰ ਸਕਦਾ।

ਅੰਤ ’ਚ ਗੱਲ ਇੰਨੀ ਕੁ ਹੈ ਕਿ ਲੋਕਤੰਤਰ ’ਚ ਲੋਕ ਹੀ ਵੱਡੇ ਹੁੰਦੇ ਹਨ ਪਰ ਤਦੋਂ ਹੀ, ਜਦੋਂ ਉਹ ਆਪਣੀ ਤਾਕਤ ਨੂੰ ਪਛਾਣਦੇ ਹਨ। ਜਾਗਰੂਕ ਲੋਕ ਸੱਤਾ ਦੇ ਪਿੱਛੇ ਨਹੀਂ ਤੁਰਦੇ ਉਹ ਸੱਤਾ ਨੂੰ ਲੋਕਾਂ ਦੇ ਪਿੱਛੇ ਤੁਰਨ ਲਈ ਮਜਬੂਰ ਕਰਦੇ ਹਨ। ਉਹ ਨੇਤਾਵਾਂ ਨੂੰ ਦੇਵਤਾ ਨਹੀਂ ਬਣਾਉਂਦੇ, ਸਗੋਂ ਲੋਕ-ਸੇਵਕ ਸਮਝਦੇ ਹਨ। ਉਹ ਵੋਟ ਨੂੰ ਸਿਰਫ਼ ਇਕ ਨਿਸ਼ਾਨ ਨਹੀਂ, ਆਪਣੇ ਭਵਿੱਖ ਦਾ ਫ਼ੈਸਲਾ ਸਮਝਦੇ ਹਨ। ਇਸ ਲਈ ਲੋਕਤੰਤਰ ਨੂੰ ਬਚਾਉਣ ਅਤੇ ਮਜ਼ਬੂਤ ਕਰਨ ਦਾ ਸਭ ਤੋਂ ਪਹਿਲਾ ਕਦਮ ਹੈ ਲੋਕਾਂ ਦਾ ਜਾਗਰੂਕ ਹੋਣਾ ਕਿਉਂਕਿ ਜਦੋਂ ਲੋਕ ਜਾਗਦੇ ਹਨ, ਤਾਂ ਲੋਕਤੰਤਰ ਜਿਊਂਦਾ ਰਹਿੰਦਾ ਹੈ। ਜਦੋਂ ਲੋਕ ਸੁੱਤੇ ਹੁੰਦੇ ਹਨ ਤਾਂ ਲੋਕਤੰਤਰ ਸਿਰਫ਼ ਕਾਗਜ਼ਾਂ ’ਚ ਬਚਿਆ ਦਿਸਦਾ ਹੈ ਸਹੀ ਅਰਥਾਂ ’ਚ ਉਸ ਦਾ ਪਤਨ ਸ਼ੁਰੂ ਹੋ ਚੁੱਕਾ ਹੁੰਦਾ ਹੈ।

# ਜੀਵਨ ਦਾ ਹਰ ਪਲ ਦੁਰਲਭ ਅਤੇ ਅਨਮੋਲ ਹੈ

ਜ਼ਿੰਦਗੀ ਬਹੁਤ ਅਜੀਬ ਹੈ। ਅਸੀਂ ਭਵਿੱਖ ਦੀਆਂ ਯੋਜਨਾਵਾਂ ਬਣਾਉਂਦੇ ਹਾਂ, ਕੱਲ੍ਹ ਲਈ ਕੰਮ ਛੱਡ ਦਿੰਦੇ ਹਾਂ ਤੇ ਇਹ ਮੰਨ ਲੈਂਦੇ ਹਾਂ ਕਿ ਸਾਡੇ ਕੋਲ ਹਮੇਸ਼ਾ ਸਮਾਂ ਰਹੇਗਾ ਪਰ ਸੱਚ ਇਹ ਹੈ ਕਿ ਜ਼ਿੰਦਗੀ ਕਿਸੇ ਨੂੰ ਵੀ ਇਹ ਵਾਅਦਾ ਨਹੀਂ ਕਰਦੀ ਕਿ ਅਗਲਾ ਪਲ ਕਿਹੋ ਜਿਹਾ ਹੋਵੇਗਾ। ਕਈ ਵਾਰ ਸਿਰਫ਼ ਇਕ ਪਲ ਹੀ ਸਾਡੀ ਸੋਚ, ਸਾਡੇ ਰਿਸ਼ਤੇ ਤੇ ਸਾਡੀ ਪੂਰੀ ਜ਼ਿੰਦਗੀ ਨੂੰ ਬਦਲਣ ਲਈ ਕਾਫ਼ੀ ਹੁੰਦਾ ਹੈ। ਰਿਸ਼ਤੇ ਸਾਡੀ ਜ਼ਿੰਦਗੀ ਦਾ ਸਭ ਤੋਂ ਕੀਮਤੀ ਹਿੱਸਾ ਹਨ। ਪਰਿਵਾਰ, ਦੋਸਤ ਤੇ ਸਾਡੇ ਆਪਣੇ ਲੋਕ ਸਾਨੂੰ ਪਿਆਰ, ਸਹਾਰਾ ਅਤੇ ਆਪਣੇਪਣ ਦਾ ਅਹਿਸਾਸ ਦਿੰਦੇ ਹਨ ਪਰ ਅੱਜ ਦੀ ਤੇਜ਼ ਰਫ਼ਤਾਰ ਜ਼ਿੰਦਗੀ ਵਿਚ ਅਸੀਂ ਹੌਲੀ-ਹੌਲੀ ਇਨ੍ਹਾਂ ਹੀ ਰਿਸ਼ਤਿਆਂ ਤੋਂ ਦੂਰ ਹੁੰਦੇ ਜਾ ਰਹੇ ਹਾਂ। ਰੁਝੇਵਿਆਂ ਭਰੀ ਜ਼ਿੰਦਗੀ, ਸੋਸ਼ਲ ਮੀਡੀਆ ਤੇ ਹਰ ਵੇਲੇ ਤਕਨਾਲੋਜੀ ਨਾਲ ਜੁੜੇ ਰਹਿਣ ਦੀ ਆਦਤ ਨੇ ਸਾਡੇ ਵਿਚਕਾਰ ਅਜਿਹੀ ਦੂਰੀ ਪੈਦਾ ਕਰ ਦਿੱਤੀ ਹੈ, ਜੋ ਕਈ ਵਾਰ ਇੱਕੋ ਘਰ ’ਚ ਰਹਿੰਦਿਆਂ ਵੀ ਮਹਿਸੂਸ ਹੁੰਦੀ ਹੈ। ਅਸੀਂ ਮੋਬਾਈਲ ਦੀ ਸਕਰੀਨ ’ਤੇ ਦੂਰ ਬੈਠੇ ਲੋਕਾਂ ਨਾਲ ਜੁੜੇ ਰਹਿੰਦੇ ਹਾਂ ਪਰ ਕੋਲ ਬੈਠੇ ਆਪਣਿਆਂ ਲਈ ਸਮਾਂ ਨਹੀਂ ਕੱਢ ਪਾਉਂਦੇ। ਅਸੀਂ ਅਕਸਰ ਇਹ ਸੋਚ ਕੇ ਨਜ਼ਰ-ਅੰਦਾਜ਼ ਕਰ ਦਿੰਦੇ ਹਾਂ ਕਿ ਉਹ ਹਮੇਸ਼ਾ ਸਾਡੇ ਨਾਲ ਰਹਿਣਗੇ। ਕਈ ਵਾਰ ਉਹ ‘ਬਾਅਦ ਵਿਚ’ ਕਦੇ ਨਹੀਂ ਆਉਂਦਾ।



ਜ਼ਿੰਦਗੀ ਸਾਨੂੰ ਹਰ ਕੰਮ ਲਈ ਦੂਜਾ ਮੌਕਾ ਨਹੀਂ ਦਿੰਦੀ। ਨੇਪਾਲ ਤ੍ਰਾਸਦੀ ਵੀ ਸਾਨੂੰ ਇਹੀ ਅਹਿਸਾਸ ਕਰਵਾਉਂਦੀ ਹੈ ਕਿ ਹਾਲਾਤ ਕਿੰਨੀ ਤੇਜ਼ੀ ਨਾਲ ਬਦਲ ਸਕਦੇ ਹਨ। ਜਿਹੜੇ ਲੋਕ ਇਕ ਆਮ ਦਿਨ ਵਾਂਗ ਆਪਣੀ ਜ਼ਿੰਦਗੀ ਜੀਅ ਰਹੇ ਸਨ, ਉਨ੍ਹਾਂ ਨੇ ਸ਼ਾਇਦ ਕਦੇ ਸੋਚਿਆ ਵੀ ਨਹੀਂ ਹੋਵੇਗਾ ਕਿ ਅਗਲਾ ਪਲ ਉਨ੍ਹਾਂ ਲਈ ਇੰਨਾ ਵੱਖਰਾ ਹੋ ਸਕਦਾ ਹੈ। ਅਜਿਹੀਆਂ ਘਟਨਾਵਾਂ ਸਾਨੂੰ ਡਰਾਉਣ ਲਈ ਨਹੀਂ ਸਗੋਂ ਜ਼ਿੰਦਗੀ ਦੀ ਅਨਿਸ਼ਚਿਤਤਾ ਨੂੰ ਸਮਝਣ ਲਈ ਸਬਕ ਦਿੰਦੀਆਂ ਹਨ। ਇਹ ਸਾਨੂੰ ਯਾਦ ਕਰਵਾਉਂਦੀਆਂ ਹਨ ਕਿ ਜ਼ਿੰਦਗੀ ਬਦਲਣ ਤੋਂ ਪਹਿਲਾਂ ਹਮੇਸ਼ਾ ਕੋਈ ਚੇਤਾਵਨੀ ਨਹੀਂ ਦਿੰਦੀ।

ਇਸ ਲਈ ਜੇ ਕਿਸੇ ਆਪਣੇ ਨਾਲ ਗੱਲ ਕਰਨ ਦੀ ਇੱਛਾ ਹੈ, ਤਾਂ ਅੱਜ ਹੀ ਕਰੋ। ਜੇ ਕਿਸੇ ਤੋਂ ਮਾਫ਼ੀ ਮੰਗਣੀ ਹੈ ਤਾਂ ਦੇਰ ਨਾ ਕਰੋ। ਜੇ ਕਿਸੇ ਦਾ ਧੰਨਵਾਦ ਕਰਨਾ ਹੈ, ਤਾਂ ਉਹ ਸ਼ਬਦ ਆਪਣੇ ਦਿਲ ’ਚ ਨਾ ਰੱਖੋ ਕਿਉਂਕਿ ਕਈ ਵਾਰ ਛੋਟੀ ਜਿਹੀ ਗੱਲਬਾਤ ਕਿਸੇ ਦੇ ਦਿਲ ਵਿਚ ਸਾਰੀ ਉਮਰ ਲਈ ਥਾਂ ਬਣਾ ਲੈਂਦੀ ਹੈ।

ਕਈ ਵਾਰ ਰਸਤੇ ’ਚ ਹੋਈ ਇੱਕ ਛੋਟੀ ਜਿਹੀ ਗੱਲਬਾਤ, ਇਕੱਠਿਆਂ ਪੀਤੀ ਚਾਹ ਜਾਂ ਬਿਨਾਂ ਕਿਸੇ ਕਾਰਨ ਕੀਤੀ ਫੋਨ ਕਾਲ ਹੀ ਬਾਅਦ ’ਚ ਜ਼ਿੰਦਗੀ ਦੀ ਸਭ ਤੋਂ ਸੋਹਣੀ ਯਾਦ ਬਣ ਜਾਂਦੀ ਹੈ।

ਜ਼ਿੰਦਗੀ ਇਕ ਪਲ ਵਿੱਚ ਬਦਲ ਸਕਦੀ ਹੈ ਪਰ ਉਸ ਇਕ ਪਲ ਤੋਂ ਪਹਿਲਾਂ ਸਾਡੇ ਕੋਲ ਅਣਗਿਣਤ ਪਲ ਹੁੰਦੇ ਹਨ ਆਪਣਿਆਂ ਨੂੰ ਪਿਆਰ ਦੇਣ ਦੇ, ਰਿਸ਼ਤੇ ਸੰਭਾਲਣ ਤੇ ਆਪਣੀਆਂ ਗੱਲਾਂ ਕਹਿ ਦੇਣ ਦੇ। ਇਸ ਲਈ ਸਮਾਂ ਸਭ ਕੁਝ ਬਦਲਣ ਤੋਂ ਪਹਿਲਾਂ ਇਕ ਪਲ ਰੁਕੋ। ਆਪਣੇ ਆਲੇ-ਦੁਆਲੇ ਦੇਖੋ। ਆਪਣੇ ਲੋਕਾਂ ਨੂੰ ਮਹਿਸੂਸ ਕਰੋ ਤੇ ਉਨ੍ਹਾਂ ਦੀ ਕਦਰ ਕਰੋ ਕਿਉਂਕਿ ਕਈ ਵਾਰ ਜ਼ਿੰਦਗੀ ਸਾਨੂੰ ਦੂਜਾ ਮੌਕਾ ਨਹੀਂ ਦਿੰਦੀ ਪਰ ਅੱਜ ਦਾ ਛੋਟਾ ਜਿਹਾ ਪਿਆਰ ਭਰਿਆ ਪਲ ਆਉਣ ਵਾਲੇ ਕੱਲ੍ਹ ਦੀ ਸਭ ਤੋਂ ਖ਼ੂਬਸੂਰਤ ਯਾਦ ਬਣ ਸਕਦਾ ਹੈ।

**- ਤਰਨਜੀਤ ਕੌਰ**

# ਹਵਾਈ ਯਾਤਰਾ ਦੌਰਾਨ ਨਹੀਂ ਲਿਜਾ ਸਕਦੇ ਨਾਰੀਅਲ

ਇਹ ਸਾਰੇ ਜਾਣਦੇ ਹਾਂ ਕਿ ਹਵਾਈ ਯਾਤਰਾ ਦੌਰਾਨ ਕਿਹੜੀਆਂ ਚੀਜ਼ਾਂ ਨਾਲ ਲੈ ਕੇ ਜਾਣੀਆਂ ਹਨ ਅਤੇ ਕਿਹੜੀਆਂ ਨਹੀਂ, ਇਸ ਦੇ ਕਈ ਨਿਯਮ ਹੁੰਦੇ ਹਨ ਪਰ ਕੀ ਤੁਸੀਂ ਜਾਣਦੇ ਹੋ ਕਿ ਰਸੋਈ ਅਤੇ ਪੂਜਾ ਵਿੱਚ ਸ਼ਾਮਲ ਹੋਣ ਵਾਲਾ ਇੱਕ ਫਲ ਅਜਿਹਾ ਹੈ, ਜਿਸ ਨੂੰ ਲਿਜਾਣ ਦੀ ਸਖ਼ਤ ਮਨਾਹੀ ਹੈ। ਸੋਚਣ 'ਤੇ ਇਹ ਗੱਲ ਬਹੁਤ ਅਜੀਬ ਲੱਗ ਸਕਦੀ ਹੈ ਪਰ ਇਸ ਦੇ ਪਿੱਛੇ ਸੁਰੱਖਿਆ ਕਾਰਨ ਜ਼ਿੰਮੇਵਾਰ ਹਨ। ਆ ਤੁਹਾਨੂੰ ਇਸ ਫਲ ਬਾਰੇ ਵਿਸਤਾਰ ਨਾਲ ਦੱਸਦੇ ਹਾਂ।



ਸ਼੍ਰੀਫਲ ਨੂੰ ਫਲਾਈਟ ਵਿੱਚ ਲੈ ਕੇ ਜਾਣ ਦੀ ਮਨਾਹੀ

ਹਵਾਈ ਜਹਾਜ਼ ’ਚ ਸਫ਼ਰ ਕਰਦੇ ਸਮੇਂ ਤੁਸੀਂ ਆਪਣੇ ਬੈਗ ’ਚ ਸ਼੍ਰੀਫਲ ਯਾਨੀ ਨਾਰੀਅਲ ਨਹੀਂ ਲੈ ਜਾ ਸਕਦੇ। ਆਮ ਤੌਰ 'ਤੇ ਨਸ਼ੀਲੇ ਪਦਾਰਥ, ਚਾਕੂ, ਲਾਈਟਰ ਅਤੇ ਸਿਗਰੇਟ ਲਿਜਾਣ ਦੀ ਮਨਾਹੀ ਹੁੰਦੀ ਹੈ ਪਰ ਸੁੱਕਾ ਨਾਰੀਅਲ ਵੀ ਇਸ ਸੂਚੀ ’ਚ ਸ਼ਾਮਲ ਹੈ। ਕਿਸੇ ਵੀ ਸ਼ੁਭ ਕੰਮ ਜਾਂ ਪਕਵਾਨਾਂ ਵਿੱਚ ਇਸਤੇਮਾਲ ਹੋਣ ਵਾਲਾ ਇਹ ਨਾਰੀਅਲ ਸਧਾਰਨ ਜ਼ਰੂਰ ਲੱਗਦਾ ਹੈ ਪਰ ਇਸ ਦੀ ਵਜ੍ਹਾ ਨਾਲ ਸੁਰੱਖਿਆ ਦਾ ਜੋਖਮ ਪੈਦਾ ਹੋ ਸਕਦਾ ਹੈ। ਇਸ ਲਈ ਕਈ ਕਾਰਨ ਜ਼ਿੰਮੇਵਾਰ ਹਨ:

ਅੱਗ ਲੱਗਣ ਦਾ ਖ਼ਤਰਾ

ਸੁੱਕੇ ਨਾਰੀਅਲ ਨੂੰ ਖੋਪਰਾ ਕਹਿੰਦੇ ਹਨ, ਜਿਸ ਵਿੱਚ ਤੇਲ ਦੀ ਮਾਤਰਾ ਜ਼ਿਆਦਾ ਹੁੰਦੀ ਹੈ। ਇਸ ਦੀ ਵਜ੍ਹਾ ਨਾਲ ਇਹ ਜਲਣਸ਼ੀਲ ਹੋ ਜਾਂਦਾ ਹੈ। ਅਜਿਹੇ ’ਚ ਜੇਕਰ ਇਹ ਫਲ ਜ਼ਿਆਦਾ ਗਰਮੀ ਜਾਂ ਕਿਸੇ ਚੰਗਿਆੜੀ ਦੇ ਸੰਪਰਕ ’ਚ ਆਉਂਦਾ ਹੈ ਤਾਂ ਇਸ ਨਾਲ ਅੱਗ ਲੱਗਣ ਦਾ ਖ਼ਤਰਾ ਵਧ ਜਾਂਦਾ ਹੈ। ਇਸ ਤਰ੍ਹਾਂ ਸਾਵਧਾਨੀ ਵਰਤਦਿਆਂ ਸੁੱਕੇ ਨਾਰੀਅਲ ਨੂੰ ਹਵਾਈ ਜਹਾਜ਼ ਵਿੱਚ ਲੈ ਕੇ ਜਾਣ ਦੀ ਸਖ਼ਤ ਮਨਾਹੀ ਹੈ।

ਸ਼ੱਕ ਦੀ ਸੰਭਾਵਨਾ

ਇੱਕ ਵਜ੍ਹਾ ਨਾਰੀਅਲ ਦੀ ਜਲਣਸ਼ੀਲਤਾ ਹੈ ਤਾਂ ਦੂਜੀ ਵਜ੍ਹਾ ਸੁਰੱਖਿਆ ਜਾਂਚ ’ਚ ਸ਼ੱਕ ਪੈਦਾ ਹੋਣਾ ਵੀ ਹੈ। ਦਰਅਸਲ, ਏਅਰਪੋਰਟ ਉੱਤੇ ਐਕਸ-ਰੇ ਸਕੈਨਿੰਗ ਰਾਹੀਂ ਜਾਂਚ ਹੁੰਦੀ ਹੈ ਪਰ ਇਸ ਸਕੈਨਿੰਗ ਵਿੱਚ ਨਾਰੀਅਲ ਦੇ ਖੋਲ ਦੇ ਅੰਦਰ ਕੀ ਹੈ ਇਸ ਦਾ ਪਤਾ ਨਹੀਂ ਲੱਗ ਪਾਉਂਦਾ। ਇਸ ਦੇ ਚਲਦਿਆਂ ਅੰਤਰਰਾਸ਼ਟਰੀ ਹਵਾਈ ਆਵਾਜਾਈ ਸੰਘ ਯਾਨੀ ਿਠਓ ਇਸ ਨੂੰ ਇੱਕ ਖ਼ਤਰਨਾਕ ਚੀਜ਼ ਦੀ ਸ਼੍ਰੇਣੀ ਵਿੱਚ ਰੱਖਦਾ ਹੈ।

ਕਈ ਏਅਰਲਾਈਨਜ਼ ਇਸ ਨੂੰ ਲੈ ਕੇ ਜਾਣ ਦੀ ਇਜਾਜ਼ਤ ਦਿੰਦੀਆਂ ਹਨ ਪਰ ਇਸ ਨੂੰ ਰੱਖਣ ਦਾ ਤਰੀਕਾ ਵੱਖਰਾ ਹੋਣਾ ਚਾਹੀਦਾ ਹੈ। ਇਸ ਨੂੰ ਬੈਗ ’ਚ ਤਦ ਹੀ ਲਿਜਾਇਆ ਜਾ ਸਕਦਾ ਹੈ, ਜਦੋਂ ਇਸ ਨੂੰ ਛੋਟੇ-ਛੋਟੇ ਟੁਕੜਿਆਂ ਵਿੱਚ ਕੱਟ ਕੇ ਬੈਗ ਵਿੱਚ ਰੱਖਿਆ ਜਾਵੇ ਪਰ ਇਨ੍ਹਾਂ ਟੁਕੜਿਆਂ ਨੂੰ ਵੀ ਠੀਕ ਤਰ੍ਹਾਂ ਪੈਕ ਕੀਤਾ ਜਾਣਾ ਚਾਹੀਦਾ ਹੈ।

ਜ਼ਿਆਦਾ ਉਚਾਈ ਉੱਤੇ ਫਟ ਸਕਦਾ ਹੈ ਸੁੱਕਾ ਨਾਰੀਅਲ

ਇਸ ਬਾਰੇ ਵਿਗਿਆਨੀ ਕਹਿੰਦੇ ਹਨ ਕਿ ਜੇਕਰ ਨਾਰੀਅਲ ਨੂੰ ਜ਼ਿਆਦਾ ਉਚਾਈ ਉੱਤੇ ਲਿਜਾਇਆ ਜਾਵੇ, ਤਾਂ ਅਜਿਹੀ ਸਥਿਤੀ ਵਿੱਚ ਉਹ ਫਟ ਵੀ ਸਕਦਾ ਹੈ। ਇਸ ਦੇ ਪਿੱਛੇ ਦਾ ਵਿਗਿਆਨ ਕੁਝ ਅਜਿਹਾ ਹੈ ਕਿ ਉਚਾਈ ਉੱਤੇ ਵਾਯੂਮੰਡਲ ਦਾ ਦਬਾਅ ਘੱਟ ਹੁੰਦਾ ਹੈ, ਅਜਿਹੇ ਵਿੱਚ ਪਹਾੜ ਉੱਤੇ ਜਾਂਦਿਆਂ ਜਾਂ ਫਲਾਈਟ ਵਿੱਚ ਸਫ਼ਰ ਕਰਦਿਆਂ ਅੰਦਰੂਨੀ ਦਬਾਅ ਜ਼ਿਆਦਾ ਹੋਣ ਨਾਲ ਉਹ ਫਟ ਸਕਦਾ ਹੈ।

# ਚੁੱਪ-ਚਪੀਤੇ ਆ ਰਹੀ ਮੌਤ

ਇਹਨਾਂ ਦਿਨਾਂ ਦੌਰਾਨ ਜੇਕਰ ਤੁਸੀਂ ਆਪਣੇ ਮੋਬਾਇਲ ਫੋਨ ’ਤੇ ਪੰਜਾਬ ਦੀ ਹਵਾ ਦੀ ਸ਼ੁਧਤਾ ਨੂੰ, ਜਿਸ ਨੂੰ ਅਸੀਂ ਏਅਰ ਕੁਆਲਟੀ ਇੰਡੈਕਸ ਕਹਿੰਦੇ ਹਾਂ ਚੈੱਕ ਕਰੋਗੇ ਤਾਂ ਤੁਸੀਂ ਪਾਓਗੇ ਕਿ ਪਿਛਲੇ ਦੋ ਮਹੀਨਿਆਂ ਤੋਂ ਅਸੀਂ ਰੈੱਡ ਜੋਨ ’ਚ ਰਹਿ ਰਹੇ ਹਾਂ। ਹਰ ਸਾਲ ਇਨ੍ਹਾਂ ਦਿਨਾਂ ਦੌਰਾਨ ਸਾਡੀ ਹਵਾ ਇਕ ਖਾਮੋਸ਼ ਕਾਤਲ ਬਣ ਜਾਂਦੀ ਹੈ। ਇਹ ਸਿਲਸਿਲਾ ਹਰ ਸਾਲ ਪਹਿਲਾਂ ਨਾਲੋਂ ਵੱਧ ਘਾਤਕ ਹੋ ਰਿਹਾ ਹੈ ਪਰ ਅਸੀਂ ਸਾਰੇ ਇਸ

**ਗੁਰਚਰਨ ਸਿੰਘ ਨੂਰਪੁਰ**

ਪ੍ਰਤੀ ਬੇਖ਼ਬਰ ਹਾਂ। ਇਸੇ ਸਾਲ ਇਕ ਖ਼ਬਰ ਨੇ ਮੇਰੇ ਜ਼ਿਹਨ ’ਚ ਪਹਿਲਾਂ ਤੋਂ ਚੱਲ ਰਹੀ ਬੇਚੈਨੀ ਨੂੰ ਕਈ ਗੁਣਾਂ ਵਧਾ ਦਿੱਤਾ। ਖ਼ਬਰ ਇਹ ਸੀ ਕਿ ਡੈਨਮਾਰਕ ਦੇ ਵਿਸ਼ਵ ਦੇ ਨੰਬਰ 3 ਖਿਡਾਰੀ ਐਡਰਸ ਅਟੋਨਸੇਨ ਨੇ ਕਿਹਾ ਕਿ ਦਿੱਲੀ ਦੇ ਇਨ੍ਹੀਂ ਦਿਨੀ ਗੰਭੀਰ ਪ੍ਰਦੂਸ਼ਣ ਕਾਰਨ ਉਹ ਬੈਡਮਿੰਟਨ ਟੂਰਨਾਮੈਂਟ ’ਚ ਹਿੱਸਾ ਲੈਣ ਨਹੀਂ ਲੈਣਗੇ। ਇਸ ਬੈਡਮਿੰਟਨ ਖਿਡਾਰੀ ਦਾ ਸਾਡੇ ਦੇਸ਼ ’ਚ ਨਾ ਆਉਣ ਦਾ ਕਾਰਨ ਪ੍ਰਦੂਸ਼ਣ ਹੋਵੇ ਜਾਂ ਕੁਝ ਹੋਰ, ਆਪਾਂ ਨੂੰ ਇਸ ਦੀ ਵਿਆਖਿਆ ਕਰਨ ਦੀ ਲੋੜ ਨਹੀਂ। ਇਕ ਗੱਲ ਪੱਕੀ ਜ਼ਰੂਰ ਹੈ ਕਿ ਦਿੱਲੀ ਸਮੇਤ ਉੱਤਰੀ ਭਾਰਤੀ ਰਾਜਾਂ ਜਿਹਨਾਂ ’ਚ ਖ਼ਾਸ ਤੌਰ ’ਤੇ ਪੰਜਾਬ ਤੇ ਹਰਿਆਣਾ ਹੁਣ ਯੂਪੀ ਤੇ ਹਿਮਾਚਲ ਪ੍ਰਦੇਸ਼ ਵੀ ਇਸ ਤੋਂ ਪਾਸੇ ਨਹੀਂ ਰਹੇ ਇਹਨਾਂ ਰਾਜਾਂ ’ਚ ਨਵੰਬਰ 2025 ਤੋਂ ਜਨਵਰੀ 26 ਤੱਕ ਪ੍ਰਦੂਸ਼ਣ ਦਾ ਪੱਧਰ ਖ਼ਤਰਨਾਕ ਹੱਦ ਤੱਕ ਲਗਾਤਾਰ ਬਣਿਆ ਹੋਇਆ ਹੈ। ਏਅਰ ਕੁਆਲਟੀ ਇੰਡੈਕਸ ਜੋ ਸਾਫ ਹਵਾ ਲਈ 50 ਦੇ ਆਸ ਪਾਸ ਹੋਣਾ ਚਾਹੀਦਾ ਹੈ, ਉਹ ਜ਼ਿਆਦਾਤਰ ਇਲਾਕਿਆਂ ’ਚ 200 ਤੋਂ 550 ਤੱਕ ਹੈ। ਇਹ ਖ਼ਤਰਨਾਕ ਸਥਿਤੀ ਪਿਛਲੇ ਦੋ ਮਹੀਨਿਆਂ ਤੋਂ ਬਣੀ ਹੋਈ ਹੈ। ਹਵਾ ਦਾ ਇਹ ਪ੍ਰਦੂਸ਼ਣ ਜੀਵਨ ਲਈ ਇੰਨਾ ਖ਼ਤਰਨਾਕ ਹੈ ਕਿ ਅਸੀਂ ਸਾਰੇ ਇਨ੍ਹਾਂ ਦਿਨਾਂ ਦੌਰਾਨ 16 ਤੋਂ 20 ਸਿਗਰਟਾਂ ਜਿੰਨਾ ਧੂੰਆਂ ਆਪਣੇ ਅੰਦਰ ਖਿੱਚ ਰਹੇ ਹਾਂ। ਸੰਨ 2023 ’ਚ ਦੁਨੀਆ ਭਰ ’ਚ ਹਵਾ ਦੇ ਪ੍ਰਦੂਸ਼ਣ ਕਰਕੇ 78 ਲੱਖ ਮੌਤਾਂ ਹੋਈਆਂ। ਉੱਤਰੀ ਭਾਰਤ ਖ਼ਾਸ ਕਰ ਪੰਜਾਬ ’ਚ ਇਸ ਖ਼ਤਰਨਾਕ ਪ੍ਰਦੂਸ਼ਣ ਨਾਲ ਮੌਤਾਂ ਵੀ ਹੋ ਰਹੀਆਂ ਹਨ ਤੇ ਸਾਡੀ ਸਭ ਦੀ ਉਮਰ ਵੀ ਇਸ ਨਾਲ ਘਟ ਹੋ ਰਹੀ ਹੈ। ਇਕ ਵਿਗਿਆਨ ਖੋਜ ਅਨੁਸਾਰ ਹਵਾ ਦਾ ਪ੍ਰਦੂਸ਼ਣ ਜਦੋਂ 200 ਏਕਿਊਆਈ ਤੱਕ ਜਾਂ ਇਸ ਤੋਂ ਉਪਰ ਜਾਂਦਾ ਹੈ ਤਾਂ ਹਵਾ ’ਚ ਜੀਵਨ ਲਈ ਖ਼ਤਰਨਾਕ ਪੀਐੱਮ 2.5 ਅਤੇ ਪੀਐੱਮ 10 ਕਣਾਂ ’ਚ ਵਾਧਾ ਹੋ ਜਾਂਦਾ ਹੈ। ਇਨ੍ਹਾਂ ਸਿਰ ਦੇ ਵਾਲਾਂ ਤੋਂ 30 ਗੁਣਾਂ ਬਰੀਕ ਕਣਾਂ ਦੀ ਜਦੋਂ ਹਵਾ ਭਰਮਾਰ ਹੁੰਦੀ ਹੈ ਤਾਂ ਇਹ ਸਾਹ ਲੈਣ ਨਾਲ ਸਾਡੇ ਅੰਦਰ ਜਾਂਦੇ ਹਨ। ਇਹ ਵੱਡੀ ਪੱਧਰ ’ਤੇ ਲੋਕਾਂ ਲਈ ਹਾਰਟ ਅਟੈਕ, ਸਾਹ, ਦਮਾ, ਬਰੇਨ ਸਟਰੋਕ, ਫੈਫੜਿਆਂ ਦਾ ਕੈਂਸਰ, ਗੁਰਦਿਆਂ ਦੇ ਰੋਗ ਅਤੇ ਬਲੱਡ ਪ੍ਰੈਸ਼ਰ ਵਰਗੇ ਕਈ ਰੋਗਾਂ ਦਾ ਕਾਰਨ ਬਣਦੇ ਹਨ। ਪਲੀਤ ਹਵਾ ਦਾ ਇਹ ਪ੍ਰਕੋਪ ਸਾਡੇ ਹਰ ਇਕ ਦੀ 2.2 ਸਾਲ ਉਮਰ ਘੱਟ ਕਰ ਰਿਹਾ ਹੈ। ਹਵਾ ਦੇ ਪ੍ਰਦੂਸ਼ਣ ਦਾ ਮਾਨਸਿਕ ਬਿਮਾਰੀਆਂ ਨੂੰ ਵਧਾਉਣ ’ਚ ਵੀ ਵੱਡਾ ਹੱਥ ਹੈ। ਇਸ ਨਾਲ ਲੋਕਾਂ ਨੂੰ ਡਿਪਰੈਸ਼ਨ, ਐਂਗਜਾਇਟੀ ਤੇ ਮਾਨਸਿਕ ਤਣਾਅ ਵੱਧਦਾ ਹੈ। ਬਹੁਤ ਸਾਰੇ ਲੋਕਾਂ ਨੂੰ ਇੰਝ ਲੱਗਦਾ ਹੈ ਕਿ ਜਿਵੇਂ ਉਨ੍ਹਾਂ ਨੂੰ ਸਾਹ ਨਹੀਂ ਆ ਰਿਹਾ ਤੇ ਉਹ ਇਸ ਸਥਿਤੀ ਤੋਂ ਡਰ ਕੇ ਮਾਨਸਿਕ ਰੋਗਾਂ ਦਾ ਸ਼ਿਕਾਰ ਬਣ ਜਾਂਦੇ ਹਨ। ਇਸ ਨਾਲ ਵੱਡੀ ਉਮਰ ਦੇ ਲੋਕਾਂ ’ਚ ਡੀਮੈਂਨਸ਼ੀਆ ਤੇ ਅਲਜਾਈਮਰ ਵਰਗੀਆਂ ਬਿਮਾਰੀਆਂ ਅਧਰੰਗ ਵਰਗੀਆਂ ਬਿਮਾਰੀਆਂ ਲੱਗਣ ਦਾ ਖ਼ਤਰਾ ਵਧ ਜਾਂਦਾ ਹੈ। ਲੋਕਾਂ ਦਾ ਇਮਿਊਨ ਸਿਸਟਮ ਕਮਜ਼ੋਰ ਹੋਣ ਲੱਗਦਾ ਹੈ ਤੇ ਕਈ ਤਰ੍ਹਾਂ ਦੀਆਂ ਇਨਫੈਕਸ਼ਨਾਂ ਦਾ ਖ਼ਤਰਾ ਵਧ ਜਾਂਦਾ ਹੈ। ਲੰਮਾਂ ਸਮਾਂ ਪ੍ਰਦੂਸ਼ਤ ਹਵਾ ’ਚ ਰਹਿਣ ਕਰ ਕੇ ਕਿਸੇ ਵੀ ਖਿੱਤੇ ’ਚ ਕੈਂਸਰ ਦੇ ਰੋਗੀਆਂ ਦੀ ਗਿਣਤੀ ਵਧਦੀ ਹੈ। ਇਹ ਬੱਚਿਆਂ ਨੂੰ ਮਾਨਸਿਕ ਤੋਰ ’ਤੇ ਕਮਜ਼ੋਰ ਕਰਨ ਤੇ ਇਨ੍ਹਾਂ ’ਚ ਸਿੱਖਣ ਦੀ

(ਬਾਕੀ ਅਗਲੇ ਸਫੇ ‘ਤੇ)

# ਕਿਵੇਂ ਪਿਆ ਗੁਰਦੁਆਰਾ 'ਬੰਗਲਾ ਸਾਹਿਬ' ਦਾ ਨਾਂ?

ਦੇਸ਼ ਦੀ ਰਾਜਧਾਨੀ ਦਿੱਲੀ ਦੇ ਕੇਂਦਰ 'ਚ ਇੱਕ ਮਸ਼ਹੂਰ ਗੁਰਦੁਆਰਾ ਹੈ, ਜਿਸ ਦਾ ਨਾਮ ਬੰਗਲਾ ਸਾਹਿਬ ਹੈ। ਇੱਥੇ ਆਉਣ ਲਈ ਲੋਕ ਕਿਸੇ ਖਾਸ ਮੌਕੇ ਜਾਂ ਤਿਉਹਾਰ ਦੀ ਉਡੀਕ ਨਹੀਂ ਕਰਦੇ। ਇਹੀ ਕਾਰਨ ਹੈ ਕਿ ਸਾਲ ਭਰ ਇੱਥੇ ਸੰਗਤ ਦੀ ਭੀੜ ਦੇਖਣ ਨੂੰ ਮਿਲਦੀ ਹੈ ਪਰ ਕੀ ਤੁਸੀਂ ਕਦੇ ਸੋਚਿਆ ਹੈ ਕਿ ਇਸ ਗੁਰਦੁਆਰੇ ਦੇ ਨਾਮ 'ਚ ਸਿੱਖਾਂ ਦੇ ਕਿਸੇ ਗੁਰੂ ਦਾ ਨਾਮ ਨਾ ਹੋ ਕੇ ਇਸ ਨੂੰ 'ਬੰਗਲਾ ਸਾਹਿਬ' ਕਿਉਂ ਕਿਹਾ ਜਾਂਦਾ ਹੈ? ਆ , ਅੱਜ ਗੁਰਦੁਆਰਾ ਸਾਹਿਬ ਦੇ ਇਸ ਦਿਲਚਸਪ ਇਤਿਹਾਸ ਬਾਰੇ ਜਾਣਦੇ ਹਾਂ।

**ਗੁਰਦੁਆਰਾ ਬੰਗਲਾ ਸਾਹਿਬ ਦਾ ਰਾਜਪੂਤ ਰਾਜੇ ਨਾਲ ਹੈ ਨਾਤਾ**

ਗੁਰਦੁਆਰਾ ਬੰਗਲਾ ਸਾਹਿਬ ਨਵੀਂ ਦਿੱਲੀ ਦੇ ਕਨਾਟ ਪਲੇਸ ਇਲਾਕੇ 'ਚ ਅਸ਼ੋਕ ਰੋਡ ਅਤੇ ਬਾਬਾ ਖੜਕ ਸਿੰਘ ਮਾਰਗ 'ਤੇ ਸਥਿਤ ਹੈ। ਇਤਿਹਾਸ ਅਨੁਸਾਰ ਇਸ ਥਾਂ 'ਤੇ ਪਹਿਲਾਂ ਕੋਈ ਗੁਰਦੁਆਰਾ ਨਹੀਂ ਸੀ, ਸਗੋਂ ਜੈਪੁਰ ਦੇ ਮਹਾਰਾਜਾ ਮਿਰਜ਼ਾ ਰਾਜਾ ਜੈ ਸਿੰਘ ਦਾ ਮਹਿਲ ਹੋਇਆ ਕਰਦਾ ਸੀ। ਉਸ ਸਮੇਂ ਇਸ ਨੂੰ 'ਜੈਸਿੰਘਪੁਰਾ ਪੈਲੇਸ' ਦੇ ਨਾਮ ਨਾਲ ਵੀ ਜਾਣਿਆ ਜਾਂਦਾ ਸੀ।

ਕਿਹਾ ਜਾਂਦਾ ਹੈ ਕਿ ਜਦੋਂ ਸਾਲ 1664 'ਚ ਰਾਜਧਾਨੀ ਹੈਜ਼ੇ ਅਤੇ ਚੇਚਕ ਦੀ ਲਪੇਟ 'ਚ ਆ ਗਈ ਸੀ, ਤਦ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਰਾਜਾ ਜੈ ਸਿੰਘ ਦੇ ਮਹਿਲ 'ਚ ਠਹਿਰੇ ਸਨ। ਇਸ ਮਹਿਲ 'ਚ ਰਹਿ ਕੇ ਗੁਰੂ ਸਾਹਿਬ ਨੇ ਜਾਤ-ਪਾਤ ਦਾ ਭੇਦ-ਭਾਵ ਭੁਲਾ ਕੇ ਮਹਾਮਾਰੀ ਤੋਂ ਪੀੜਤ ਲੋਕਾਂ ਦੀ ਸੇਵਾ ਕੀਤੀ। ਉਨ੍ਹਾਂ ਨੇ ਮਹਿਲ ਦੇ ਖੂਹ ਤੋਂ ਤਾਜ਼ਾ ਪਾਣੀ ਦੇ ਕੇ ਲੋਕਾਂ ਦੀ ਸਿਹਤ 'ਚ ਸੁਧਾਰ ਕਰਨ 'ਚ ਮਦਦ ਕੀਤੀ।

**ਖੁਦ ਵੀ ਚੇਚਕ ਦੀ ਬਿਮਾਰੀ ਨਾਲ ਪੀੜਤ ਹੋਏ**

ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਲੋਕਾਂ ਦੀ ਸੇਵਾ ਕੀਤੀ ਪਰ ਇਸ ਸੇਵਾ ਦੌਰਾਨ ਉਹ ਖੁਦ ਵੀ ਚੇਚਕ ਦੀ ਬਿਮਾਰੀ ਨਾਲ ਪੀੜਤ ਹੋ ਗਏ। ਇਸ ਤੋਂ ਬਾਅਦ 30 ਮਾਰਚ 1664 ਨੂੰ ਉਹ ਜੋਤੀ ਜੋਤ ਸਮਾ ਗਏ। ਉਨ੍ਹਾਂ ਦੀ ਯਾਦ ਅਤੇ ਸਤਿਕਾਰ 'ਚ ਮਹਾਰਾਜਾ ਜੈ ਸਿੰਘ ਨੇ ਇਹ ਮਹਿਲ ਸਿੱਖ ਸੰਗਤ ਨੂੰ ਸਮਰਪਿਤ ਕਰ ਦਿੱਤਾ ਸੀ।

ਮਹਾਰਾਜਾ ਨੇ ਇਸੇ ਖੂਹ ਤੋਂ ਇੱਕ ਛੋਟਾ ਸਰੋਵਰ ਵੀ ਬਣਵਾਇਆ ਸੀ। ਇਸ ਨਾਲ ਅੱਜ ਇਹ ਮਾਨਤਾ ਜੁੜੀ ਹੋਈ ਹੈ ਕਿ ਇਸ ਪਾਣੀ 'ਚ ਬਿਮਾਰੀਆਂ ਨੂੰ ਠੀਕ ਕਰਨ ਦੀ ਅਦਭੁਤ ਸ਼ਕਤੀ ਹੈ। ਇਸੇ ਕਾਰਨ ਲੋਕ ਅੱਜ ਵੀ ਇਸ ਸਰੋਵਰ ਦਾ ਜਲ ਭਰ ਕੇ ਆਪਣੇ ਘਰ ਲੈ ਜਾਂਦੇ ਹਨ।

**ਮਹਿਲ ਦੇ ਨਾਮ 'ਤੇ ਹੀ ਪਿਆ ਗੁਰਦੁਆਰੇ ਦਾ ਨਾਮ**

ਭਾਵੇਂ ਇਹ ਗੁਰਦੁਆਰਾ ਸਿੱਖਾਂ ਦੇ ਅੱਠਵੇਂ ਗੁਰੂ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਸਮਰਪਿਤ ਹੈ ਪਰ ਇਸ ਦਾ ਨਾਮ ਇਸ ਦੇ ਇਤਿਹਾਸ ਨਾਲ ਜੁੜਿਆ ਹੋਇਆ ਹੈ ਕਿਉਂਕਿ ਇਹ ਥਾਂ ਪਹਿਲਾਂ ਇੱਕ ਸ਼ਾਨਦਾਰ ਮਹਿਲ ਹੁੰਦੀ ਸੀ, ਇਸ ਲਈ ਇਸ ਗੁਰਦੁਆਰੇ ਦਾ ਨਾਮ 'ਬੰਗਲਾ ਸਾਹਿਬ' ਵੀ ਉਸੇ ਇਤਿਹਾਸ ਨਾਲ ਸਬੰਧਤ ਰੱਖਿਆ ਗਿਆ।



**ਗੁਰਦੁਆਰੇ ਦੇ ਕਪਾਟ ਕਦੇ ਬੰਦ ਨਹੀਂ ਹੁੰਦੇ**

ਇਸ ਗੁਰਦੁਆਰੇ ਦੀ ਖਾਸ ਗੱਲ ਇਹ ਹੈ ਕਿ ਇਹ ਸੱਤੋਂ ਦਿਨ ਖੁੱਲ੍ਹਾ ਰਹਿੰਦਾ ਹੈ। ਇਸ ਦੇ ਕਪਾਟ ਕਦੇ ਵੀ ਬੰਦ ਨਹੀਂ ਹੁੰਦੇ। ਇਸ ਤੋਂ ਇਲਾਵਾ ਇੱਥੋਂ ਕੋਈ ਵੀ ਵਿਅਕਤੀ ਭੁੱਖਾ ਨਹੀਂ ਜਾਂਦਾ, ਕਿਉਂਕਿ ਗੁਰਦੁਆਰਾ ਸਾਹਿਬ 'ਚ 24 ਘੰਟੇ ਲੰਗਰ ਚੱਲਦਾ ਹੈ।

# ਮਿਹਨਤ ਹੁੰਦੀ ਸਫਲਤਾ ਦੀ ਮਜ਼ਬੂਤ ਨੀਂਹ

ਹਰ ਬੱਚੇ ਦੇ ਮਨ 'ਚ ਕੋਈ ਨਾ ਕੋਈ ਸੁਪਨਾ ਜ਼ਰੂਰ ਹੁੰਦਾ ਹੈ। ਕੋਈ ਡਾਕਟਰ ਬਣਨਾ ਚਾਹੁੰਦਾ ਹੈ, ਕੋਈ ਅਧਿਆਪਕ, ਕੋਈ ਵਿਗਿਆਨੀ, ਕੋਈ ਖਿਡਾਰੀ ਤੇ ਕੋਈ ਕਲਾਕਾਰ। ਸੁਪਨੇ ਮਨੁੱਖ ਨੂੰ ਅੱਗੇ ਵਧਣ ਦੀ ਪ੍ਰੇਰਣਾ ਦਿੰਦੇ ਹਨ ਪਰ ਸਿਰਫ਼ ਸੁਪਨੇ ਦੇਖਣ ਨਾਲ ਹੀ ਉਹ ਪੂਰੇ ਨਹੀਂ ਹੁੰਦੇ। ਸੁਪਨਿਆਂ ਨੂੰ ਹਕੀਕਤ 'ਚ ਬਦਲਣ ਲਈ ਮਿਹਨਤ, ਲਗਨ, ਅਨੁਸ਼ਾਸਨ ਤੇ ਹੌਸਲੇ ਦੀ ਲੋੜ ਹੁੰਦੀ ਹੈ। ਜੇ ਸਫਲਤਾ ਨੂੰ ਸੁੰਦਰ ਇਮਾਰਤ ਮੰਨਿਆ ਜਾਵੇ ਤਾਂ ਮਿਹਨਤ ਉਸ ਦੀ ਸਭ ਤੋਂ ਮਜ਼ਬੂਤ ਨੀਂਹ ਹੈ। ਨੀਂਹ ਜਿੰਨੀ ਮਜ਼ਬੂਤ ਹੋਵੇਗੀ, ਇਮਾਰਤ ਵੀ ਨੀ ਹੀ ਟਿਕਾਊ ਹੋਵੇਗੀ।

ਬੱਚਿਆਂ ਲਈ ਇਹ ਗੱਲ ਸਮਝਣੀ ਬਹੁਤ ਜ਼ਰੂਰੀ ਹੈ ਕਿ ਜੀਵਨ ਵਿੱਚ ਕੋਈ ਵੀ ਵੱਡੀ ਪ੍ਰਾਪਤੀ ਇਕ ਦਿਨ 'ਚ ਨਹੀਂ ਮਿਲਦੀ। ਇਸ ਦੇ ਪਿੱਛੇ ਲੰਮਾ ਸੰਘਰਸ਼,



ਨਿਰੰਤਰ ਅਭਿਆਸ ਤੇ ਕਈ ਵਾਰ ਅਸਫਲਤਾਵਾਂ ਵੀ ਹੁੰਦੀਆਂ ਹਨ। ਜਿਹੜੇ ਬੱਚੇ ਛੋਟੀ ਉਮਰ ਤੋਂ ਹੀ ਮਿਹਨਤ ਦੀ ਆਦਤ ਪਾ ਲੈਂਦੇ ਹਨ, ਉਹ ਭਵਿੱਖ ਦੀਆਂ ਔਖੀਆਂ ਸਥਿਤੀਆਂ ਦਾ ਸਾਹਮਣਾ ਵਧੇਰੇ ਹਿੰਮਤ ਨਾਲ ਕਰ ਸਕਦੇ ਹਨ।

**ਮਿਹਨਤ ਦਾ ਕੋਈ ਬਦਲ ਨਹੀਂ**

ਅੱਜ ਦੇ ਸਮੇਂ 'ਚ ਬੱਚਿਆਂ ਕੋਲ ਪੜ੍ਹਾਈ ਲਈ ਕਿਤਾਬਾਂ ਦੇ ਨਾਲ-ਨਾਲ ਮੋਬਾਈਲ, ਇੰਟਰਨੈੱਟ ਤੇ ਹੋਰ ਡਿਜੀਟਲ ਸਾਧਨ ਵੀ ਹਨ। ਇਹ ਸਾਧਨ ਗਿਆਨ ਹਾਸਲ ਕਰਨ 'ਚ ਮਦਦਗਾਰ ਹੋ ਸਕਦੇ ਹਨ ਪਰ ਜੇ ਇਨ੍ਹਾਂ ਦੀ ਵਰਤੋਂ ਬੇਲੋੜੇ ਮਨੋਰ-ੰਜਨ ਵਿਚ ਜ਼ਿਆਦਾ ਹੋਵੇ ਤਾਂ ਇਹ ਬੱਚਿਆਂ ਦਾ ਕੀਮਤੀ ਸਮਾਂ ਵੀ ਖਾ ਸਕਦੇ ਹਨ। ਸਫਲਤਾ ਹਾਸਲ ਕਰਨ ਲਈ ਇਹ ਜ਼ਰੂਰੀ ਹੈ ਕਿ ਬੱਚੇ ਆਪਣੇ ਸਮੇਂ ਦੀ ਸਹੀ ਵਰਤੋਂ ਕਰਨ। ਕਈ ਵਾਰ ਬੱਚੇ ਸੋਚਦੇ ਹਨ ਕਿ ਜੇ ਉਹ ਬਹੁਤ ਹੁਸ਼ਿਆਰ ਹਨ ਤਾਂ ਉਨ੍ਹਾਂ ਨੂੰ ਜ਼ਿਆਦਾ ਮਿਹਨਤ ਕਰਨ ਦੀ ਲੋੜ ਨਹੀਂ, ਇਹ ਸੋਚ ਠੀਕ ਨਹੀਂ। ਪ੍ਰਤਿਭਾ ਮਨੁੱਖ ਨੂੰ ਸ਼ੁਰੂਆਤੀ ਫ਼ਾਇਦਾ ਦੇ ਸਕਦੀ ਹੈ ਪਰ ਉਸ ਪ੍ਰਤਿਭਾ ਨੂੰ ਨਿਖਾਰਨ ਲਈ ਮਿਹਨਤ ਜ਼ਰੂਰੀ ਹੈ। ਆਮ ਵਿਦਿਆਰਥੀ ਵੀ ਲਗਾਤਾਰ ਮਿਹਨਤ ਕਰ ਕੇ ਬਹੁਤ ਅੱਗੇ ਜਾ ਸਕਦਾ ਹੈ, ਜਦੋਂਕਿ ਬਿਨਾਂ ਮਿਹਨਤ ਦੇ ਚੰਗੀ ਪ੍ਰਤਿਭਾ ਵੀ ਹੌਲੀ-ਹੌਲੀ ਖ਼ਤਮ ਹੋ ਸਕਦੀ ਹੈ।

**ਛੋਟੇ ਕਦਮ ਵੱਡੀ ਮੰਜ਼ਿਲ**

ਬੱਚਿਆਂ ਨੂੰ ਇਹ ਨਹੀਂ ਸੋਚਣਾ ਚਾਹੀਦਾ ਕਿ ਉਹ ਇੱਕੋ ਦਿਨ 'ਚ ਵੱਡੀ ਸਫਲਤਾ ਹਾਸਲ ਕਰ ਲੈਣਗੇ। ਵੱਡੀਆਂ ਪ੍ਰਾਪਤੀਆਂ ਛੋਟੀਆਂ-ਛੋਟੀਆਂ ਕੋਸ਼ਿਸ਼ਾਂ ਨਾਲ ਬਣਦੀਆਂ ਹਨ। ਜੇ ਕੋਈ ਬੱਚਾ ਹਰ ਰੋਜ਼ ਥੋੜ੍ਹਾ ਸਮਾਂ ਪੜ੍ਹਾਈ ਲਈ ਵਧੇਰੇ ਲਗਾਉਂਦਾ ਹੈ, ਆਪਣੇ ਕਮਜ਼ੋਰ ਵਿਸ਼ੇ ਦੀ ਨਿਯਮਿਤ ਤਿਆਰੀ ਕਰਦਾ ਹੈ ਜਾਂ ਕਿਸੇ ਖੇਡ ਦਾ ਰੋਜ਼ ਅਭਿਆਸ ਕਰਦਾ ਹੈ ਤਾਂ ਕੁਝ ਸਮੇਂ ਬਾਅਦ ਉਸ ਦੀ ਕਾਰਗੁਜ਼ਾਰੀ 'ਚ ਵੱਡਾ ਬਦਲਾਅ ਨਜ਼ਰ ਆਵੇਗਾ। ਇਸ ਲਈ ਬੱਚਿਆਂ ਨੂੰ ਆਪਣੇ ਵੱਡੇ ਟੀਚੇ ਨੂੰ ਛੋਟੇ ਟੀਚਿਆਂ 'ਚ ਵੰਡ ਲੈਣਾ ਚਾਹੀਦਾ ਹੈ। ਉਦਾਹਰਨ ਵਜੋਂ ਜੇ ਕਿਸੇ ਵਿਦਿਆਰਥੀ ਨੇ ਪ੍ਰੀਖਿਆ 'ਚੋਂ ਚੰਗੇ ਅੰਕ ਪ੍ਰਾਪਤ ਕਰਨੇ ਹਨ ਤਾਂ ਉਹ ਸਾਰਾ ਸਿਲੇਬਸ ਇੱਕੋ ਵਾਰ ਯਾਦ ਕਰਨ ਦੀ ਬਜਾਏ ਰੋਜ਼ਾਨਾ ਕੁਝ ਪਾਠ ਪੂਰਾ ਕਰ ਸਕਦਾ ਹੈ। ਇਸ ਤਰ੍ਹਾਂ ਨਿਯਮਤ ਮਿਹਨਤ ਹੌਲੀ-ਹੌਲੀ ਵੱਡੀ ਸਫਲਤਾ ਦਾ ਰੂਪ ਧਾਰ ਲੈਂਦੀ ਹੈ।

**ਅਸਫਲਤਾ ਤੋਂ ਡਰਨਾ ਨਹੀਂ**

ਮਿਹਨਤ ਕਰਨ ਵਾਲੇ ਬੱਚੇ ਦੀ ਰਾਹ 'ਚ ਅਸਫਲਤਾ ਵੀ ਆ ਸਕਦੀ ਹੈ। ਕਈ ਵਾਰ ਬਹੁਤ ਤਿਆਰੀ ਕਰਨ ਦੇ ਬਾਵਜੂਦ ਮਨਚਾਹੇ ਨਤੀਜੇ ਨਹੀਂ ਮਿਲਦੇ। ਅਜਿਹੇ ਸਮੇਂ ਨਿਰਾਸ਼ ਹੋਣ ਦੀ ਬਜਾਏ ਆਪਣੀਆਂ ਕਮੀਆਂ ਨੂੰ ਪਛਾਣਨਾ ਚਾਹੀਦਾ ਹੈ। ਅਸਫਲਤਾ ਅੰਤ ਨਹੀਂ ਹੁੰਦੀ ਸਗੋਂ ਆਪਣੀਆਂ ਗਲਤੀਆਂ ਤੋਂ ਸਿੱਖਣ ਦਾ ਮੌਕਾ ਦਿੰਦੀ ਹੈ। ਜਿਵੇਂ ਜੇ ਕੋਈ ਬੱਚਾ ਪ੍ਰੀਖਿਆ ਵਿੱਚੋਂ ਘੱਟ ਅੰਕ ਲੈਂਦਾ ਹੈ ਤਾਂ ਉਸ ਨੂੰ ਆਪਣੇ ਆਪ ਨੂੰ ਕਮਜ਼ੋਰ ਨਹੀਂ ਸਮਝਣਾ ਚਾਹੀਦਾ। ਉਸ ਨੂੰ ਦੇਖਣਾ ਚਾਹੀਦਾ ਹੈ ਕਿ ਕਿਹੜੇ ਵਿਸ਼ੇ 'ਚ ਕਮੀ ਰਹੀ, ਕਿੱਥੇ ਸਮਾਂ ਘੱਟ ਦਿੱਤਾ ਗਿਆ ਤੇ ਕਿਹੜੀ ਗ਼ਲਤੀ ਦੁਬਾਰਾ ਨਹੀਂ ਕਰਨੀ। ਇਸ ਤਰ੍ਹਾਂ ਅਸਫਲਤਾ ਵੀ ਸਫਲਤਾ ਵੱਲ ਲੈ ਜਾਣ ਵਾਲੀ ਪੌੜੀ ਬਣ ਸਕਦੀ ਹੈ।

**ਵਧਦਾ ਹੈ ਆਤਮ-ਵਿਸ਼ਵਾਸ**

ਜਦੋਂ ਬੱਚਾ ਕਿਸੇ ਕੰਮ ਲਈ ਮਿਹਨਤ ਕਰਦਾ ਹੈ ਤੇ ਆਪਣੀ ਤਰੱਕੀ ਨੂੰ ਆਪਣੀਆਂ ਅੱਖਾਂ ਨਾਲ ਵੇਖਦਾ ਹੈ ਤਾਂ ਉਸ ਦਾ ਆਤਮ-ਵਿਸ਼ਵਾਸ ਵਧਦਾ ਹੈ। ਪਹਿਲਾਂ ਔਖਾ ਲੱਗਣ ਵਾਲਾ ਕੰਮ ਜਦੋਂ ਅਭਿਆਸ ਨਾਲ ਆਸਾਨ ਹੋਣ ਲੱਗਦਾ ਹੈ ਤਾਂ ਬੱਚੇ ਨੂੰ ਆਪਣੇ ਅੰਦਰ ਦੀ ਸਮਰੱਥਾ ਦਾ ਅਹਿਸਾਸ ਹੁੰਦਾ ਹੈ। ਇਹ ਆਤਮ-ਵਿਸ਼ਵਾਸ ਉਸ ਨੂੰ ਨਵੀਆਂ ਚੁਣੌਤੀਆਂ ਸਵੀਕਾਰ ਕਰਨ ਲਈ ਤਿਆਰ ਕਰਦਾ ਹੈ। ਇਸ ਲਈ ਮਾਪਿਆਂ ਤੇ ਅਧਿਆਪਕਾਂ ਨੂੰ ਵੀ ਬੱਚਿਆਂ ਦੇ ਸਿਰਫ਼ ਨਤੀਜਿਆਂ ਦੀ ਬਜਾਏ ਉਨ੍ਹਾਂ ਦੀ ਮਿਹਨਤ ਦੀ ਸ਼ਲਾਘਾ ਕਰਨੀ ਚਾਹੀਦੀ ਹੈ। ਜਦੋਂ ਬੱਚੇ ਨੂੰ ਇਹ ਮਹਿਸੂਸ ਹੁੰਦਾ ਹੈ ਕਿ ਉਸ ਦੀ ਕੋਸ਼ਿਸ਼ ਦੀ ਕਦਰ ਕੀਤੀ ਜਾ ਰਹੀ ਹੈ ਤਾਂ ਉਹ ਹੋਰ ਉਤਸ਼ਾਹ ਨਾਲ ਮਿਹਨਤ ਕਰਦਾ ਹੈ।

**ਖ਼ੁਦ ਨਾਲ ਕਰੋ ਮੁਕਾਬਲਾ**

ਬੱਚਿਆਂ ਵਿਚ ਇਕ ਵੱਡੀ ਸਮੱਸਿਆ ਇਹ ਵੀ ਵੇਖਣ ਨੂੰ ਮਿਲਦੀ ਹੈ ਕਿ ਉਹ ਆਪਣੇ ਆਪ ਦੀ ਤੁਲਨਾ ਦੂਜੇ ਬੱਚਿਆਂ ਨਾਲ ਕਰਨ ਲੱਗ ਪੈਂਦੇ ਹਨ। ਕਿਸੇ ਦੇ ਅੰਕ ਵੱਧ ਆ ਜਾਣ ਜਾਂ ਕੋਈ ਖੇਡ 'ਚ ਅੱਗੇ ਨਿਕਲ ਜਾਵੇ ਤਾਂ ਬੱਚਾ ਆਪਣੇ ਆਪ ਨੂੰ ਘੱਟ ਸਮਝਣ ਲੱਗਦਾ ਹੈ। ਅਜਿਹੀ ਤੁਲਨਾ ਉਸ ਦਾ ਹੌਸਲਾ ਘਟਾ ਸਕਦੀ ਹੈ। ਬੱਚਿਆਂ ਨੂੰ ਦੂਜਿਆਂ ਨਾਲ ਮੁਕਾਬਲਾ ਕਰਨ ਦੀ ਬਜਾਏ ਆਪਣੇ ਪਿਛਲੇ ਪ੍ਰਦਰਸ਼ਨ ਨਾਲ ਮੁਕਾਬਲਾ ਕਰਨਾ ਚਾਹੀਦਾ ਹੈ। ਜੇ ਅੱਜ ਉਹ ਕੱਲ੍ਹ ਨਾਲੋਂ ਕੁਝ ਬਿਹਤਰ ਕਰ ਰਹੇ ਹਨ ਤਾਂ ਇਹ ਵੀ ਸਫਲਤਾ ਹੈ। ਮਿਹਨਤ ਦਾ ਅਸਲ ਮਕਸਦ ਦੂਜਿਆਂ ਨੂੰ ਪਿੱਛੇ ਛੱਡਣਾ ਨਹੀਂ ਸਗੋਂ ਆਪਣੇ ਆਪ ਨੂੰ ਹਰ ਦਿਨ ਬਿਹਤਰ ਬਣਾਉਣਾ ਹੈ।

**ਅੱਜ ਦੀ ਮਿਹਨਤ ਕੱਲ੍ਹ ਦੀ ਕਾਮਯਾਬੀ**

ਬੱਚਿਆਂ ਦਾ ਅੱਜ ਕੀਤਾ ਗਿਆ ਛੋਟਾ ਜਿਹਾ ਉਪਰਾਲਾ ਹੀ ਉਨ੍ਹਾਂ ਦੇ ਕੱਲ੍ਹ ਦਾ ਰਾਹ ਤੈਅ ਕਰਦਾ ਹੈ। ਕਿਤਾਬ ਦੇ ਕੁਝ ਸਫ਼ੇ ਪੜ੍ਹਨਾ ਔਖੇ ਸਵਾਲ ਨੂੰ ਮੁੜ ਹੱਲ ਕਰਨਾ, ਖੇਡ ਦਾ ਅਭਿਆਸ ਕਰਨਾ, ਕੋਈ ਨਵਾਂ ਹੁਨਰ ਸਿੱਖਣਾ ਜਾਂ ਆਪਣੀ ਗਲਤੀ ਨੂੰ ਸੁਧਾਰਨਾ, ਇਹ ਸਾਰੇ ਕਦਮ ਭਵਿੱਖ ਦੀ ਸਫਲਤਾ ਦੀ ਨੀਂਹ ਮਜ਼ਬੂਤ ਕਰਦੇ ਹਨ। ਸਫਲਤਾ ਕਿਸੇ ਜਾਦੂ ਦਾ ਨਤੀਜਾ ਨਹੀਂ ਹੁੰਦੀ। ਇਸ ਦੇ ਪਿੱਛੇ ਲਗਾਤਾਰ ਮਿਹਨਤ, ਧੀਰਜ, ਅਨੁਸ਼ਾਸਨ ਤੇ ਹੌਸਲਾ ਹੁੰਦਾ ਹੈ। ਜਿਹੜੇ ਬੱਚੇ ਅੱਜ ਮਿਹਨਤ ਕਰਨ ਤੋਂ ਨਹੀਂ ਡਰਦੇ, ਉਹੀ ਕੱਲ੍ਹ ਆਪਣੇ ਸੁਪਨਿਆਂ ਨੂੰ ਸਾਕਾਰ ਕਰਨ ਦੇ ਵਧੇਰੇ ਸਮਰੱਥ ਹੁੰਦੇ ਹਨ। ਬੱਚਿਆਂ ਨੂੰ ਇਹ ਗੱਲ ਹਮੇਸ਼ਾ ਯਾਦ ਰੱਖਣੀ ਚਾਹੀਦੀ ਹੈ ਕਿ ਕਿਸਮਤ ਕਈ ਵਾਰ ਮੌਕਾ ਦੇ ਸਕਦੀ ਹੈ ਪਰ ਉਸ ਮੌਕੇ ਨੂੰ ਸਫਲਤਾ ਵਿਚ ਬਦਲਣ ਲਈ ਮਿਹਨਤ ਦੀ ਲੋੜ ਹੁੰਦੀ ਹੈ। ਮਿਹਨਤ ਮਨੁੱਖ ਨੂੰ ਸਿਰਫ਼ ਮੰਜ਼ਿਲ ਤੱਕ ਨਹੀਂ ਪਹੁੰਚਾਉਂਦੀ ਸਗੋਂ ਉਸ ਨੂੰ ਸੰਘਰਸ਼ ਕਰਨਾ, ਡਿੱਗ ਕੇ ਉੱਠਣਾ ਤੇ ਆਪਣੀਆਂ ਕਮੀਆਂ ਨੂੰ ਸੁਧਾਰਨਾ ਵੀ ਸਿਖਾਉਂਦੀ ਹੈ। ਇਸ ਲਈ ਜੇ ਬੱਚੇ ਆਪਣੇ ਸੁਪਨਿਆਂ ਨੂੰ ਸੱਚ ਕਰਨਾ ਚਾਹੁੰਦੇ ਹਨ ਤਾਂ ਉਹ ਅੱਜ ਤੋਂ ਹੀ ਮਿਹਨਤ ਨੂੰ ਆਪਣਾ ਸਾਥੀ ਬਣਾਉਣ ਕਿਉਂਕਿ ਮਿਹਨਤ ਹੀ ਉਹ ਮਜ਼ਬੂਤ ਨੀਂਹ ਹੈ, ਜਿਸ ਉੱਤੇ ਸਫਲਤਾ ਦੀ ਸੁੰਦਰ ਇਮਾਰਤ ਖੜ੍ਹੀ ਹੁੰਦੀ ਹੈ।

**– ਲੀਜ਼ਾ**

# ਚੁੱਪ-ਚਪੀਤੇ ਆ ਰਹੀ ਮੌਤ

**(ਸਫਾ 17 ਦੀ ਬਾਕੀ)**

ਸਮਰੱਥਾ ਨੂੰ ਘੱਟ ਕਰ ਦਿੰਦਾ ਹੈ। ਇਹ ਸਥਿਤੀ ਸਿਗਰਟ ਪੀਣ ਨਾਲੋਂ ਕਿਤੇ ਵੱਧ ਘਾਤਕ ਹੈ ਤੇ ਸ਼ਰਾਬ ਪੀਣ ਨਾਲੋਂ 3 ਗੁਣਾਂ ਵੱਧ ਖ਼ਤਰਨਾਕ ਹੈ। ਉੱਤਰੀ ਭਾਰਤੀ ਰਾਜਾਂ 'ਚ ਜੇਕਰ ਬਾਰਸ਼ ਹੁੰਦੀ ਤੇ ਇਸ ਮਗਰੋਂ ਹਵਾਵਾਂ ਚਲਦੀਆਂ ਤਾਂ ਹਵਾ ਦੀ ਗੁਣਵਤਾ 'ਚ ਕੁਝ ਸੁਧਾਰ ਹੋ ਸਕਦਾ ਸੀ ਪਰ ਜਦੋਂ ਅਜਿਹਾ ਨਹੀਂ ਹੁੰਦਾ ਤਾਂ ਧੀਮੀ ਮੌਤ ਦਾ ਪ੍ਰਕੋਪ ਲਗਾਤਾਰ ਬਰਕਰਾਰ ਹੈ। ਅਸੀਂ ਭਾਰਤੀ ਲੋਕ ਸਭ ਤਰ੍ਹਾਂ ਦੇ ਮਸਲਿਆਂ ਲਈ ਗੰਭੀਰ ਹਾਂ। ਇਹ ਮਸਲੇ ਚਾਹੇ ਰਾਜਨੀਤਕ ਹੋਣ ਸਮਾਜਿਕ ਹੋਣ ਜਾਂ ਧਾਰਮਿਕ ਹੋਣ ਇਸ ਲਈ ਅਸੀਂ ਇਕੱਠੇ ਹੋ ਸੜਕਾਂ 'ਤੇ ਨਿਕਲ ਆਉਂਦੇ ਹਾਂ। ਆਪਣੇ ਆਪ ਦਾ ਵਿਖਾਵਾ ਕਰਨ , ਵੱਡੀਆਂ ਗੱਡੀਆਂ, ਉੱਚੀਆਂ ਕੋਠੀਆਂ, ਮਹਿੰਗੇ ਕੱਪੜੇ ਅਤੇ ਸਮਾਗਮਾਂ ਤੇ ਬੇਤਹਾਸ਼ਾ ਪੈਸਾ ਖ਼ਰਚ ਕਰਕੇ ਅਸੀਂ ਆਪਣੀ ਹਾਊਮੈ ਨੂੰ ਪੱਠੇ ਪਾਉਣ ਦੀ ਕੋਈ ਕਸਰ ਅਸੀਂ ਬਾਕੀ ਨਹੀਂ ਰਹਿਣ ਦੇਂਦੇ ਪਰ ਜਿੱਥੇ ਜੀਵਨ ਦਾ ਮਸਲਾ ਹੁੰਦਾ ਹੈ, ਜਿੱਥੇ ਸਾਡੀ ਜ਼ਿੰਦਗੀ ਨਾਲ ਸਿੱਧੇ ਤੌਰ 'ਤੇ ਜੀਵਨ ਨੂੰ ਪ੍ਰਭਾਵਤ ਕਰਨ ਵਾਲੇ ਸੰਕਟ ਹੁੰਦੇ ਹਨ, ਉੱਥੇ ਅਸੀਂ ਅਕਸਰ ਖਾਮੋਸ਼ ਰਹਿੰਦੇ ਹਾਂ। ਵਿਚਾਰਨ ਵਾਲੀ ਗੱਲ ਇਹ ਇਸ ਧੀਮੀ ਮੌਤ ਦੇ ਮਨੁੱਖ ਵੱਲੋਂ ਸਿਰਜੇ ਬਿਰਤਾਂਤ 'ਚ ਵੱਡੇ ਤੋਂ ਵੱਡੇ ਰਾਜਨੀਤਕ ਲੋਕਾਂ ਤੋਂ ਲੈ ਕੇ ਆਮ ਲੋਕ ਵੀ ਸਾਹ ਲੈਂਦੇ ਹਨ ਕਿ ਪਰ ਮਜਾਲ ਕੀ ਕਿ ਕਿਸੇ ਮੰਚ 'ਤੇ, ਕਿਸੇ ਚੈਨਲ 'ਤੇ ਜਾਂ ਕਿਸੇ ਸਭਾ ਇਕੱਠ 'ਚ ਇਸ ਸਬੰਧੀ ਗੰਭੀਰ ਚਰਚਾ ਹੋਈ ਹੋਵੇ। ਅਸੀਂ ਲੱਖਾਂ ਭਾਰਤੀ ਲੋਕ ਪਿਛਲੇ ਦੋ ਮਹੀਨਿਆਂ ਤੋਂ ਇਸ ਭਿਆਨਕ ਮੌਤ ਦੇ ਮਾਹੌਲ 'ਚ ਸਾਹ ਲੈ ਰਹੇ ਹਾਂ ਪਰ ਇਸ ਪ੍ਰਤੀ ਜੋ ਫਿਕਰਮੰਦੀ ਹੋਣੀ ਚਾਹੀਦੀ ਸੀ ਉਹ ਫ਼ਿਕਰ ਕਿੱਥੇ ਹੈ? ਇਸ ਸਬੰਧੀ ਜਦੋਂ ਮੈਂ ਆਪਣੇ ਦੋਸਤ ਮੋਗੇ ਦੇ ਇਕ ਮਸ਼ਹੂਰ ਦਿਲ ਦੇ ਮਾਹਿਰ ਡਾਕਟਰ ਨਾਲ ਇਸ ਸਬੰਧੀ ਗੱਲ ਕੀਤੀ ਤਾਂ ਉਸ ਦੱਸਿਆ ਕਿ ਇਨ੍ਹਾਂ ਦਿਨਾਂ ਦੌਰਾਨ ਬਹੁਤ ਘੱਟ ਉਮਰ ਦੇ ਲੋਕ ਵੀ ਦਿਲ ਦੇ ਰੋਗਾਂ ਦੇ ਮਰੀਜ਼ ਬਣਕੇ ਆ ਰਹੇ ਹਨ। ਪੰਜਾਬ 'ਚ ਇਹ ਉਹ ਦਿਨ ਹੁੰਦੇ ਹਨ, ਜਿਨ੍ਹਾਂ ਦਿਨਾਂ ਦੌਰਾਨ ਲੋਕਾਂ ਨੂੰ ਮੌਤਾਂ ਦੇ ਭੋਗਾਂ ਦੇ ਵੱਧ ਸੱਦੇ ਆਉਣ ਲੱਗਦੇ ਹਨ। ਹਰ ਸਾਲ ਮੌਤ ਦੇ ਇਸ ਬਿਰਤਾਂਤ ਦੀ ਸ਼ੁਰੂਆਤ ਨਵੰਬਰ ਮਹੀਨੇ ਤੋਂ ਹੁੰਦੀ ਹੈ। ਇਸੇ ਸਮੇਂ 'ਚ ਹੀ ਦਿਵਾਲੀ ਦੌਰਾਨ ਉੱਤਰੀ ਭਾਰਤ 'ਚ ਬੇਤਹਾਸ਼ ਪਟਾਕੇ ਚਲਾਏ ਜਾਂਦੇ ਹਨ। ਕੀ ਦਿਵਾਲੀ, ਗੁਰਪੂਰਬ ਤੇ ਵਿਆਹ ਸ਼ਾਦੀਆਂ, ਜਨਮ ਦਿਨਾਂ ਦੌਰਾਨ ਚਲਾਏ ਜਾਂਦੇ ਪਟਾਕੇ ਬੰਦ ਨਹੀਂ ਕੀਤੇ ਜਾ ਸਕਦੇ? ਹੁਣ ਸਮਾਂ ਆ ਗਿਆ ਹੈ ਕਿ ਦੇਸ਼ 'ਚ ਪਟਾਕਿਆਂ ਨੂੰ ਬਣਾਉਣ ਜਾਂ ਇਹਨਾਂ ਦੀ ਵਿਕਰੀ ਤੇ ਪੂਰਨ ਤੌਰ 'ਤੇ ਪਾਬੰਦੀ ਲਾਈ ਜਾਣੀ ਚਾਹੀਦੀ ਹੈ। ਸਾਡੇ ਲੋਕਾਂ ਨੂੰ ਇਹ ਵੀ ਸਮਝਣਾ ਚਾਹੀਦਾ ਹੈ ਕਿ ਪਟਾਕੇ ਇਤਿਹਾਸਕ ਤੌਰ 'ਤੇ ਕਿਸੇ ਤਿਉਹਾਰ ਨਾਲ ਜੁੜੀ ਹੋਈ ਰਸਮ ਨਹੀਂ ਹਨ। ਦਿਵਾਲੀ ਦੇ ਤਿਉਹਾਰ ਦੌਰਾਨ ਅਸੀਂ ਮਹਾਂਨਗਰਾਂ, ਸ਼ਹਿਰਾਂ, ਕਸਬਿਆਂ ਨੂੰ ਇੰਨਾ ਪਲੀਤ ਕਰ ਦਿੰਦੇ ਹਾਂ ਕਿ ਇਹਨਾਂ ਤੋਂ ਧੂੰਏ ਦੇ ਬੱਦਲਾਂ ਦੇ ਵੱਡੇ ਗੁਬਾਰ ਉੱਠਦੇ ਹਨ ਅਤੇ ਹਵਾ ਵਿੱਚ ਨਮੀ ਹੋਣ ਕਰਕੇ ਇਹ ਧੂੰਆਂ ਫਿਰ ਅਗਲੇ ਮਹੀਨਿਆਂ ਦੌਰਾਨ (ਜਿਵੇਂ ਇਸ ਵਾਰ ਹੋਇਆ ਹੈ) ਉੱਡ ਕੇ ਕਿਸੇ ਪਾਸੇ ਜਾਂਦਾ ਨਹੀਂ ਬਲਕਿ ਸਾਡੀ ਸਭ ਲਈ ਜਾਨ ਦਾ ਖੌਅ ਬਣਕੇ ਸਾਡੇ ਆਲੇ ਦੁਆਲੇ ਮੌਤ ਦਾ ਬਿਰਤਾਂਤ ਸਿਰਜਦਾ ਹੈ। ਇਹਨਾਂ ਹੀ ਦਿਨਾਂ ਦੌਰਾਨ ਝੋਨੇ ਦੀ ਪਰਾਲੀ ਨੂੰ ਅੱਗਾਂ ਲੱਗਦੀਆਂ ਹਨ। ਇਸ ਰਾਹੀਂ ਮੀਥੇਨ ਗੈਸ ਵੱਡੀ ਮਾਤਰਾ ਵਿੱਚ ਹਵਾ ਵਿੱਚ ਘੁਲਦੀ ਹੈ। ਚਾਹੀਦਾ ਇਹ ਹੈ ਕਿ ਪਟਾਕਿਆਂ 'ਤੇ ਪੂਰਨ ਤੌਰ ਤੇ ਪਾਬੰਦੀ ਹੋਵੇ ਜਾਂ ਇਹਨਾਂ ਦੀ ਵਿਕਰੀ 'ਤੇ ਇੰਨਾ ਟੈਕਸ ਲਗਾ ਦਿੱਤਾ ਜਾਵੇ ਕਿ ਇਹਨਾਂ ਨੂੰ ਖ਼ਰੀਦਣ ਵਾਲਾ ਸੌ ਵਾਰ ਸੋਚੇ। ਸਾਡਾ ਪੰਜਾਬੀਆਂ ਦਾ ਇਹ ਖਾਸਾ ਹੈ ਕਿ ਅਸੀਂ ਰਾਜਨੀਤਕ ਤੇ ਧਾਰਮਿਕ ਮਾਮਲਿਆਂ ਪ੍ਰਤੀ ਅਕਸਰ ਸੰਵੇਦਨਸ਼ੀਲ ਰਹਿੰਦੇ ਹਾਂ ਪਰ ਜਿੱਥੇ ਜੀਵਨ ਨਾਲ ਜੁੜੇ ਮਸਲੇ ਹੋਣ ਉੱਥੇ ਅਸੀਂ ਬਿਲਕੁਲ ਹੀ ਗੰਭੀਰ ਨਹੀਂ ਹਾਂ। ਇਹ ਭਾਵੇਂ ਸਿਹਤ ਸਬੰਧੀ ਮਸਲੇ ਹੋਣ, ਦਰਿਆਵਾਂ ਦਾ ਪਲੀਤ ਹੋ ਰਿਹਾ ਪਾਣੀ, ਖਾਣ ਪੀਣ ਦੀਆਂ ਚੀਜਾਂ ਜਾਂ ਹਵਾ ਪਾਣੀ ਅਤੇ ਮਿੱਟੀ ਦੀ ਬਰਬਾਦੀ ਦਾ ਮਸਲਾ ਹੋਵੇ ਅਸੀਂ ਇਸ ਪ੍ਰਤੀ ਇੰਨੇ ਗੰਭੀਰ ਜਿੰਨੇ ਸਾਨੂੰ ਹੋਣਾ ਚਾਹੀਦਾ ਹੈ।

# ਲੋਕਤੰਤਰ ਲਈ ਚੰਗੀ ਨਹੀਂ ਸੰਸਥਾਵਾਂ ’ਤੇ ਰਾਜਨੀਤੀ ਕਰਨੀ

**ਰਾਹੁਲ ਵਰਮਾ**

ਹਾਲ ਹੀ ’ਚ ਵਿਰੋਧੀ ਧਿਰ ਦੀ ਸਿਆਸਤ ਦੀਆਂ ਨਵੀਆਂ ਤਲਖ਼ੀਆਂ ਦੇਖਣ ਨੂੰ ਮਿਲੀਆਂ ਹਨ। ਉਸ ਦੀਆਂ ਤਲਖ਼ੀਆਂ ਦੀ ਤਪਸ਼ ਮੁੱਖ ਰੂਪ ਵਿਚ ਚੋਣ ਕਮਿਸ਼ਨ ਤੇ ਉਸ ਵੱਲੋਂ ਕਰਵਾਈ ਜਾ ਹੀ ਵੋਟਰ ਸੂਚੀਆਂ ਦੀ ਮੁੜ ਸੁਧਾਈ ਯਾਨੀ ਕਿ ਐੱਸਆਈਆਰ ਦੀ ਪ੍ਰਕਿਰਿਆ ਨੂੰ ਝੱਲਣਾ ਪੈ ਰਿਹਾ ਹੈ। ਬੀਤੇ ਦਿਨੀਂ ਮੁੱਖ ਚੋਣ ਕਮਿਸ਼ਨਰ ਅਤੇ ਦੋਵਾਂ ਕਮਿਸ਼ਨਰਾਂ ਵਿਚਾਰੇ ਇਕ ਅੰਗ੍ਰੇਜ਼ੀ ਰੋਜ਼ਾਨਾ ’ਚ ਛਪੀ ਖ਼ਬਰ ਦੇ ਬਾਅਦ ਚੋਣ ਕਮਿਸ਼ਨ ਨੂੰ ਲੈ ਕੇ ਵਿਰੋਧੀ ਤੇ ਮੁੱਖ ਰੂਪ ’ਚ ਕਾਂਗਰਸ ਨਵੇਂ ਸਿਰੇ ਤੋਂ ਹਮਲਾਵਰ ਹੋਈ ਹੈ। ਇਸੇ ਸਿਲਸਿਲੇ ਵਿਚ ਕਾਂਗਰਸ ਨੇ 30 ਸਤੰਬਰ ਨੂੰ ਆਈ ਐੱਨ ਡੀ ਆਈ ਏ ਦੀ ਬੈਠਕ ਸੱਦੀ ਤੇ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਦੇ ਖ਼ਿਲਾਫ਼ ਮੁਹਿੰਮ ਚਲਾਉਣ ਦਾ ਵੀ ਐਲਾਨ ਕੀਤਾ। ਕਾਕਰੋਚ ਜਨਤਾ ਪਾਰਟੀ ਯਾਨੀ ਕੇ ਸੀਜੇਪੀ ਨੇ ਵੀ ਗਿਆਨੇਸ਼ ਕੁਮਾਰ ਦੇ ਅਸਤੀਫ਼ੇ ਦੀ ਮੰਗ ਨੂੰ ਲੈ ਕੇ ਦੋ ਅਕਤੂਬਰ ਨੂੰ ਮੁੰਬਈ ਵਿਚ ਵਿਰੋਧ ਪ੍ਰਦਰਸ਼ਨ ਦਾ ਸੱਦਾ ਦਿੱਤਾ ਹੈ। ਇਸ ਘਟਨਾਕ੍ਰਮ ਨੂੰ ਦੇਖਦਿਆਂ ਇਹ ਸਵਾਲ ਉੱਠਣਾ ਸੁਭਾਵਿਕ ਹੈ ਕਿ ਚੋਣ ਕਮਿਸ਼ਨ ਤੇ ਐੱਸਆਈਆਰ ਦਾ ਮੁੱਦਾ ਕੀ ਵਿਰੋਧੀ ਦਲਾਂ ਦੇ ਲਈ ਸੰਜੀਵਨੀ ਸਾਬਤ ਹੋ ਸਕਦਾ ਹੈ ਅਤੇ ਉਨ੍ਹਾਂ ਵਿਚ ਇਸ ਮੁੱਦੇਸ ਦੇ ਕਾਰਨ ਏਕਤਾ ਦਾ ਭਾਵ ਵਧੇਗੀ? ਜਿੱਥੋਂ ਤੱਕ ਐੱਸਆਈਆਰ ਦੀ ਗੱਲ ਹੈ ਤਾਂ ਬੇਸ਼ੱਕ ਹੀ ਇਸ ਨੂੰ ਲੈ ਕੇ ਕੁਝ ਵਿਵਾਦ ਖੜ੍ਹੇ ਹੋਏ ਹਨ, ਪਰ ਇਹ ਇਕ ਬੇਹੱਦ ਜ਼ਰੂਰੀ ਪ੍ਰਕਿਰਿਆ ਹੈ। ਜੇਕਰ ਚੋਣ ਕਮਿਸ਼ਨ ਨੂੰ ਇਹ ਮੂਲ ਰੂਪ ਵਿਚ ਕਰਤੱਵ ਮਿਲਿਆ ਹੈ ਕਿ ਉਹ ਦੇਸ਼ ਵਿਚ ਆਜ਼ਾਦ ਅਤੇ ਨਿਰਪੱਖ ਚੋਣ ਕਰਵਾਏ ਤਾਂ ਇਸ ਸੰਵਿਧਾਨਿਕ ਸੰਸਥਾ ਦੀ ਇਹ ਭੂਮਿਕਾ ਵੀ ਓਨੀ ਹੀ ਮਹੱਤਵਪੂਰਨ ਹੈ ਕਿ ਚੋਣ ਪ੍ਰਕਿਰਿਆ ਵਿਚ ਜਾਇਜ਼ ਵੋਟਰ ਹੀ ਸ਼ਾਮਿਲ ਹੋਣ। ਜਾਇਜ਼ ਜਾਂ ਫਿਰ ਸਹੀ ਵੋਟਰਾਂ ਦੇ ਬਗ਼ੈਰ ਆਜ਼ਾਦ ਤੇ ਨਿਰਪੱਖ ਚੋਣ ਦਾ ਕੋਈ ਅਰਥ ਨਹੀਂ ਰਹਿ ਜਾਂਦਾ। ਇਸ ਉਦੇਸ਼ ਦੀ ਪੂਰਤੀ ਲਈ ਐੱਸਆਈਆਰ ਵਰਗੀਆਂ ਪ੍ਰਕਿਰਿਆਵਾਂ ਹੋਰ ਵੀ ਮਹੱਤਵਪੂਰਨ ਹੋ ਜਾਂਦੀਆਂ ਹਨ। ਭਾਰਤ ਵਰਗੇ ਵੱਡੇ ਅਤੇ ਵਿਭਿੰਨਤਾ ਨਾਲ ਭਰੇ ਹੋਏ ਲੋਕਤੰਤਰ ਵਿਚ ਵੋਟਰ ਸੂਚੀਆਂ ਵਿਚ ਗੜਬੜੀਆਂ ਆਮ ਗੱਲ ਹੈ। ਅਜਿਹਾ ਇਸ ਲਈ ਹੈ ਕਿਉਂਕਿ ਕੁਝ ਵੋਟਰਾਂ ਦੀ ਮੌਤ ਤੋਂ ਬਾਅਦ ਜਾਂ ਸਥਾਨ ਬਦਲਣ ਤੇ ਜਾਂ ਫਿਰ ਇਕ ਤੋਂ ਵੱਧ ਥਾਵਾਂ ’ਤੇ ਵੋਟਰ ਦੇ ਰੂਪ ਵਿਚ ਮੌਜੂਦਗੀ ਨਾਲ ਗੜਬੜੀਆਂ ਵਧਦੀਆਂ ਹਨ, ਜਿਨ੍ਹਾਂ ਨੂੰ ਸਮੇਂ-ਸਮੇਂ ’ਤੇ ਦੂਰ ਕੀਤਾ ਜਾਣਾ ਬੇਹੱਦ ਜ਼ਰੂਰੀ ਹੋ ਜਾਂਦਾ ਹੈ। ਇਹ ਸ਼ੁੱਧੀਕਰਨ ਵੀ ਕੋਈ ਸੌਖਾ ਕੰਮ ਨਹੀਂ ਹੈ। ਕਿਉਂਕਿ ਇਹ ਪ੍ਰਕਿਰਿਆ ਇੰਨੇ ਵੱਡੇ ਪੈਮਾਨੇ ’ਤੇ ਹੋ ਰਹੀ ਹੈ, ਇਸ ਲਈ ਉਸ ਵਿਚ ਕਮੀਆਂ ਦਾ ਰਹਿ ਜਾਣਾ ਵੀ ਬਹੁਤ ਹੀ ਆਮ ਗੱਲ ਹੈ। ਚੋਣ ਕਮਿਸ਼ਨ ਨੂੰ ਇਹ ਵੀ ਯਕੀਨੀ ਬਣਾਉਣਾ ਹੋਵੇਗਾ ਕਿ ਇਸ ਪ੍ਰਕਿਰਿਆ ਵਿਚ ਸਾਹਮਣੇ ਆਉਣ ਵਾਲੀਆਂ ਗੜਬੜੀਆਂ ਨੂੰ ਤੁਰੰਤ ਪ੍ਰਭਾਵ ਨਾਲ ਸੁਧਾਰਿਆ ਜਾਵੇ, ਤਾਂ ਕਿ ਉਸ ’ਤੇ ਕਿਸੇ ਵੀ ਤਰੀਕੇ ਦੀਆਂ ਉਂਗਲਾਂ ਨਾ ਉੱਠ ਸਕਣ।

ਐੱਸਆਈਆਰ ਦੀ ਪ੍ਰਕਿਰਿਆ ਵਿਚ ਕਮੀਆਂ ਦਾ ਮੁੱਦਾ ਉਠਾ ਕੇ ਹੀ ਵਿਰੋਧੀ ਧਿਰ ਇਸ ਨੂੰ ਲੈ ਕੇ ਆਪਣਾ ਨੈਰੇਟਿਵ ਬਣਾਉਣ ਵਿਚ ਲੱਗੀ ਹੋਈ ਹੈ। ਐੱਸਆਈਆਰ ਦੀ ਪ੍ਰਕਿਰਿਆ ਬਿਹਾਰ ਵਿਧਾਨ ਸਭਾ ਚੋਣਾਂ ਦੇ ਨਾਲ ਸ਼ੁਰੂ ਹੋਈ, ਪਰ ਵਿਰੋਧੀ ਧਿਰ ਖ਼ਾਸਕਰ ਕਾਂਗਰਸ ਮਹਾਂਰਾਸ਼ਟਰ ਵਿਧਾਨ ਸਭਾ ਚੋਣ ਨਤੀਜਿਆਂ ਦੇ ਬਾਅਦ ਹੀ ਵੋਟ ਚੋਰੀ ਦਾ ਮੁੱਦਾ ਬਣਾਉਣ ਵਿਚ ਲੱਗੀ ਹੋਈ ਹੈ। ਉਸ ਦੇ ਬਾਅਦ ਕਈ ਥਾਵਾਂ ’ਤੋਂ ਚੋਣਾਂ ਵੀ ਹੋ ਚੁੱਕੀਆਂ ਹਨ ਪਰ ਲੱਗਦਾ ਹੈ ਕਿ ਇਸ ਮੁੱਦੇ ਦਾ ਕੋਈ ਖ਼ਾਸ ਅਸਰ ਨਹੀਂ ਹੋਇਆ ਹੈ। ਹੁਣ ਤਾਂ ਰਾਹੁਲ ਗਾਂਧੀ 2024 ਦੀ ਲੋਕ ਸਭਾ ਚੋਣ ਨੂੰ ਵੀ ਵੋਟ ਚੋਰੀ ਦੇ ਨਾਲ ਜੋੜ ਰਹੇ ਹਨ ਪਰ ਇਹ ਵੀ ਇਕ ਵੱਡਾ ਸਵਾਲ ਹੈ ਕਿ ਕੀ ਉਨ੍ਹਾਂ ਦਾ ਨੈਰੇਟਿਵ ਜਨਤਾ ਵਿਚਾਲੇ ਕੋਈ ਅਸਰ ਛੱਡ ਸਕੇਗਾ। ਇਹ ਕਹਿਣਾ ਵੀ ਗ਼ਲਤ ਨਹੀਂ ਹੋਵੇਗਾ ਕਿ ਇਸ ਨਾਲ ਇਕ ਸੰਸਥਾ ਦੇ ਰੂਪ ਵਿਚ ਚੋਣ ਕਮਿਸ਼ਨ ਕਮਜ਼ੋਰ ਦਿਖੇਗਾ ਤੇ ਮੁੱਖ ਚੋਣ ਕਮਿਸ਼ਨਰ ਦੇ ਕੱਦ ’ਤੇ ਵੀ ਇਸ ਦਾ ਅਸਰ ਪਵੇਗਾ।

ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਪਿਛਲੇ ਲੋਕ ਸਭਾ ਚੋਣਾਂ ਵਿਚ ਮੁੱਖ ਵਿਰੋਧੀ ਦਲ ਕਾਂਗਰਸ ਨੂੰ ਉਮੀਦ ਤੋਂ ਕਿਤੇ ਜ਼ਿਆਦਾ ਸਫਲਤਾ ਮਿਲੀ। ਪਾਰਟੀ ਤਿੰਨ ਅੰਕਾਂ ਨਾਲ ਠੀਕ ਪਹਿਲਾਂ ਹਿੱਲ ਗਈ ਪਰ ਲਗਾਤਾਰ ਦੋ ਲੋਕ ਸਭਾ ਚੋਣਾਂ ਵਿਚ ਮਿਲੀ ਜ਼ਿੱਲਤ ਮਗਰੋਂ ਇਹ ਜਿੱਤ ਕੁਝ ਸਨਮਾਨਜਨਕ ਜ਼ਰੂਰ ਰਹੀ। ਸੱਤਾ ਵਿਚ ਆਈ ਭਾਜਪਾ ਪਹਿਲਾਂ ਵਾਂਗ ਓਨੀ ਤਾਕਤਵਰ ਨਹੀਂ ਰਹੀ। ਉਂਝ ਵੀ ਜਦੋਂ ਕੋਈ ਸਰਕਾਰ ਲਗਾਤਾਰ ਤੀਜੇ ਕਾਰਜਕਾਲ ਵਿਚ ਆ ਜਾਵੇ ਤਾਂ ਉਸ ਦੇ ਨਾਲ ਕੁਝ ਮੁਸ਼ਕਲਾਂ ਜ਼ਰੂਰ ਸ਼ੁਰੂ ਹੋ ਜਾਂਦੀਆਂ ਹਨ। ਮੌਜੂਦਾ ਘਰੇਲੂ ਤੇ ਆਲਮੀ ਚੁਣੌਤੀਆਂ ਨੇ ਵੀ ਸਰਕਾਰ ਦੀ ਰਾਹ ਨੂੰ ਕਾਫ਼ੀ ਹੱਦ ਤੱਕ ਔਖਾ ਕੀਤਾ ਹੈ। ਖ਼ਾਸ ਕਰ ਆਰਥਿਕ ਮੋਰਚੇ ’ਤੇ ਆ ਰਹੀਆਂ ਮੁਸ਼ਕਲਾਂ ਸਰਕਾਰ ਦੀਆਂ ਮੁਸ਼ਕਲਾਂ ਨੂੰ ਹੋਰ ਵਧਾ ਸਕਦੀ ਹੈ, ਕਿਉਂਕਿ ਜਦੋਂ ਲੋਕਾਂ ਨੂੰ ਰੁਜ਼ਗਾਰ ਦੀ ਘਾਟ ਤੋਂ ਲੈ ਕੇ ਮਹਿੰਗਾਈ ਦੀ ਮਾਰ ਝੱਲਣੀ ਪਵੇਗੀ ਤਾਂ ਉਸ ਦਾ ਅਸਰ ਸਰਕਾਰ ਦੀ ਹਰਮਨਪਿਆਰਤਾ ’ਤੇ ਵੀ ਪਵੇਗਾ। ਪੇਪਰ ਲੀਕ ਵਰਗੇ ਮੁੱਦਿਆਂ ਨੇ ਵੀ ਸਰਕਾਰ ਦੀਆਂ ਮੁਸ਼ਕਲਾਂ ਵਧਾਈਆਂ ਹਨ ਅਤੇ ਇਸ ਦੇ ਕਾਰਨ ਹੀ ਸੀਜੇਪੀ ਦੇ ਪ੍ਰਦਰਸ਼ਨ ਦਾ ਨਤੀਜਾ ਸਿੱਖਿਆ ਮੰਤਰੀ ਦੇ ਅਸਤੀਫੇ ਦੇ ਰੂਪ ਵਿਚ ਸਾਹਮਣੇ ਆਇਆ। ਇਸ ਤੋਂ ਪਹਿਲਾਂ ਮੋਦੀ ਸਰਕਾਰ ਵਿਚ ਮੰਤਰੀਆਂ ਦੇ ਇਸ ਤਰੀਕੇ ਨਾਲ ਅਸਤੀਫ਼ੇ ਨਹੀਂ ਹੋਏ। ਇਹ ਇਸ ਦਾ ਸੰਕੇਤ ਹੈ ਕਿ ਸਰਕਾਰ ਕਿਤੇ ਨਾ ਕਿਤੇ ਖ਼ੁਦ ਦੀ ਰਾਖੀ ਕਰਨ ਵਾਲੇ ਪਾਸੇ ਜ਼ਰੂਰ ਜਾ ਰਹੀ ਹੈ।



ਵਿਰੋਧੀ ਧਿਰ ਦੀ ਤਾਕਤ ਕੁਝ ਵਧੀ ਹੈ ਤੇ ਕੁਝ ਮੋਰਚਿਆਂ ’ਤੇ ਉਹ ਕਮਜ਼ੋਰ ਵੀ ਹੋਈ ਹੈ। ਇਕ ਸਮਾਂ ਵਿਰੋਧੀ ਦਲਾਂ ਵਿਚ ਬੇਹੱਦ ਬੇਬਾਕ ਮੰਨੀ ਜਾਣ ਵਾਲੀ ਅਤੇ ਵਿਰੋਧੀ ਅਗਵਾਈ ਲਈ ਆਪਣਾ ਹਰ ਵਾਰ ਦਾਅਵਾ ਪੇਸ਼ ਕਰਨ ਵਾਲੀ ਕਾਂਗਰਸ ਨਾ ਸਿਰਫ਼ ਬੰਗਾਲ ਦੀ ਸੱਤਾ ਤੋਂ ਬਾਹਰ ਹੋ ਗਈ, ਸਗੋਂ ਉਸ ਦੇ ਕਈ ਸੰਸਦ ਮੈਂਬਰ ਵੀ ਉਸ ਤੋਂ ਪਿੱਛੇ ਹਟ ਗਏ। ਪਾਰਟੀ ਆਪਣੀ ਸਾਖ਼ ਬਚਾਉਣ ਦੀ ਚੁਣੌਤੀ ਨਾਲ ਲੜ ਰਹੀ ਹੈ। ਇਸੇ ਤਰ੍ਹਾਂ ਦੱਖਣ ਵਿਚ ਕਾਂਗਰਸ ਦੀ ਲੰਬੇ ਸਮੇਂ ਤੋਂ ਢਾਲ ਬਣੀ ਰਹੀ ਦ੍ਰਮੁਕ ਵੀ ਸੁਸਤ ਪੈ ਗਈ ਹੈ। ਪਰਿਸੀਮਨ ਦੇ ਮੁੱਦੇ ’ਤੇ ਬੇਹੱਦ ਹਮਲਾਵਰ ਰਹਿਣ ਵਾਲੀ ਦ੍ਰਮੁਕ ਨਾ ਸਿਰਫ਼ ਖ਼ੁਦ ਨੂੰ ਰਾਜਨੀਤਕ ਰੂਪ ਤੋਂ ਹਾਸ਼ੀਏ ’ਤੇ ਮਹਿਸੂਸ ਕਰ ਰਹੀ ਹੈ, ਸਗੋਂ ਕਾਂਗਰਸ ਦੇ ਨਾਲ ਉਸ ਦਾ ਤਾਲਮੇਲ ਵੀ ਟੁੱਟ ਚੁੱਕਾ ਹੈ। ਕੇਰਲਮ ਦੀ ਸੱਤਾ ਤੋਂ ਬਾਹਰ ਹੋਣ ਦੇ ਬਾਅਦ ਹੁਣ ਖੱਬੇ ਪੱਖੀ ਪੂਰੀ ਤਰ੍ਹਾਂ ਨਾਲ ਸੱਤਾਹੀਣ ਹੋ ਚੁੱਕੇ ਹਨ। ਇਹ ਸਹੀ ਹੈ ਕਿ ਖੱਬੇਪੱਖੀ ਕਦੇ ਇਕ ਵੱਡੀ ਰਾਜਨੀਤਕ ਸ਼ਕਤੀ ਨਹੀਂ ਰਹੇ ਪਰ ਸਮੇਂ-ਸਮੇਂ ’ਤੇ ਅੰਦੋਲਨਾਂ ਨੂੰ ਗਤੀ ਦੇਣ ਤੇ ਵਿਚਾਰ-ਚਰਚਾ ਨੂੰ ਆਕਾਰ ਦੇਣ ਵਿਚ ਉਨ੍ਹਾਂ ਦੀ ਹਮੇਸ਼ਾ ਇਕ ਅਹਿਮ ਭੂਮਿਕਾ ਰਹੀ, ਜੋ ਹੁਣ ਕਮਜ਼ੋਰ ਹੁੰਦੀ ਦਿਖ ਰਹੀ ਹੈ। ਆਮ ਆਦਮੀ ਪਾਰਟੀ ਨੂੰ ਲੈ ਕੇ ਯਕੀਨੀ ਤੌਰ ’ਤੇ ਇਹ ਨਹੀਂ ਕਿਹਾ ਜਾ ਸਕਦਾ ਕਿ ਉਹ ਆਈਐੱਨਡੀਆਈਈ ਦਾ ਹਿੱਸਾ ਹੈ ਵੀ ਜਾਂ ਨਹੀਂ। ਉਂਝ ਵੀ ਪੰਜਾਬ ਚੋਣਾਂ ਦੇ ਨਾਲ ਕਾਂਗਰਸ ਦੇ ਨਾਲ ਉਸਦੀਆਂ ਤਲਖ਼ੀਆਂ ਵਧਣੀਆਂ ਤੈਅ ਹਨ। ਸੂਬਾ ਪੱਧਰ ਦੇ ਨੇਤਾਵਾਂ ਵਿਚਾਲੇ ਟਕਰਾਅ ਨਾਲ ਇਸ ਦੇ ਵਧਣ ਦੇ ਸੰਕੇਤ ਵੀ ਮਿਲਣੇ ਸ਼ੁਰੂ ਹੋ ਗਏ ਹਨ।

ਕੁਲ ਮਿਲਾ ਕੇ ਭਾਰਤੀ ਰਾਜਨੀਤਕ ਪਰਿਪੇਖ ਇਸ ਸਮੇਂ ਇਕ ਨਾਜ਼ੁਕ ਸਥਿਤੀ ਵਿਚ ਹੈ। ਇਹ ਹੋਰ ਨਾਜ਼ੁਕ ਹਾਲਾਤਾਂ ਵੱਲ ਮੋੜ ਨਾਲ ਕੱਟੇ, ਇਸ ਤੋਂ ਬਚਾਅ ਕਰਨ ਲਈ ਇਹ ਜ਼ਰੂਰੀ ਹੈ ਕਿ ਚੋਣ ਕਮਿਸ਼ਨ ਵਰਗੀਆਂ ਸੰਸਥਾਵਾਂ ਦੇ ਓਹਲੇ ’ਚ ਕਿਸੇ ਵੀ ਤਰ੍ਹਾਂ ਦੀ ਸਿਆਸਤ ਨਾ ਆਪਣਾ ਰੂਪ ਤਿਆਰ ਕਰੇ। ਹਾਲਾਂਕਿ ਕਮਿਸ਼ਨ ਦਾ ਇਹ ਕਰਤੱਵ ਵੀ ਹੈ ਕਿ ਉਹ ਕਿਸੇ ਵੀ ਸਿਆਸੀ ਧਿਰ ਨੂੰ ਅਜਿਹਾ ਮੌਕਾ ਨਾ ਦੇਵੇ। ਜੇਕਰ ਉਸ ਦੇ ਨਾਂ ’ਤੇ ਕੋਈ ਸਿਆਸੀ ਤਲਖ਼ੀ ਜਾਰੀ ਰਹਿੰਦੀ ਹੈ ਤਾਂ ਫਿਰ ਇਹ ਦੇਸ਼ ਦੇ ਲੋਕਤੰਤਰ ਲਈ ਕੋਈ ਸ਼ੁੱਭ ਸੰਕੇਤ ਵੀ ਨਹੀਂ ਹੈ।

# ਜਲਵਾਯੂ ਤਬਦੀਲੀਆਂ ਤੇ ਭੁੱਖਮਰੀ ਦੀ ਮਾਰ



**ਡਾ. ਕੇਸਰ ਸਿੰਘ ਭੰਗੂ**

ਅੱਜ ਕੱਲ੍ਹ ਦੁਨੀਆਂ ਦੇ ਲਗਭਗ ਸਾਰੇ ਹੀ ਦੇਸ਼ ਜਲਵਾਯੂ ਤਬਦੀਲੀਆਂ ਕਾਰਨ ਬਹੁਤ ਸਾਰੇ ਵਾਤਾਵਰਨ ’ਚ ਵਿਗਾੜਾਂ ਦਾ ਅਨੁਭਵ ਕਰ ਰਹੇ ਹਨ ਅਤੇ ਆਉਣ ਵਾਲੇ ਸਮੇਂ ’ਚ ਇਿਹਨਾਂ ਦੇ ਪ੍ਰਭਾਵ ਹੋਰ ਵੀ ਗਹਿਰੇ ਹੋਣ ਦੀ ਸੰਭਾਵਨਾ ਹੈ। ਇਸ ਦੇ ਨਾਲ ਹੀ ਦੁਨੀਆਂ ਦੇ ਸਾਰੇ ਦੇਸ਼ ਤੇ ਦੁਨੀਆਂ ਭਰ ਦੀਆਂ ਅਨੇਕਾਂ ਸੰਸਥਾਵਾਂ ਜਲਵਾਯੂ ਤਬਦੀਲੀਆਂ, ਇਹਨਾਂ ਤਬਦੀਲੀਆਂ ਕਾਰਨ ਹੋਏ ਵਿਗਾੜਾਂ ਤੇ ਪਲੀਤ ਹੋਏ ਵਾਤਾਵਰਣ ਨੂੰ ਬਚਾਉਣ ਲਈ ਬਹੁਤ ਉਪਰਾਲੇ ਤੇ ਜਦੋ-ਜਹਿਦ ਕਰ ਰਹੀਆਂ ਹਨ ਪਰ ਜਲਵਾਯੂ ਤੇ ਵਾਤਾਵਰਣ ਨੂੰ ਸੰਭਾਲਣ ਤੇ ਬਚਾਉਣ ਦੇ ਇਨ੍ਹਾਂ ਉਪਰਾਲਿਆਂ ਤੇ ਜਦੋਜਹਿਦਾ ਨੂੰ ਹੁਣ ਤੱਕ ਬੂਰ ਪੈਂਦਾ ਦਿਖਾਈ ਨਹੀਂ ਦੇ ਰਿਹਾ ਕਿਉਂਕਿ ਕਿਸੇ ਕਿਸਮ ਦੇ ਕਾਰਗਰ ਨਤੀਜੇ ਹਾਲੇ ਤੱਕ ਸਾਹਮਣੇ ਨਹੀਂ ਆਏ ਹਨ। ਇਹ ਜ਼ਰੂਰ ਵੇਖਣ ’ਚ ਆਇਆ ਹੈ ਕਿ ਸੰਸਾਰ ਪੱਧਰ ’ਤੇ ਵਾਤਾਵਰਣ ਤੇ ਜਲਵਾਯੂ ’ਚ ਵਿਗਾੜ ਅਤੇ ਤਬਦੀਲੀਆਂ ਲਗਭਗ ਹਰ ਦੇਸ਼ ’ਚ ਹਰ ਚੀਜ਼ ਨੂੰ ਪ੍ਰਭਾਵਿਤ ਕਰ ਰਹੀਆਂ ਹਨ। ਖ਼ਾਸਕਰ ਇਹ ਵਿਗਾੜ ਸਾਡੇ ਭੋਜਨ ਪ੍ਰਣਾਲੀਆਂ, ਭਾਵ ਭੋਜਨ ਪੈਦਾ ਕਰਨ ਦੇ ਤਰੀਕਿਆਂ ਤੋਂ ਲੈ ਕੇ ਖ਼ਪਤ ਤੇ ਖੁਰਾਕ ਦੇ ਉਪਰ ਬਹੁਤ ਮਾੜੇ ਪ੍ਰਭਾਵ ਪਾਉਂਦੇ ਸਾਫ਼ ਦਿਖਾਈ ਦੇ ਰਹੇ ਹਨ। ਇਸ ਦਾ ਸਿੱਧਾ ਤੇ ਸਪੱਸ਼ਟ ਮਤਲਬ ਹੈ ਕਿ ਜਿਹੜੇ ਦੇਸ਼ ਮੁੱਖ ਤੌਰ ’ਤੇ ਖੇਤੀਬਾੜੀ ਤੇ ਭੋਜਨ ਪੈਦਾ ਕਰਨ ਲਈ ਸਿੱਧੇ ਤੇ ਅਸਿੱਧੇ ਤੌਰ ’ਤੇ ਨਿਰਭਰ ਹਨ, ਉਹ ਦੇਸ਼ ਇਨ੍ਹਾਂ ਵਿਗਾੜਾਂ ਦੇ ਵਧੇਰੇ ਮਾੜੇ ਪ੍ਰਭਾਵ ਝੱਲ ਰਹੇ ਹਨ ਤੇ ਉਨ੍ਹਾਂ ਨੂੰ ਭਵਿੱਖ ’ਚ ਹੋਰ ਵੀ ਵਧੇਰੇ ਪ੍ਰਭਾਵ ਝੱਲਣੇ ਪੈਣਗੇ। ਇਹ ਇਕ ਮਹੱਤਵਪੂਰਨ ਗੱਲ ਹੈ ਕਿ ਜਲਵਾਯੂ ਤਬਦੀਲੀਆਂ ਤੇ ਵਿਗਾੜਾਂ ਨੂੰ ਗਹਿਰਾ ਕਰਨ ’ਚ ਅਮੀਰ ਦੇਸ਼ਾਂ ਤੇ ਅਮੀਰ ਲੋਕਾਂ ਦਾ ਵਧੇਰੇ ਹਿੱਸਾ ਹੈ ਪਰ ਇਸ ਦਾ ਖਮਿਆਜ਼ਾ ਦੁਨੀਆਂ ਦੇ ਗਰੀਬ ਦੇਸ਼ਾਂ ਅਤੇ ਗਰੀਬ ਲੋਕਾਂ ਨੂੰ ਵਧੇਰੇ ਭੁਗਤਣਾ ਪੈ ਰਿਹਾ ਹੈ ਤੇ ਭਵਿੱਖ ’ਚ ਹੋਰ ਵੀ ਭੁਗਤਣਾ ਪਵੇਗਾ। ਕਿਉਂਕਿ ਜਿਸ ਕਿਸਮ ਦਾ ਦੁਨੀਆਂ ਭਰ ’ਚ ਪਿਛਲੇ ਸਮਿਆਂ ’ਚ ਵਿਕਾਸ ਦੇ ਤਰੀਕੇ ਅਪਣਾ ਕੇ ਵਿਕਾਸ ਕੀਤਾ ਗਿਆ ਹੈ, ਉਸ ਨੇ ਸਿੱਧਾ ਜਲਵਾਯੂ ’ਚ ਪ੍ਰਭਾਵਿਤ ਕੀਤਾ ਹੈ। ਵਿਕਾਸ ਲਈ ਦੁਨੀਆਂ ਭਰ ’ਚ ਕੁਦਰਤੀ ਸੋਮਿਆਂ ਦੀ ਲੋੜ ਤੋਂ ਜ਼ਿਆਦਾ ਵਰਤੋਂ ਜਾਂ ਦੁਰਵਰਤੋਂ ਕੀਤੀ ਗਈ ਹੈ ਤੇ ਕੀਤੀ ਜਾ ਰਹੀ ਹੈ। ਜਿਸ ਨਾਲ ਦਰਿਆਵਾਂ, ਸਮੁੰਦਰਾ, ਪਾਣੀ ਦੇ ਹੋਰ ਸੋਮੇਂ ਗੰਧਲੇ ਤੇ ਪਲੀਤ ਹੋਏ ਹਨ, ਹਵਾ ਦੂਸ਼ਤ ਹੋਈ ਹੈ। ਨਾਲ ਹੀ ਜੰਗਲਾਂ ਦੀ ਵੱਡੇ ਪੱਧਰ ’ਤੇ ਕਟਾਈ ਤੇ ਖੇਤੀਬਾੜੀ ਕਰਨ ਦੇ ਢੰਗ ਤਰੀਕਿਆਂ ਨੇ ਵੀ ਵਾਤਾਵਰਨ ਨੂੰ ਖ਼ਰਾਬ ਕੀਤਾ ਹੈ। ਵਾਤਾਵਰਨ ਦੀ ਸੰਭਾਲ ਦੀ ਅਣਹੋਂਦ ਤੇ ਘਾਟ ਨੇ ਵੀ ਇਸ ਨੂੰ ਹੋਰ ਗਹਿਰਾਇਆਂ ਹੈ।



ਭਾਰਤ ਦੁਨੀਆਂ ਦਾ ਇਕ ਖੇਤੀਬਾੜੀ ਪ੍ਰਧਾਨ, ਵੱਡੀ ਤੇ ਵਧ ਰਹੀ ਅਰਥਵਿਵਸਥਾ ਹੈ, ਜਿਸ ਕੋਲ ਦੁਨੀਆ ਦੀ ਸਭ ਤੋਂ ਵੱਡੀ ਵਾਹੀਯੋਗ/ਖੇਤੀਯੋਗ ਜ਼ਮੀਨੀ ਖੇਤਰ ਹੈ। ਖੇਤੀਬਾੜੀ ਭਾਰਤੀ ਲੋਕਾਂ ਦੀ ਰੋਜ਼ੀ-ਰੋਟੀ ਦਾ ਸਭ ਤੋਂ ਵੱਡਾ ਸਰੋਤ ਹੈ ਤੇ ਖੇਤੀਬਾੜੀ ਖੇਤਰ ਦੇਸ਼ ਦੇ ਕੁੱਲ ਘਰੇਲੂ ਉਤਪਾਦ ’ਚ ਬਹੁਤ ਮਹੱਤਵਪੂਰਨ ਯੋਗਦਾਨ ਪਾਉਂਦਾ ਹੈ। ਆਜ਼ਾਦੀ ਤੋਂ ਪਹਿਲਾਂ ਤੇ ਆਜ਼ਾਦੀ ਵੇਲੇ ਦੇਸ਼ ਭੋਜਨ ਦੀ ਅਤਿਅੰਤ ਘਾਟ ਵਾਲੇ ਦੇਸ਼ਾਂ ’ਚ ਸ਼ਾਮਲ ਸੀ ਪਰ ਹੌਲੀ-ਹੌਲੀ ਖੇਤੀ ਖੇਤਰ ’ਚ ਸੁਧਾਰਾਂ ਨਾਲ ਖੇਤੀ ਉਤਪਾਦਨ ਅਤੇ ਉਤਪਾਦਕਤਾ ’ਚ ਵਾਧਾ ਹੋਣ ਨਾਲ ਦੇਸ਼ ਖੁਰਾਕ ਸੁਰੱਖਿਆ ਪ੍ਰਦਾਨ ਕਰਨ ਵਾਲੇ ਦੇਸ਼ਾਂ ’ਚ ਸ਼ਾਮਲ ਹੋ ਗਿਆ। ਇਸ ਦੇ ਬਾਵਜੂਦ ਵੀ ਦੇਸ਼ ’ਚ ਬੱਚਿਆਂ, ਔਰਤਾਂ ਤੇ ਗਰੀਬਾਂ ਦੀ ਪੌਸ਼ਟਿਕ ਤੇ ਸਹੀ ਗੁਣਵੱਤਾ ਵਾਲੇ ਭੋਜਨ ਤੱਕ ਵਿਆਪਕ ਪਹੁੰਚ ਦੀ ਘਾਟ ਨੇ ਸਿਹਤ-ਸਬੰਧਤ ਸਮੱਸਿਆਵਾਂ ਤੇ ਮੁੱਦਿਆਂ ਨੂੰ ਜਨਮ ਦਿੱਤਾ ਹੈ। ਜਿਵੇਂ ਕਿ ਭਾਰਤ ’ਚ ਦੁਨੀਆ ਦੇ ਸਭ ਤੋਂ ਵੱਧ ਕੁਪੋਸ਼ਿਤ ਬੱਚੇ ਵੇਖਣ ਨੂੰ ਮਿਲਦੇ ਹਨ। ਨਾਲ ਹੀ ਵੱਡੀ ਗਿਣਤੀ ’ਚ ਅਤੀ ਗ਼ਰੀਬ ਆਬਾਦੀ ਲਈ ਖ਼ੁਰਾਕ ਸੁਰੱਖਿਆ ਵੀ ਯਕੀਨੀ ਨਹੀਂ ਹੈ। ਇਨ੍ਹਾਂ ਸਭ ਦੇ ਵਿਚਕਾਰ, ਜਲਵਾਯੂ ਪਰਿਵਰਤਨ ਦੇ ਵਿਆਪਕ ਮਾੜੇ ਪ੍ਰਭਾਵ ਇਨ੍ਹਾਂ ਅਲਾਮਤਾਂ ਨੂੰ ਹੋਰ ਗਹਿਰਾ ਕਰ ਰਹੇ ਹਨ ਤੇ ਵਧੇਰੇ ਟਿਕਾਊ ਤੇ ਬਰਾਬਰ ਭੋਜਨ ਵੰਡ ਪ੍ਰਣਾਲੀਆਂ ’ਚ ਰੁਕਾਵਟਾ ਵੀ ਖੜ੍ਹੀਆਂ ਕਰ ਰਹੇ ਹਨ। ਇਸ ਸੰਦਰਭ ’ਚ ਦੇਸ਼ ’ਚ ਵਾਤਾਵਰਣ ਤਬਦੀਲੀਆਂ ਦੇ ਵਿਗਾੜਾਂ ਖ਼ਾਸਕਰ ਖੇਤੀ ਜਿਣਸਾਂ ਦੇ ਉਤਪਾਦਨ ’ਚ ਘਾਟ, ਭੁੱਖਮਰੀ ਦੀ ਸਥਿਤੀ ਨੂੰ ਜਾਨਣ ਲਈ ਅਤੇ ਇਹਨਾਂ ਪ੍ਰਭਾਵਾਂ ਨੂੰ ਘਟਾਉਣ ਲਈ, ਇੰਟਰਨੈਸ਼ਨਲ ਫੂਡ ਪਾਲਿਸੀ ਰਿਸਰਚ ਇੰਸਟੀਚਿਊਟ ਦੀਆਂ ਰਿਪੋਰਟਾਂ ਅਤੇ ਇਸ ਸਬੰਧੀ ਹੋਰ ਰਿਪੋਰਟਾਂ ਉੱਤੇ ਨਿਗਾਹ ਮਾਰਨੀ ਚਾਹੀਦੀ ਹੈ ਤਾਂ ਕਿ ਜਲਵਾਯੂ ਤਬਦੀਲੀਆਂ, ਖੇਤੀ ਉਤਪਾਦਨ ਤੇ ਭੁੱਖਮਰੀ ਸਬੰਧੀ ਬਦਲ ਰਹੇ ਹਾਲਾਤਾਂ ਨੂੰ ਸਮਝਿਆ ਜਾ ਸਕੇ।

ਇਹਨਾਂ ਰਿਪੋਰਟਾਂ ’ਚ ਜਲਵਾਯੂ ਤੇ ਵਾਤਾਵਰਨ ਤਬਦੀਲੀਆਂ ਤੇ ਵਿਗਾੜਾਂ ਦੇ ਖੇਤੀ ਖੇਤਰ ਤੇ ਅੰਨ ਸੁਰੱਖਿਆ ਤੇ ਭੁੱਖਮਰੀ ਤੇ ਕੀ ਪ੍ਰਭਾਵ ਪੈਣ ਦੀਆਂ ਪੇਸ਼ਨਗੋਗੀਆ ਕੀਤੀਆਂ ਗਈਆਂ ਹਨ। ਉਥੇ ਹੀ ਇਹਨਾਂ ਵਿਗਾੜਾਂ ਦੇ ਪ੍ਰਭਾਵਾਂ ਨੂੰ ਘਟਾਉਣ ਲਈ ਕੀ ਕੀਤਾ ਜਾਵੇ ਦੇ ਵਿਸ਼ੇ ’ਤੇ ਚਰਚਾ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।

ਸਭ ਤੋਂ ਪਹਿਲਾਂ ਜੇ ਗੱਲ ਕਰੀਏ ਤਾਂ ਪਤਾ ਲਗਦਾ ਹੈ ਕਿ ਖੇਤੀਬਾੜੀ ਦਾ ਖੇਤਰ ਤੇ ਖੇਤੀ ਜਿਣਸਾਂ ਦੇ ਉਤਪਾਦਨ ’ਤੇ ਜਲਵਾਯੂ ਪਰਿਵਰਤਨ ਦੁਆਰਾ ਸਭ ਤੋਂ ਮਾੜੇ ਤਰੀਕਿਆਂ ਨਾਲ ਪ੍ਰਭਾਵ ਪਾਉਂਦੇ ਨਜ਼ਰ ਪੈਂਦੇ ਹਨ। ਇਹਨਾਂ ਮਾੜੇ ਪ੍ਰਭਾਵਾ ’ਚ ਮੁੱਖ ਤੌਰ ’ਤੇ, ਮਿੱਟੀ ਦੀ ਉਪਜਾਊ ਸ਼ਕਤੀ ਦਾ ਘਟਣਾ, ਖੇਤੀ ਉਪਜ ਦੀ ਉਤਪਾਦਕਤਾ ਘਟਣਾ, ਕੀੜਿਆਂ ਤੇ ਹੋਰ ਹਮਲਾਵਰ ਕਿਸਮਾਂ ਦੇ ਵਧਦੇ ਹੋਏ ਖ਼ਤਰੇ, ਧਰਤੀ ਹੇਠਲੇ ਪਾਣੀ ਦਾ ਪੱਧਰ ਲਗਾਤਾਰ ਨੀਵਾਂ ਹੋਣਾ ਅਤੇ ਖ਼ਤਮ ਹੋ ਜਾਣਾ ਤੇ ਵਪਾਰਕ ਅਤੇ ਹੋਰ ਕੰਮਾਂ ਲਈ ਖਪਤ ਲਈ ਖੇਤੀਬਾੜੀ ਜ਼ਮੀਨ ਦੀ ਵੱਡੇ ਪੱਧਰ ਤੇ ਤਬਦੀਲ ਹੋਣਾ।

ਗਲੋਬਲ ਫੂਡ ਪਾਲਿਸੀ ਦੇ ਅੰਦਾਜ਼ਿਆਂ ਅਨੁਸਾਰ ਵਿਸ਼ਵ ਪੱਧਰ ’ਤੇ 2050 ਤੱਕ ਭੋਜਨ ਉਤਪਾਦਨ ’ਚ 8 ਪ੍ਰਤੀਸ਼ਤ ਘੱਟਣ ਦੇ ਖਸਦੇ ਪ੍ਰਗਟਾਏ ਗਏ ਹਨ। ਭਾਰਤ ’ਚ ਕੁੱਲ ਭੋਜਨ ਉਤਪਾਦਨ ’ਚ 16 ਪ੍ਰਤੀਸ਼ਤ ਦੀ ਕਮੀ ਦਾ ਅਨੁਮਾਨ ਲਗਾਇਆ ਗਿਆ ਹੈ, ਜੋ ਕਿ ਦੱਖਣੀ ਏਸ਼ੀਆਈ ਖੇਤਰ ’ਚ ਸਭ ਤੋਂ ਵੱਧ ਹੈ। ਦੂਜੇ ਦੇਸ਼ਾਂ ’ਚ, ਸੰਯੁਕਤ ਰਾਜ ਅਮਰੀਕਾ ਲਈ ਅਨੁਮਾਨ 34 ਪ੍ਰਤੀਸ਼ਤ, ਆਸਟਰੇਲੀਆ ਲਈ 18 ਪ੍ਰਤੀਸ਼ਤ, ਜਾਪਾਨ 17 ਪ੍ਰਤੀਸ਼ਤ, ਬਰਤਾਨੀਆ ਲਈ 7 ਪ੍ਰਤੀਸ਼ਤ ਅਤੇ ਚੀਨ ਲਈ 5 ਪ੍ਰਤੀਸ਼ਤ ਘੱਟਣ ਦਾ ਅਨੁਮਾਨ ਹੈ। ਇਹਨਾਂ ਅੰਕੜਿਆਂ ਤੋਂ ਸਾਫ਼ ਪਤਾ ਲਗਦਾ ਹੈ ਕਿ ਆਉਣ ਵਾਲੇ ਸਮੇਂ ’ਚ ਖੇਤੀ ਜਿਣਸਾਂ ਦੀ ਪੈਦਾਵਾਰ ਘੱਟਣ ਕਾਰਨ ਦੁਨੀਆਂ ’ਚ ਖ਼ੁਰਾਕ ਸੁਰੱਖਿਆ ਨੂੰ ਢਾਹ

# ਜਲਵਾਯੂ ਤਬਦੀਲੀਆਂ ਤੇ ਭੁੱਖਮਰੀ ਦੀ ਮਾਰ

(ਸਫਾ 19 ਦੀ ਬਾਕੀ)

ਲੱਗੇਗੀ, ਖ਼ਾਸਕਰ ਗ਼ਰੀਬ ਲੋਕਾਂ ਤੇ ਗਰੀਬ ਦੇਸ਼ਾਂ 'ਚ ਪੌਸ਼ਟਿਕ ਭੋਜਨ ਤੇ ਲੋੜੀਂਦਾ ਭੋਜਨ ਪਹੁੰਚ ਤੋਂ ਬਾਹਰ ਹੋ ਜਾਵੇਗਾ। ਅਜਿਹੀ ਸਥਿਤੀ 'ਚ ਇਹ ਸੁਭਾਵਕ ਹੈ ਕਿ ਵਪਾਰੀ ਅਤੇ ਕਾਰਪੋਰੇਟ ਘਰਾਣੇ ਆਪਣੇ ਮੁਨਾਫੇ ਲਈ ਖੇਤੀ ਜਿਣਸਾਂ ਦੀ ਜ਼ਖੀਰੇਬਾਜ਼ੀ ਅਤੇ ਕਾਲਾਬਾਜ਼ਾਰੀ ਕਰਨ ਤੋਂ ਸੰਕੋਚ ਨਹੀਂ ਕਰਨਗੇ। ਨਤੀਜੇ ਵਜੋਂ ਸੰਸਾਰ ਪੱਧਰ ਤੇ ਭੁੱਖਮਰੀ ਦੀ ਕਗਾਰ ਤੇ ਖੜ੍ਹੇ ਲੋਕਾਂ ਦੀ ਗਿਣਤੀ 'ਚ ਵਾਧਾ ਸੁਭਾਵਿਕ ਹੈ।

ਅੰਦਾਜ਼ਿਆਂ ਮੁਤਾਬਿਕ 2030 ਤੱਕ ਵਿਸ਼ਵ ਪੱਧਰ 'ਤੇ, ਲਗਭਗ 6.5 ਕਰੋੜ ਹੋਰ ਲੋਕ ਜਲਵਾਯੂ ਪਰਿਵਰਤਨ ਦੇ ਵਿਗਾੜਾਂ ਕਾਰਨ ਭੁੱਖਮਰੀ ਦੇ ਖ਼ਤਰੇ 'ਚ ਚਲੇ ਜਾਣਗੇ। ਆਲਮੀ ਜਲਵਾਯੂ ਤਬਦੀਲੀ-ਪ੍ਰੇਰਿਤ ਭੁੱਖਮਰੀ ਦੇ ਜੋਖਮ 'ਚ ਪਹੁੰਚਣ ਵਾਲੇ ਲੋਕਾਂ ਦੀ ਗਿਣਤੀ 'ਚ ਦੱਖਣੀ ਏਸ਼ੀਆ, ਭਾਰਤ ਸਮੇਤ, ਸਭ ਤੋਂ ਉੱਪਰ ਹੈ। ਸਾਡੇ ਦੇਸ਼ 'ਚ ਸਾਰੀ ਦੁਨੀਆਂ ਤੋਂ ਵੱਧ ਲਗਭਗ 1.7 ਕਰੋੜ ਹੋਰ ਲੋਕ ਭੁੱਖਮਰੀ ਦੀ ਕਗਾਰ 'ਤੇ ਪਹੁੰਚ ਜਾਣਗੇ। ਦੂਜੇ ਸਥਾਨ 'ਤੇ ਡੈਮੋਕ੍ਰੇਟਿਕ ਰੀਪਬਲਿਕ ਆਫ ਕਾਂਗੋ 'ਚ 48 ਲੱਖ ਵਾਧੂ ਲੋਕ ਭੁੱਖਮਰੀ ਦੇ ਖ਼ਤਰੇ 'ਚ ਚਲੇ ਜਾਣਗੇ। ਇੱਥੇ ਹੀ ਬਸ ਨਹੀਂ ਇਹ ਵੀ ਅੰਦਾਜ਼ੇ ਲਗਾਏ ਗਏ ਹਨ ਕਿ ਜੇਕਰ ਜਲਵਾਯੂ ਤਬਦੀਲੀਆਂ ਤੇ ਵਿਗਾੜ ਨਹੀਂ ਹੁੰਦੇ ਤਾਂ ਭਾਰਤ 'ਚ 2030 ਤੱਕ ਭੁੱਖਮਰੀ ਦੀ ਕਗਾਰ 'ਤੇ ਖੜ੍ਹੇ ਲੋਕਾਂ ਦੀ ਗਿਣਤੀ 7.39 ਕਰੋੜ ਹੋਵੇਗੀ ਤੇ 2050 ਤੱਕ ਘੱਟ ਕੇ 4.5 ਕਰੋੜ ਹੋ ਜਾਵੇਗੀ। ਜੇਕਰ ਜਲਵਾਯੂ ਤਬਦੀਲੀਆਂ ਤੇ ਵਿਗਾੜ ਇਵੇਂ ਹੀ ਜਾਰੀ ਰਹਿੰਦੇ ਹਨ ਤਾਂ 2030 'ਚ ਭਾਰਤ 'ਚ ਭੁੱਖਮਰੀ ਦੀ ਕਗਾਰ 'ਤੇ ਖੜ੍ਹੇ ਲੋਕਾਂ ਦੀ ਗਿਣਤੀ 9.06 ਕਰੋੜ ਹੋ ਜਾਵੇਗੀ। ਇਹ ਸਪੱਸ਼ਟ ਹੈ ਕਿ ਜਲਵਾਯੂ ਪਰਿਵਰਤਨ ਤੇ ਵਿਗਾੜ ਵਿਸ਼ਵ ਪੱਧਰ 'ਤੇ ਕੁੱਲ ਭੋਜਨ ਉਤਪਾਦਨ 'ਚ ਬਦਲਾਅ ਲਿਆ ਸਕਦੇ ਹਨ। ਨਾਲ ਹੀ ਇਹ ਵਰਨਣਯੋਗ ਹੈ ਕਿ ਜਲਵਾਯੂ ਪਰਿਵਰਤਨ ਦੇ ਪ੍ਰਭਾਵ ਲੰਬੇ ਸਮੇਂ ਤੱਕ ਚੱਲਣ ਵਾਲੇ ਹਨ। ਜੇਕਰ ਜਲਵਾਯੂ ਤਬਦੀਲੀਆਂ ਦੇ ਮਾੜੇ ਪ੍ਰਭਾਵਾਂ ਦਾ ਕੋਈ ਹੱਲ ਨਾ ਕੀਤਾ ਗਿਆ ਤਾਂ ਕਰੋੜਾਂ ਲੋਕ ਖ਼ਾਸਕਰ ਗ਼ਰੀਬਾਂ ਨੂੰ ਭੁੱਖਮਰੀ ਤੇ ਮੌਤ ਦੇ ਖ਼ਤਰੇ 'ਚ ਪੈ ਜਾਣਗੇ।

ਗੱਲ ਕਰੀਏ ਤਾਂ ਰਿਪੋਰਟਾਂ ਨੇ ਜਲਵਾਯੂ ਤਬਦੀਲੀਆਂ ਤੇ ਵਿਗਾੜਾਂ ਦੇ ਕੁਝ ਪ੍ਰਮੁੱਖ ਕਾਰਨ ਦੱਸੇ ਹਨ ਤੇ ਉਨ੍ਹਾਂ ਨੂੰ ਠੀਕ ਕਰਨ ਲਈ ਕੁਝ ਸੁਝਾਅ ਵੀ ਦਿੱਤੇ ਹਨ। ਜਲਵਾਯੂ ਪਰਿਵਰਤਨ ਨੂੰ ਪ੍ਰਭਾਵਿਤ ਕਰਨ ਵਾਲੇ ਪ੍ਰਮੁੱਖ ਕਾਰਨਾਂ 'ਚ ਮੱਧਮ ਤੇ ਅਤਿਅੰਤ ਤਾਪਮਾਨਾਂ 'ਚ ਵਾਧਾ ਤੇ ਇਸ ਰੁਝਾਨ ਦੇ ਜਾਰੀ ਰਹਿਣ ਦੀ ਉੱਚੀਆਂ ਸੰਭਾਵਨਾਵਾਂ ਹਨ, ਹਿਮਾਲੀਅਨ ਗਲੇਸ਼ੀਅਰਾਂ 'ਚ ਪਿਘਲਣ ਦੀ ਬੇਮਿਸਾਲ ਦਰ ਅਤੇ ਗਰਮੀ ਵਧਣ ਅਤੇ ਵਧੇ ਹੋਏ ਔਸਤ ਵਰਖਾ ਕਾਰਨ ਮੌਨਸੂਨ ਦੀਆ ਤਬਾਹੀ ਵਾਲੀਆਂ ਬਾਰਸ਼ਾਂ ਸ਼ਾਮਲ ਹਨ। ਇਸ ਦੀ ਤਾਜ਼ਾ ਮਿਸਾਲ ਹੁਣੇ ਹੀ ਨੇਪਾਲ 'ਚ ਆਏ ਹੜ੍ਹਾਂ ਦੀ ਹੈ, ਜਿਸ ਕਾਰਨ ਨੇਪਾਲ 'ਚ ਬਹੁਤ ਤਬਾਹੀ ਹੋਈ ਹੈ ਤੇ ਬਹੁਤ ਲੋਕਾਂ ਨੂੰ ਆਪਣੀ ਜਾਨ ਗੁਆਉਣੀ ਪਈ ਹੈ। ਜਲਵਾਯੂ ਪਰਿਵਰਤਨ ਤੇ ਵਿਗਾੜਾਂ ਦੇ ਇਹ ਖਤਰੇ ਭਵਿੱਖ ਵਿੱਚ ਹੋਰ ਵਧਣ ਅਤੇ ਗਹਿਰੇ ਹੋਣ ਦਾ ਅਨੁਮਾਨ ਹੈ। ਰਿਪੋਰਟਾਂ ਦੇ ਅਨੁਸਾਰ, 2100 ਤੱਕ ਪੂਰੇ ਭਾਰਤ ਵਿੱਚ ਔਸਤ ਤਾਪਮਾਨ 2.4 ਡਿਗਰੀ ਸੈਲਸੀਅਸ ਅਤੇ 4.4 ਡਿਗਰੀ ਸੈਲਸੀਅਸ ਦੇ ਵਿਚਕਾਰ ਵਧਣ ਦਾ ਅਨੁਮਾਨ ਹੈ। ਇਸੇ ਤਰ੍ਹਾਂ, ਭਾਰਤ ਵਿੱਚ 2100 ਤੱਕ ਗਰਮੀ ਦੀਆਂ ਲਹਿਰਾਂ ਵਿੱਚ ਤਿੰਨ ਗੁਣਾ ਜਾਂ ਚਾਰ ਗੁਣਾ ਵਾਧਾ ਹੋਣ ਦਾ ਵੀ ਅਨੁਮਾਨ ਹੈ।

ਜਲਵਾਯੂ ਪਰਿਵਰਤਨ ਤੇ ਵਿਗਾੜਾਂ ਦੇ ਇਹਨਾਂ ਪ੍ਰਭਾਵਾਂ ਦਾ ਅਧਿਐਨ ਕਰਨ ਤੋਂ ਬਾਅਦ, ਰਿਪੋਰਟਾਂ ਇਹਨਾਂ ਪ੍ਰਭਾਵਾਂ ਨੂੰ ਕੁਝ ਘਟਾਉਣ ਵਾਲੇ ਉਪਾਵਾਂ ਦਾ ਪ੍ਰਸਤਾਵ ਵੀ ਕਰਦੀਆਂ ਹਨ।

ਫ਼ਸਲੀ ਵੰਨ-ਸੁਵੰਨਤਾ ਨੂੰ ਅਪਣਾਉਣਾ ਸਭ ਤੋਂ ਮਹੱਤਵਪੂਰਨ ਹੱਲ ਸੁਝਾਇਆ ਗਿਆ ਹੈ। ਖੇਤੀਬਾੜੀ 'ਚ ਉਹ ਫ਼ਸਲਾਂ ਬੀਜਣ ਦੀ ਸਲਾਹ ਦਿੱਤੀ ਜਾਂਦੀ ਹੈ, ਜੋ ਜਲਵਾਯੂ 'ਤੇ ਮਾੜੇ ਪ੍ਰਭਾਵ ਨਾ ਪਾਉਂਦੀਆਂ ਹੋਣ। ਨਾਲ ਹੀ ਖੇਤੀਬਾੜੀ ਖੋਜ ਤੇ ਵਿਕਾਸ 'ਚ ਜਨਤਕ ਨਿਵੇਸ਼ ਵਧਾਉਣਾ ਚਾਹੀਦਾ ਹੈ। ਇੱਥੇ ਦੱਸਣਯੋਗ ਹੈ ਕਿ ਭਾਰਤ 'ਚ ਖੇਤੀਬਾੜੀ 'ਚ ਜਨਤਕ ਨਿਵੇਸ਼ ਨਿਗੂਣਾ ਹੈ ਇਸ ਨੂੰ ਵਧਾਉਣਾ ਸਮੇਂ ਦੀ ਲੋੜ ਹੈ। ਖੇਤੀ ਮਸ਼ੀਨੀਕਰਨ ਅਤੇ ਮਿੱਟੀ ਦੀ ਨਮੀ ਦੀ ਸੰਭਾਲ ਨੂੰ ਫੌਰੀ ਅਤੇ ਤਰਜੀਹੀ ਆਧਾਰ 'ਤੇ ਅਪਣਾਉਣਾ ਚਾਹੀਦਾ ਹੈ। ਖਾਦ ਸਬਸਿਡੀਆਂ, ਊਰਜਾ ਨੀਤੀ, ਅਤੇ ਖੇਤੀਬਾੜੀ ਸਹਾਇਤਾ ਵਿਧੀਆਂ 'ਚ ਸੁਧਾਰਾਂ ਦੀ ਸ਼ੁਰੂਆਤ ਕਰਨੀ ਚਾਹੀਦੀ ਹੈ। ਭੋਜਨ ਪ੍ਰਣਾਲੀ ਦੇ ਸਹੀ ਸ਼ਾਸਨ ਨੂੰ ਯਕੀਨੀ ਬਣਾਉਣ ਲਈ ਨਵੀਆਂ ਸੰਸਥਾਵਾਂ ਦੀ ਸਥਾਪਨਾ ਸਮੇਂ ਦੀ ਲੋੜ ਹੈ ਅਤੇ ਮਹਾਂਮਾਰੀਆਂ ਦੇ ਦੌਰਾਨ ਖੇਤੀਬਾੜੀ ਭੋਜਨ ਪ੍ਰਣਾਲੀਆਂ ਦੁਆਰਾ ਪ੍ਰਦਰਸ਼ਿਤ ਲਚਕਤਾ ਦਾ ਲਾਭ ਉਠਾਉਣਾ ਅਤੇ ਇਸ ਸੈਕਟਰ ਨੂੰ ਵਧੇਰੇ ਸੰਮਲਿਤ, ਟਿਕਾਊ ਅਤੇ ਲਚਕੀਲਾ ਬਣਾਉਣਾ ਬਹੁਤ ਮਹੱਤਵਪੂਰਨ ਹੈ।

# ਬ੍ਰਿਕਸ ਮੁਲਕਾਂ 'ਤੇ ਕਿੰਨਾ ਅਸਰ ਕਰ ਸਕੇਗਾ ਲਿੰਡਸੇ ਗ੍ਰਾਹਮ ਐਕਟ

ਸੁਖਦੇਵ ਸਿੰਘ

ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਅਮਰੀਕੀ ਪ੍ਰਤੀਨਿਧੀ ਸਭਾ ਦੁਆਰਾ ਪਾਸ ਕੀਤੇ ਗਏ 'ਲਿੰਡਸੇ ਓ. ਗ੍ਰਾਹਮ ਸੈਨਕਸ਼ਨਿੰਗ ਰਸ਼ੀਆ ਐਂਡ ਈਰਾਨ ਐਕਟ 2026' ਉੱਤੇ ਦਸਤਖ਼ਤ ਕਰ ਕੇ ਇਸ ਨੂੰ ਅਮਰੀਕੀ ਕਾਨੂੰਨ ਬਣਾ ਦਿੱਤਾ ਹੈ। ਇਸ ਕਾਨੂੰਨ ਨਾਲ ਰਾਸ਼ਟਰਪਤੀ ਦੀ 'ਕਾਰਜਕਾਰੀ ਆਦੇਸ਼ਾਂ' ਵਾਲੀ ਪ੍ਰਕਿਰਿਆ 'ਤੇ ਨਿਰਭਰਤਾ ਨਾਲ ਜੁੜੀਆਂ ਕਾਨੂੰਨੀ ਪੇਚੀਦਗੀਆਂ ਖ਼ਤਮ ਹੋ ਗਈਆਂ ਹਨ। ਇਹ ਨਵਾਂ ਕਾਨੂੰਨ ਅਮਰੀਕੀ ਰਾਸ਼ਟਰਪਤੀ ਨੂੰ ਨਾ ਸਿਰਫ਼ ਰੂਸ ਅਤੇ ਇਰਾਨ 'ਤੇ ਪਾਬੰਦੀਆਂ ਲਾਉਣ ਦਾ ਅਧਿਕਾਰ ਦਿੰਦਾ ਹੈ ਸਗੋਂ ਉਨ੍ਹਾਂ ਦੇਸ਼ਾਂ 'ਤੇ 100 ਫ਼ੀਸਦੀ ਤੱਕ ਟੈਰਿਫ ਲਾਉਣ ਦਾ ਵੀ ਹੱਕਦਾਰ ਬਣਾਉਂਦਾ ਹੈ ਜੋ ਰੂਸ ਦੇ ਕੁੱਲ ਵਿਸ਼ਵ ਤੇਲ ਨਿਰਯਾਤ ਦਾ 15 ਫ਼ੀਸਦੀ ਤੋਂ ਵੱਧ ਆਯਾਤ ਕਰਦੇ ਹਨ।

ਰੂਸੀ ਤੇਲ ਦੇ ਵੱਡੇ ਖ਼ਰੀਦਦਾਰਾਂ ਵਜੋਂ ਭਾਰਤ ਅਤੇ ਚੀਨ ਦਾ ਖ਼ਾਸ ਤੌਰ 'ਤੇ ਜ਼ਿਕਰ ਕੀਤਾ ਗਿਆ ਹੈ ਅਤੇ ਇਹ ਕਾਨੂੰਨ ਉਨ੍ਹਾਂ ਲਈ ਵੀ ਚਿਤਾਵਨੀ ਹੈ। ਭਾਰਤ, ਰੂਸ ਦੀ ਵਿਸ਼ਵ ਤੇਲ ਵਿਕਰੀ ਦਾ 37 ਫ਼ੀਸਦੀ ਅਤੇ ਚੀਨ 50 ਫ਼ੀਸਦੀ ਆਯਾਤ ਕਰਦਾ ਹੈ ਜੋ ਉਨ੍ਹਾਂ ਦੀ ਆਬਾਦੀ ਦੀਆਂ ਲੋੜਾਂ ਲਈ ਜ਼ਰੂਰੀ ਹੈ। ਅਮਰੀਕੀ ਪ੍ਰਤੀਨਿਧੀ ਸਭਾ ਵਿੱਚ ਬਿੱਲ ਪਾਸ ਹੋਣ ਤੋਂ ਬਾਅਦ ਇਸ ਪ੍ਰਤੀ ਭਾਰਤ, ਚੀਨ ਅਤੇ ਰੂਸ ਵੱਲੋਂ ਸਖ਼ਤ ਇਤਰਾਜ਼ ਅਤੇ ਭਾਰਤ ਵੱਲੋਂ ਭਾਰਤ-ਅਮਰੀਕਾ ਦੁਵੱਲੇ ਸਬੰਧਾਂ ਅਤੇ ਕੌਮਾਂਤਰੀ ਊਰਜਾ ਬਾਜ਼ਾਰਾਂ 'ਤੇ ਇਸਦੇ ਸੰਭਾਵੀ ਨਕਾਰਾਤਮਕ ਪ੍ਰਭਾਵਾਂ ਬਾਰੇ ਚਿਤਾਵਨੀ ਦੇ ਬਾਵਜੂਦ ਟਰੰਪ ਨੇ ਬਿਨਾਂ ਝਿਜਕ ਬਿੱਲ 'ਤੇ ਸਹੀ ਪਾ ਕੇ ਇਸ ਨੂੰ ਕਾਨੂੰਨ ਬਣਾ ਦਿੱਤਾ ਹੈ। ਜੇ ਅਮਰੀਕਾ ਦੇ ਰੂਸ ਨਾਲ ਗੰਭੀਰ ਭੂ-ਰਾਜਨੀਤਕ ਮਤਭੇਦ ਹਨ ਤਾਂ ਅਮਰੀਕਾ ਬੇਸ਼ੱਕ ਆਪਣੇ ਅਤੇ ਆਪਣੇ ਸਹਿਯੋਗੀਆਂ ਲਈ ਰੂਸੀ ਅਤੇ ਇਰਾਨੀ ਤੇਲ ਦਾ ਬਾਈਕਾਟ ਕਰਨ ਵਾਲੇ ਕਾਨੂੰਨ ਬਣਾਵੇ ਪਰ ਉਸ ਕੋਲ ਕਿਸੇ ਵੀ ਹੋਰ ਪ੍ਰਭੂਸੱਤਾ ਸੰਪੰਨ ਦੇਸ਼ ਨੂੰ ਕਿਸੇ ਦੂਜੇ ਦੇਸ਼ ਖ਼ਿਲਾਫ਼ ਅਜਿਹੀ

ਸਮਝਣ ਵਾਲੀ ਗੱਲ ਇਹ ਹੈ ਕਿ ਅਮਰੀਕਾ ਖੁਦ ਨੂੰ ਰੂਸੀ ਤੇਲ ਅਤੇ ਗੈਸ ਦੇ ਵਿਕਲਪਿਕ ਸਰੋਤ ਵਜੋਂ ਪੇਸ਼ ਕਰ ਰਿਹਾ ਹੈ। ਪਰ ਭਾਰਤ ਲਈ ਅਮਰੀਕਾ ਤੋਂ ਕੱਚਾ ਤੇਲ ਖ਼ਰੀਦਣਾ ਨਾ ਸਿਰਫ਼ ਰੂਸ ਨਾਲੋਂ ਮਹਿੰਗਾ ਹੈ ਸਗੋਂ ਉੱਥੋਂ ਦੀ ਦੂਰੀ ਜ਼ਿਆਦਾ ਹੋਣ ਕਾਰਨ ਸਮੁੰਦਰੀ ਭਾੜੇ ਦਾ ਖ਼ਰਚਾ ਵੀ ਬਹੁਤ ਵੱਧ ਜਾਂਦਾ ਹੈ। ਇਸ ਤੋਂ ਇਲਾਵਾ ਭਾਰਤੀ ਰਿਫਾਇਨਰੀਆਂ ਰੂਸੀ ਅਤੇ ਮੱਧ ਪੂਰਬੀ ਕੱਚੇ ਤੇਲ ਲਈ ਤਿਆਰ ਕੀਤੀਆਂ ਗਈਆਂ ਹਨ; ਅਮਰੀਕੀ ਤੇਲ ਦੀ ਵੱਖਰੀ ਗੁਣਵੱਤਾ ਦੀ ਪ੍ਰੋਸੈਸਿੰਗ ਵੱਡੀ ਚੁਣੌਤੀ ਹੈ, ਜਿਸ ਲਈ ਮਸ਼ੀਨਰੀ ਵਿੱਚ ਕਾਫੀ ਬਦਲਾਅ ਦੀ ਲੋੜ ਹੁੰਦੀ ਹੈ। ਇਹੀ ਗੱਲ ਚੀਨ ਲਈ ਵੀ ਸੱਚ ਹੋ ਸਕਦੀ ਹੈ। ਫੇਰ, ਭਾਰਤ ਨੂੰ ਰੂਸ ਤੋਂ ਤੇਲ ਕਿਉਂ ਨਹੀਂ ਆਯਾਤ ਕਰਨਾ ਚਾਹੀਦਾ? ਜਾਂ ਫਿਰ ਭਾਰਤ ਨੂੰ ਸਸਤਾ ਰੂਸੀ ਤੇਲ ਅਤੇ ਸਸਤੀ ਢੁਆਈ ਛੱਡ ਕੇ ਕਿਉਂ ਅਮਰੀਕਾ ਤੋਂ ਉੱਚੀ ਦਰ ਅਤੇ ਵੱਧ ਢੁਆਈ ਦੇ ਖਰਚੇ 'ਤੇ ਤੇਲ ਆਯਾਤ ਕਰਨਾ ਚਾਹੀਦਾ ਹੈ? ਜਾਂ ਫਿਰ ਅਮਰੀਕਾ, ਭਾਰਤ ਨੂੰ ਮਜਬੂਰ ਕਰਨ ਲਈ ਕਿਉਂ ਅਜਿਹੇ ਦਾਅ-ਪੇਚ ਖੇਡ ਰਿਹਾ ਹੈ? ਇਨ੍ਹਾਂ ਸਵਾਲਾਂ ਦੇ ਜਵਾਬ ਸਾਰੀ ਰਾਜਨੀਤੀ ਨੂੰ ਖੋਲ੍ਹ ਦਿੰਦੇ ਹਨ।



ਅਮਰੀਕੀ ਮੁਹਿੰਮ ਵਿੱਚ ਸ਼ਾਮਲ ਹੋਣ ਲਈ ਮਜਬੂਰ ਕਰਨ ਦਾ ਅਧਿਕਾਰ ਨਹੀਂ ਹੈ।

ਉਹ ਗੱਲਬਾਤ ਕਰਕੇ ਕਿਸੇ ਦੂਜੇ ਦੇਸ਼ ਨੂੰ ਆਪਣੇ ਨਾਲ ਰਜ਼ਾਮੰਦ ਤਾਂ ਕਰ ਸਕਦਾ ਹੈ ਪਰ ਨਾ ਮੰਨਣ ਦੀ ਸੂਰਤ ਵਿੱਚ ਉਨ੍ਹਾਂ ਦੇਸ਼ਾਂ ਤੋਂ ਅਮਰੀਕਾ ਨੂੰ ਨਿਰਯਾਤ ਕੀਤੇ ਜਾਣ ਵਾਲੇ ਸਾਮਾਨ 'ਤੇ ਭਾਰੀ ਟੈਕਸ ਲਾ ਕੇ ਉਨ੍ਹਾਂ ਦੇ ਵਪਾਰ ਨੂੰ ਨੁਕਸਾਨ ਪਹੁੰਚਾਉਣ ਦੀ ਧਮਕੀ ਦੇਣ ਦਾ ਉਸ ਨੂੰ ਕੋਈ ਅਧਿਕਾਰ ਨਹੀਂ ਹੈ; ਅਜਿਹਾ ਕਰਨਾ ਕੌਮਾਂਤਰੀ ਵਪਾਰ ਨਿਯਮਾਂ ਦੇ ਉਲਟ ਹੈ। ਪ੍ਰਭੂਸੱਤਾ ਸੰਪੰਨ ਦੇਸ਼ ਹੋਣ ਦੇ ਨਾਤੇ ਕੋਈ ਵੀ ਮੁਲਕ ਆਪਣੀ ਆਬਾਦੀ ਦੀਆਂ ਊਰਜਾ ਲੋੜਾਂ ਨੂੰ ਪੂਰਾ ਕਰਨ ਲਈ ਸਭ ਤੋਂ ਵਧੀਆ ਅਤੇ ਕਿਫਾਇਤੀ ਸਰੋਤਾਂ ਤੋਂ ਊਰਜਾ ਆਯਾਤ ਕਰਨ ਲਈ ਸੁਤੰਤਰ ਹੈ। ਪਰ ਅਮਰੀਕੀ ਰਾਸ਼ਟਰਪਤੀ ਅਤੇ ਪ੍ਰਸ਼ਾਸਨ ਲਗਾਤਾਰ ਭਾਰੀ ਟੈਕਸਾਂ ਦੇ ਡਰਾਵੇ ਨਾਲ ਆਪਣੀ ਰਾਏ ਨਾਲ ਸਹਿਮਤ ਕਰਨ ਦੀ ਰਾਜਨੀਤੀ ਖੇਡਦੇ ਆ ਰਹੇ ਹਨ ਅਤੇ ਭਾਰਤ ਆਪਣੀ ਵਿਦੇਸ਼ ਨੀਤੀ ਅਤੇ ਵਪਾਰ ਵਿੱਚ ਤਾਲਮੇਲ ਬਿਠਾ ਕੇ ਚੱਲਣ ਦੀ ਕੋਸ਼ਿਸ਼ ਕਰਦਾ ਆ ਰਿਹਾ ਹੈ। ਭਾਰਤ ਸਰਕਾਰ ਦੇ ਪੈਟਰੋਲੀਅਮ ਅਤੇ ਕੁਦਰਤੀ ਗੈਸ ਮੰਤਰਾਲੇ ਦੇ ਪੈਟਰੋਲੀਅਮ ਯੋਜਨਾ ਅਤੇ ਵਿਸ਼ਲੇਸ਼ਣ ਸੈੱਲ ਅਨੁਸਾਰ ਅਪਰੈਲ ਅਤੇ ਅਗਸਤ 2026 ਦੇ ਵਿਚਕਾਰ ਕੱਚੇ ਤੇਲ ਦੀ ਦਰਾਮਦ 100,669 ਹਜ਼ਾਰ ਮੀਟ੍ਰਿਕ ਟਨ ਅਤੇ ਐੱਲ ਪੀ ਜੀ ਦੀ ਦਰਾਮਦ 4,992 ਹਜ਼ਾਰ ਮੀਟ੍ਰਿਕ ਟਨ ਰਹੀ ਹੈ। ਟਰੇਡ ਇੰਟੈਂਟ ਦੇ ਆਯਾਤ ਡੇਟਾ ਅਤੇ ਬਿੱਲ ਆਫ ਲੇਡਿੰਗ ਡੇਟਾਬੇਸ ਤੋਂ ਪਤਾ ਲੱਗਦਾ ਹੈ ਕਿ 2026 ਦੀ ਸ਼ੁਰੂਆਤ ਵਿੱਚ ਭਾਰਤ ਨੇ ਆਪਣੇ ਕੁੱਲ ਕੱਚੇ ਤੇਲ ਆਯਾਤ ਦਾ 19.89 ਫ਼ੀਸਦੀ ਇਰਾਕ ਤੋਂ, 17.92 ਫ਼ੀਸਦੀ ਰੂਸ, 16.03 ਫ਼ੀਸਦੀ ਸਾਊਦੀ ਅਰਬ, 11.00 ਫ਼ੀਸਦੀ ਯੂ ਏ ਈ, 6.95 ਫ਼ੀਸਦੀ ਨਿਊਜ਼ੀਲੈਂਡ, 5.04 ਫ਼ੀਸਦੀ ਬ੍ਰਾਜ਼ੀਲ, 4.49 ਫ਼ੀਸਦੀ ਅੰਗੋਲਾ, 3.93 ਫ਼ੀਸਦੀ ਨਾਇਜੀਰੀਆ, 3.51 ਫ਼ੀਸਦੀ ਅਮਰੀਕਾ ਅਤੇ 2.93 ਫ਼ੀਸਦੀ ਕੁਵੈਤ ਤੋਂ ਖ਼ਰੀਦਿਆ ਸੀ। ਹਾਲਾਂਕਿ ਅਪਰੈਲ-ਅਗਸਤ 2026 ਦੌਰਾਨ ਇਰਾਕ ਤੋਂ ਸ਼ਿਪਮੈਂਟ ਵਿੱਚ ਵੱਡੀਆਂ ਰੁਕਾਵਟਾਂ ਕਾਰਨ ਸਥਿਤੀ ਬਦਲ ਗਈ ਹੈ ਅਤੇ ਅਗਸਤ 2026 ਤੱਕ ਰੂਸ ਤੋਂ ਕੁੱਲ ਆਯਾਤ ਲਗਪਗ 45 ਫ਼ੀਸਦੀ ਹੋ ਗਿਆ ਹੈ।

ਸਮਝਣ ਵਾਲੀ ਗੱਲ ਇਹ ਹੈ ਕਿ ਅਮਰੀਕਾ ਖੁਦ ਨੂੰ ਰੂਸੀ ਤੇਲ ਅਤੇ ਗੈਸ ਦੇ ਵਿਕਲਪਿਕ ਸਰੋਤ ਵਜੋਂ ਪੇਸ਼ ਕਰ ਰਿਹਾ ਹੈ। ਪਰ ਭਾਰਤ ਲਈ ਅਮਰੀਕਾ ਤੋਂ ਕੱਚਾ ਤੇਲ ਖ਼ਰੀਦਣਾ ਨਾ ਸਿਰਫ਼ ਰੂਸ ਨਾਲੋਂ ਮਹਿੰਗਾ ਹੈ ਸਗੋਂ ਉੱਥੋਂ ਦੀ ਦੂਰੀ ਜ਼ਿਆਦਾ ਹੋਣ ਕਾਰਨ ਸਮੁੰਦਰੀ ਭਾੜੇ ਦਾ ਖ਼ਰਚਾ ਵੀ ਬਹੁਤ ਵੱਧ ਜਾਂਦਾ ਹੈ। ਇਸ ਤੋਂ ਇਲਾਵਾ ਭਾਰਤੀ ਰਿਫਾਇਨਰੀਆਂ ਰੂਸੀ ਅਤੇ ਮੱਧ ਪੂਰਬੀ ਕੱਚੇ ਤੇਲ ਲਈ ਤਿਆਰ ਕੀਤੀਆਂ ਗਈਆਂ ਹਨ; ਅਮਰੀਕੀ ਤੇਲ ਦੀ ਵੱਖਰੀ ਗੁਣਵੱਤਾ ਦੀ ਪ੍ਰੋਸੈਸਿੰਗ ਵੱਡੀ ਚੁਣੌਤੀ ਹੈ, ਜਿਸ ਲਈ ਮਸ਼ੀਨਰੀ ਵਿੱਚ ਕਾਫੀ ਬਦਲਾਅ ਦੀ ਲੋੜ ਹੁੰਦੀ ਹੈ। ਇਹੀ ਗੱਲ ਚੀਨ ਲਈ ਵੀ ਸੱਚ ਹੋ ਸਕਦੀ ਹੈ। ਫੇਰ, ਭਾਰਤ ਨੂੰ ਰੂਸ ਤੋਂ ਤੇਲ ਕਿਉਂ ਨਹੀਂ ਆਯਾਤ ਕਰਨਾ ਚਾਹੀਦਾ? ਜਾਂ ਫਿਰ ਭਾਰਤ ਨੂੰ ਸਸਤਾ ਰੂਸੀ ਤੇਲ ਅਤੇ ਸਸਤੀ ਢੁਆਈ ਛੱਡ ਕੇ ਕਿਉਂ ਅਮਰੀਕਾ ਤੋਂ ਉੱਚੀ ਦਰ ਅਤੇ ਵੱਧ ਢੁਆਈ ਦੇ ਖਰਚੇ 'ਤੇ ਤੇਲ ਆਯਾਤ ਕਰਨਾ ਚਾਹੀਦਾ ਹੈ? ਜਾਂ ਫਿਰ ਅਮਰੀਕਾ, ਭਾਰਤ ਨੂੰ ਮਜਬੂਰ ਕਰਨ ਲਈ ਕਿਉਂ ਅਜਿਹੇ ਦਾਅ-ਪੇਚ ਖੇਡ ਰਿਹਾ ਹੈ? ਇਨ੍ਹਾਂ ਸਵਾਲਾਂ ਦੇ ਜਵਾਬ ਸਾਰੀ ਰਾਜਨੀਤੀ ਨੂੰ ਖੋਲ੍ਹ ਦਿੰਦੇ ਹਨ। ਸਮੱਸਿਆ ਦੀ ਜੜ੍ਹ: ਭਾਰਤ ਆਪਣੇ ਰਾਸ਼ਟਰੀ ਹਿੱਤ ਵਿੱਚ ਵਿਸ਼ਵ ਵਪਾਰ ਨੂੰ ਸੰਤੁਲਿਤ ਕਰਨ ਲਈ 'ਰਣਨੀਤਕ ਖੁਦਮੁਖਤਿਆਰੀ' ਦਾ ਬਿਰਤਾਂਤ ਸਿਰਜ ਕੇ ਆਪਣੇ ਹਿੱਤਾਂ ਨੂੰ ਸੁਰੱਖਿਅਤ ਰੱਖਣ ਦੀ ਕੋਸ਼ਿਸ਼ ਕਰਦਾ ਹੈ ਜਦਕਿ ਅਮਰੀਕਾ ਇਸ ਨੂੰ ਆਪਣੀਆਂ ਨੀਤੀਆਂ ਅਤੇ ਭੂ-ਰਾਜਨੀਤਕ ਯੋਜਨਾਵਾਂ ਅਨੁਸਾਰ ਚੱਲਣ ਲਈ ਮਜਬੂਰ ਕਰਨ ਲਈ ਸਜ਼ਾ ਵਜੋਂ ਵਾਧੂ ਟੈਰਿਫ ਨੂੰ ਚਾਬੁਕ ਵਾਂਗ ਵਰਤਦਾ ਹੈ। ਅਮਰੀਕਾ ਇਸ ਨਵੇਂ ਕਾਨੂੰਨ ਨੂੰ ਇੱਕ ਪਾਸੇ ਭਾਰਤ ਅਤੇ ਚੀਨ ਵਿਰੁੱਧ 'ਵਪਾਰ ਨੂੰ ਹਥਿਆਰ ਵਜੋਂ ਵਰਤਣ' ਅਤੇ ਦੂਜੇ ਪਾਸੇ ਰੂਸ ਤੇ ਈਰਾਨ ਖ਼ਿਲਾਫ਼ 'ਵਪਾਰ ਯੁੱਧ' ਛੇੜਨ ਲਈ ਵਰਤ ਰਿਹਾ ਹੈ। ਇਸ ਜ਼ਰੀਏ ਹੀ ਉਹ ਇਨ੍ਹਾਂ ਕਾਰਵਾਈਆਂ ਨੂੰ ਆਪਣੀ ਜਨਤਾ ਅਤੇ ਅੰਤਰਰਾਸ਼ਟਰੀ ਭਾਈਚਾਰੇ ਸਾਹਮਣੇ ਜਾਇਜ਼ ਠਹਿਰਾਉਣਾ ਚਾਹੁੰਦਾ ਹੈ।

ਇਸ ਕਾਨੂੰਨ ਦਾ ਦਿਲਚਸਪ ਪਹਿਲੂ ਇਹ ਵੀ ਹੈ ਕਿ ਇਹ ਉਨ੍ਹਾਂ ਦੇਸ਼ਾਂ ਨੂੰ ਭਾਰੀ ਟੈਕਸਾਂ ਦੀ ਸਜ਼ਾ ਤੋਂ ਛੋਟ ਦਿੰਦਾ ਹੈ ਜੋ ਰੂਸ ਤੋਂ ਇਸ ਦੇ ਕੁੱਲ ਵਿਸ਼ਵਵਿਆਪੀ ਊਰਜਾ ਨਿਰਯਾਤ ਦਾ 15 ਫ਼ੀਸਦੀ ਤੋਂ ਘੱਟ ਖ਼ਰੀਦਦੇ ਹਨ ਅਤੇ ਰੂਸ ਤੋਂ ਆਪਣੇ ਆਯਾਤ ਨੂੰ ਘਟਾਉਣ ਲਈ ਮਹੱਤਵਪੂਰਨ ਕਦਮ ਚੁੱਕ ਰਹੇ ਹਨ। ਇਨ੍ਹਾਂ ਦੇਸ਼ਾਂ ਵਿੱਚ ਜਾਪਾਨ, ਫਰਾਂਸ, ਬੈਲਜੀਅਮ ਅਤੇ ਹੋਰ ਯੂਰੋਪੀਅਨ ਦੇਸ਼ ਸ਼ਾਮਲ ਹਨ ਜੋ ਰੂਸ-ਯੂਕਰੇਨ ਯੁੱਧ ਦੇ ਮਸਲੇ 'ਤੇ ਅਮਰੀਕੀ ਨੀਤੀ ਦਾ ਸਮਰਥਨ ਕਰਦੇ ਹਨ। ਇਨ੍ਹਾਂ ਦੇਸ਼ਾਂ ਨੂੰ ਛੋਟ ਦੇਣ ਲਈ ਰੂਸੀ ਤੇਲ ਆਯਾਤ ਮਾਪਣ ਦੇ ਢੰਗ ਦਾ ਵੀ ਇੱਕ ਅਜੀਬ ਰਾਜਨੀਤਕ ਪਹਿਲੂ ਹੈ: ਕਿਸੇ ਦੇਸ਼ ਦੇ ਕੁੱਲ ਊਰਜਾ ਆਯਾਤ ਵਿੱਚ ਰੂਸੀ ਊਰਜਾ ਹਿੱਸੇਦਾਰੀ ਦੇ ਪ੍ਰਤੀਸ਼ਤ ਨੂੰ ਦੇਖਣ ਦੀ ਬਜਾਏ ਰੂਸ ਦੇ ਕੁੱਲ ਵਿਸ਼ਵ ਊਰਜਾ ਨਿਰਯਾਤ ਵਿੱਚ ਰੂਸ ਤੋਂ ਉਕਤ ਦੇਸ਼ ਦੇ ਆਯਾਤ ਦੇ ਪ੍ਰਤੀਸ਼ਤ ਨੂੰ ਮਾਪਿਆ ਜਾਂਦਾ ਹੈ ਕਿਉਂਕਿ ਇਸੇ ਤਰ੍ਹਾਂ ਹੀ ਇਹ ਦੇਸ਼ ਛੋਟ ਲਈ ਯੋਗ ਹੁੰਦੇ ਹਨ। ਦਿਲਚਸਪ ਗੱਲ ਇਹ ਹੈ ਕਿ ਅੱਜ ਵੀ ਯੂਰੋਪ ਸਮੂਹਿਕ ਤੌਰ 'ਤੇ ਰੂਸੀ ਗੈਸ ਦਾ ਸਭ ਤੋਂ ਵੱਡਾ ਵਿਸ਼ਵ ਖਰੀਦਦਾਰ ਹੈ; ਇਹ ਰੂਸ ਦੇ ਗਲੋਬਲ ਸ਼ਿਪਮੈਂਟ ਦੇ ਲਗਪਗ ਅੱਧ (49 ਫ਼ੀਸਦੀ) ਦਾ ਖ਼ਰੀਦਦਾਰ ਹੈ ਅਤੇ ਰੂਸ ਦੀ ਗੈਸ ਤੋਂ ਆਮਦਨ ਦਾ ਇੱਕ ਵੱਡਾ ਹਿੱਸਾ ਯੂਰੋਪ ਤੋਂ ਆਉਂਦਾ ਹੈ।

ਇਹ ਕਾਨੂੰਨ ਕਈ ਸਵਾਲ ਛੱਡਦਾ ਹੈ, ਜਿਨ੍ਹਾਂ ਦੇ ਜਵਾਬ ਵੀ ਇਸ ਵਿੱਚ ਲੁਕੇ ਹੋਏ ਹਨ। ਜੇ ਇਸ ਅਮਰੀਕੀ ਕਾਨੂੰਨ ਦਾ ਉਦੇਸ਼ ਰੂਸ ਦੇ ਯੁੱਧ-ਖਜ਼ਾਨੇ ਨੂੰ ਨੁਕਸਾਨ ਪਹੁੰਚਾਉਣਾ ਹੈ ਤਾਂ 15 ਫ਼ੀਸਦੀ ਦੀ ਸੀਮਾ ਕਿਉਂ ਰੱਖੀ ਗਈ ਹੈ? ਦਰਅਸਲ, ਇਹ ਕਾਨੂੰਨ ਅਤੇ ਅਮਰੀਕੀ ਰਾਸ਼ਟਰਪਤੀ ਦੇ ਪਿਛਲੇ ਫ਼ੈਸਲੇ ਗਲੋਬਲ ਭੂ-ਰਾਜਨੀਤੀ ਦਾ ਹਿੱਸਾ ਹਨ, ਜਿਸ ਨਾਲ ਯੂਰੋਪੀਅਨ ਦੇਸ਼ਾਂ ਦੀ ਵਿਦੇਸ਼ ਨੀਤੀ ਵੱਡੇ ਪੱਧਰ 'ਤੇ ਮੇਲ ਖਾਂਦੀ ਹੈ- ਖਾਸ ਤੌਰ 'ਤੇ ਯੂਕਰੇਨ ਦੀ ਯੂਰੋਪੀਅਨ ਯੂਨੀਅਨ ਦੀ ਮੈਂਬਰਸ਼ਿਪ ਅਤੇ ਰੂਸ-ਯੂਕਰੇਨ ਯੁੱਧ ਦੇ ਮੁੱਦੇ 'ਤੇ। ਨਤੀਜੇ ਵਜੋਂ, ਯੂਰੋਪੀਅਨ ਦੇਸ਼ ਆਪਣੀ ਵਿਦੇਸ਼ ਨੀਤੀ ਦੇ ਟੀਚਿਆਂ ਦੇ ਅਨੁਸਾਰ ਰੂਸੀ ਤੇਲ ਅਤੇ ਗੈਸ 'ਤੇ ਨਿਰਭਰਤਾ ਨੂੰ ਘਟਾ ਰਹੇ ਹਨ; ਇਸ ਤੋਂ ਇਲਾਵਾ, ਭੂਗੋਲਿਕ ਤੌਰ 'ਤੇ ਯੂਰੋਪ ਭਾਰਤ ਜਾਂ ਚੀਨ ਨਾਲੋਂ ਅਮਰੀਕਾ ਦੇ ਬਹੁਤ ਨੇੜੇ ਹੈ, ਜਿਸ ਨਾਲ ਉਨ੍ਹਾਂ ਨੂੰ ਤੇਲ ਅਤੇ ਗੈਸ ਦੀ ਢੋਆ-ਢੁਆਈ ਲਈ ਬਹੁਤ ਘੱਟ ਲਾਗਤ ਆਉਂਦੀ ਹੈ।

ਇਸ ਤਰ੍ਹਾਂ, ਕਾਨੂੰਨ ਸਪੱਸ਼ਟ ਤੌਰ 'ਤੇ ਬ੍ਰਿਕਸ ਦੇਸ਼ਾਂ, ਖਾਸ ਤੌਰ 'ਤੇ ਭਾਰਤ, ਚੀਨ ਅਤੇ ਰੂਸ ਨੂੰ ਨਿਸ਼ਾਨਾ ਬਣਾਉਂਦਾ ਹੈ। ਦੋ-ਪੱਖੀ ਵੋਟ ਨਾਲ ਬਿੱਲ ਪਾਸ ਕਰਨ ਅਤੇ ਅਮਰੀਕੀ ਰਾਸ਼ਟਰਪਤੀ ਵੱਲੋਂ ਉਸ 'ਤੇ ਫ਼ੌਰੀ ਸਹੀ ਪਾਉਣ ਦੀ ਕਾਹਲੀ ਨੂੰ ਖ਼ਾਸ ਸੰਦਰਭ ਵਿੱਚ ਸਮਝਣਾ ਪਵੇਗਾ ਕਿਉਂਕਿ ਇਹ ਸਾਰਾ ਵਰਤਾਰਾ ਬਰਿਕਸ ਸੰਮੇਲਨ ਵਿੱਚ ਮਸੂਦ ਪੇਜ਼ੇਸ਼ਕੀਅਨ ਦੀ ਪੂਰਨ ਮੈਂਬਰ ਵਜੋਂ ਹਾਜ਼ਰੀ ਅਤੇ ਬਰਿਕਸ ਘੋਸ਼ਣਾ ਪੱਤਰ ਵਿੱਚ ਉਠਾਏ ਗਏ ਅਹਿਮ ਮੁੱਦਿਆਂ- ਜਿਵੇਂ ਇਕਤਰਫਾ ਧੱਕੇ ਦੀ ਨਿਖੇਧੀ, ਬਹੁ-ਪੱਖੀ ਅਤੇ ਬਹੁ-ਧਰੁਵਤਾ ਪ੍ਰਤੀ ਵਚਨਬੱਧਤਾ, ਸੰਯੁਕਤ ਰਾਸ਼ਟਰ ਸੁਰੱਖਿਆ ਪਰਿਸ਼ਦ ਦੇ ਵਿਆਪਕ ਸੁਧਾਰਾਂ 'ਤੇ ਜ਼ੋਰ ਅਤੇ ਆਪਸੀ ਵਪਾਰ ਭੁਗਤਾਨ ਲਈ ਬਰਿਕਸ ਸਥਾਨਕ ਮੁਦਰਾਵਾਂ ਦੀ ਵਰਤੋਂ ਆਦਿ ਦੇ ਹਵਾਲੇ ਨਾਲ ਸਾਹਮਣੇ ਆਉਂਦਾ ਹੈ। ਇਸ ਕਾਨੂੰਨ ਨੂੰ ਉਨ੍ਹਾਂ ਬਦਲਵੇਂ ਆਰਥਿਕ ਨੈੱਟਵਰਕਾਂ 'ਤੇ ਸਿੱਧਾ ਹਮਲਾ ਕਰਨ ਲਈ ਹਥਿਆਰ ਵਜੋਂ ਲਿਆਂਦਾ ਗਿਆ ਹੈ ਜਿਨ੍ਹਾਂ ਨੂੰ ਬਰਿਕਸ ਮੈਂਬਰ ਮਜ਼ਬੂਤ ਕਰਨ ਦੀ ਕੋਸ਼ਿਸ਼ ਕਰ ਰਹੇ ਹਨ।

ਇੱਕ ਸਿਆਸੀ ਅਤੇ ਵਪਾਰਕ ਗੱਠਜੋੜ ਹੋਣ ਦੇ ਨਾਤੇ, ਬਰਿਕਸ ਦੇਸ਼ ਆਪਸੀ ਵਪਾਰ ਲਈ ਰਾਸ਼ਟਰੀ ਮੁਦਰਾਵਾਂ ਦੀ ਵਰਤੋਂ ਕਰ ਕੇ ਡਾਲਰ ਦੇ ਦਬਾਅ ਤੋਂ ਬਚਣ ਦੇ ਰਸਤੇ ਤਲਾਸ਼ ਰਹੇ ਹਨ; ਇਸ ਦੇ ਉਲਟ, ਯੂਰੋਪੀਅਨ ਯੂਨੀਅਨ ਇੱਕ ਫੌਜੀ ਗੱਠਜੋੜ ਹੋਣ ਨਾਤੇ ਆਪਣੇ ਇੱਕ ਮੈਂਬਰ 'ਤੇ ਹਮਲੇ ਨੂੰ ਸਾਰਿਆਂ 'ਤੇ ਹਮਲੇ ਦੇ ਨਾਅਰੇ ਨਾਲ ਅੱਗੇ ਵਧ ਰਹੇ ਹਨ, ਫਰਕ ਸਪੱਸ਼ਟ ਹੈ। ਯੂਰੋਪੀਅਨ ਯੂਨੀਅਨ ਦੇ ਸਭ ਤੋਂ ਮਜ਼ਬੂਤ ਮੈਂਬਰ ਹੋਣ ਦੇ ਨਾਤੇ ਅਮਰੀਕੀ ਰਾਸ਼ਟਰਪਤੀ ਵਪਾਰ ਗੱਠਜੋੜ ਅਤੇ ਫੌਜੀ ਗੱਠਜੋੜ ਸਬੰਧੀ ਉਲਝ ਗਏ ਹਨ। ਇਸ ਉਲਝਣ ਵਿੱਚ ਉਹ ਬਰਿਕਸ ਨੂੰ ਕੁਚਲਣਾ ਚਾਹੁੰਦੇ ਹਨ ਪਰ ਸ਼ਾਇਦ ਉਹ ਸਫ਼ਲ ਨਾ ਹੋ ਸਕਣ। ਦੁਨੀਆ ਦੀ ਲਗਪਗ ਅੱਧੀ ਆਬਾਦੀ ਅਤੇ 40 ਫ਼ੀਸਦੀ ਜੀ ਡੀ ਪੀ ਵਾਲੇ ਬਰਿਕਸ ਦੇ 11 ਪੂਰਨ ਮੈਂਬਰ ਦੇਸ਼ ਅਤੇ 10 ਭਾਈਵਾਲ ਮੈਂਬਰ ਦੇਸ਼ ਵਿਸ਼ਵ ਦੀ ਦਿਸ਼ਾ ਗਲੋਬਲ ਦੱਖਣ ਵੱਲ ਮੋੜ ਸਕਦੇ ਹਨ ਅਤੇ ਮਤਭੇਦਾਂ ਨੂੰ ਵਿਵਾਦਾਂ ਵਿੱਚ ਬਦਲਣ ਤੋਂ ਪਰਹੇਜ਼ ਕਰਦੇ ਹੋਏ ਦੂਜਿਆਂ ਦੁਆਰਾ ਬਣਾਏ ਨਿਯਮਾਂ ਨੂੰ ਮੰਨਣ ਵਾਲਿਆਂ ਤੋਂ ਨਿਯਮ ਬਣਾਉਣ ਵਾਲੇ ਬਣ ਸਕਦੇ ਹਨ।

# ਦੋ ਜ਼ਹਿਰੀਲੇ ਟੀਕਿਆਂ ਤੋਂ ਬਾਅਦ ਵੀ ਜ਼ਿੰਦਾ ਰਹੀ ਮੌਤ ਦੀ ਸਜ਼ਾ ਪਾਉਣ ਵਾਲੀ ਕੈਦੀ

ਟੇਨੇਸੀ ਸੂਬੇ ਵਿੱਚ ਮੌਤ ਦੀ ਸਜ਼ਾ ਦਾ ਸਾਹਮਣਾ ਕਰ ਰਹੀ ਕੈਦੀ ਕ੍ਰਿਸਟਾ ਪਾਈਕ ਨੂੰ ਦੋ ਘਾਤਕ ਟੀਕੇ ਦਿੱਤੇ ਗਏ, ਪਰ ਉਹ ਅਜੇ ਵੀ ਜ਼ਿੰਦਾ ਹੈ। ਇਸ ਤੋਂ ਬਾਅਦ ਉਨ੍ਹਾਂ ਨੂੰ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ। ਉਨ੍ਹਾਂ ਦੇ ਵਕੀਲ ਨੇ ਇਹ ਜਾਣਕਾਰੀ ਦਿੱਤੀ ਹੈ। ਪਾਈਕ ਦੀ ਸਜ਼ਾ ਰੋਕਣ ਲਈ ਉਨ੍ਹਾਂ ਦੀ ਕਾਨੂੰਨੀ ਟੀਮ ਨੇ ਆਖ਼ਰੀ ਸਮੇਂ ਵਿੱਚ ਇੱਕ ਐਮਰਜੈਂਸੀ ਪਟੀਸ਼ਨ ਦਾਇਰ ਕੀਤੀ। ਇਸ ਵਿੱਚ ਕਿਹਾ ਗਿਆ, "ਪਾਈਕ ਬੇਹੋਸ਼ ਹੋ ਗਈ ਹੈ, ਪਰ ਉਨ੍ਹਾਂ ਦੇ ਦਿਲ ਦੀ ਧੜਕਨ ਅਜੇ ਵੀ ਚੱਲ ਰਹੀ ਹੈ ਅਤੇ ਉਨ੍ਹਾਂ ਦੇ ਘੁਰਾੜੇ ਸੁਣਾਈ ਦੇ ਰਹੇ ਹਨ।" ਪਾਈਕ ਦੇ ਇੱਕ ਵਕੀਲ ਨੇ ਮੀਡੀਆ ਨੂੰ ਦੱਸਿਆ ਕਿ 50 ਸਾਲਾ ਪਾਈਕ ਨੂੰ ਪੈਂਟੋਬਾਰਬਿਟਲ ਦੀਆਂ ਦੋ ਸਿਰਿੰਜਾਂ ਦੇਣ ਤੋਂ ਬਾਅਦ ਹਸਪਤਾਲ ਵਿੱਚ ਉਨ੍ਹਾਂ ਦਾ ਇਲਾਜ ਚੱਲ ਰਿਹਾ ਹੈ। ਪਾਈਕ ਨੂੰ 1996 ਵਿੱਚ 19 ਸਾਲਾ ਕੋਲੀਨ ਸਲੇਮਰ ਦੇ ਕਤਲ ਲਈ ਮੌਤ ਦੀ ਸਜ਼ਾ ਸੁਣਾਈ ਗਈ ਸੀ। ਉਨ੍ਹਾਂ ਦੀ ਸਜ਼ਾ ਰੋਕਣ ਲਈ ਆਖ਼ਰੀ ਸਮੇਂ ਤੱਕ ਕਾਨੂੰਨੀ ਲੜਾਈ ਚੱਲੀ। ਇਸ ਦਾ ਨਤੀਜਾ ਇਹ ਹੋਇਆ ਕਿ ਅਮਰੀਕੀ ਸੁਪਰੀਮ ਕੋਰਟ ਨੇ ਘਾਤਕ ਟੀਕਾ ਦੇਣ ਦੀ ਪ੍ਰਕਿਰਿਆ ਨੂੰ ਅੱਗੇ ਵਧਾਉਣ ਦੀ ਇਜਾਜ਼ਤ ਦੇ ਦਿੱਤੀ। ਪਾਈਕ 18 ਸਾਲ ਦੀ ਸੀ, ਜਦੋਂ ਉਸ ਨੇ ਆਪਣੇ ਉਸ ਸਮੇਂ ਦੇ ਪ੍ਰੇਮੀ ਟੈਡਾਰਿਲ ਸ਼ਿਪ ਨਾਲ ਮਿਲ ਕੇ 19 ਸਾਲਾ ਸਲੇਮਰ ਦਾ ਕਤਲ ਕੀਤਾ ਸੀ। ਦੋਵਾਂ ਦੀ ਮੁਲਾਕਾਤ ਪਰੇਸ਼ਾਨ ਕਿਸ਼ੋਰਾਂ ਲਈ ਚਲਾਏ ਜਾ ਰਹੇ ਇੱਕ ਜੌਬ ਟ੍ਰੇਨਿੰਗ ਕੈਂਪ ਵਿੱਚ ਹੋਈ ਸੀ। ਉਨ੍ਹਾਂ ਨੇ ਸਲੇਮਰ ਨੂੰ ਕੁੱਟਿਆ, ਤਸੀਹੇ ਦਿੱਤੇ ਅਤੇ ਫਿਰ ਉਸ ਦਾ ਕਤਲ ਕਰ ਦਿੱਤਾ। ਸਲੇਮਰ ਦੀ ਮਾਂ ਮੇ ਮਾਰਟਿਨੇਜ਼ ਵੀ ਪਾਈਕ ਨੂੰ ਮੌਤ ਦੀ ਸਜ਼ਾ ਦਿੱਤੇ ਜਾਣ ਦੇ ਪੱਖ ਵਿੱਚ ਸਨ। ਹਾਲੀਆ ਘਟਨਾਕ੍ਰਮ ਬਾਰੇ ਐੱਨਬੀਸੀ ਨਿਊਜ਼ ਨਾਲ ਗੱਲ ਕਰਦਿਆਂ ਉਨ੍ਹਾਂ ਨੇ ਕਿਹਾ, "ਇਹ ਇੱਕ ਅਜੀਬ ਜਿਹੀ ਗੜਬੜ ਸੀ।" ਮੌਤ ਦੀ ਸਜ਼ਾ ਦੇਣ ਦੀ ਇਹ ਕੋਸ਼ਿਸ਼ ਨੈਸ਼ਵਿਲ ਦੇ ਰਿਵਰਬੈਂਡ ਮੈਕਸਿਮਮ ਸਕਿਊਰਿਟੀ ਇੰਸਟੀਚਿਊਸ਼ਨ ਵਿੱਚ ਸਥਾਨਕ ਸਮੇਂ ਮੁਤਾਬਕ ਬੁੱਧਵਾਰ ਰਾਤ ਕਰੀਬ 8 ਵਜੇ (ਭਾਰਤੀ ਸਮੇਂ ਮੁਤਾਬਕ ਵੀਰਵਾਰ ਸਵੇਰੇ 6।30 ਵਜੇ) ਹੋਈ।

ਏਜੰਸੀਆਂ ਮੁਤਾਬਕ, ਪਾਈਕ ਨੂੰ ਮਾਰਨ ਲਈ ਪੈਂਟੋਬਾਰਬਿਟਲ ਨਾਮ ਦੀ ਦਵਾਈ ਦੀਆਂ ਦੋ ਖ਼ੁਰਾਕਾਂ ਦਿਤੀਆਂ ਗਈਆਂ। ਇਸ ਦੌਰਾਨ ਗਵਾਹ ਕਮਰੇ ਦਾ ਪਰਦਾ ਦੋ ਵਾਰ ਬੰਦ ਕੀਤਾ ਗਿਆ। ਏਪੀ ਨੇ ਦੱਸਿਆ ਕਿ ਕੁਝ ਦੇਰ ਬਾਅਦ ਉੱਥੇ ਮੌਜੂਦ ਮੀਡੀਆਕਰਮੀਆਂ ਨੂੰ ਜਾਣ ਲਈ ਕਿਹਾ ਗਿਆ। ਟੇਨੇਸੀ ਦੀ ਸਜ਼ਾ ਦੇ ਪ੍ਰੋਟੋਕੋਲ ਵਿੱਚ ਦਵਾਈਆਂ ਵਾਲੀਆਂ ਸਿਰਿੰਜਾਂ ਦਾ ਦੂਜਾ ਸੈੱਟ ਰੱਖਣ ਦਾ ਪ੍ਰਬੰਧ ਹੈ। ਜੇ ਪਹਿਲਾ ਸੈੱਟ ਵਰਤਣ ਤੋਂ ਬਾਅਦ ਵਿਅਕਤੀ ਦੀ ਮੌਤ ਨਹੀਂ ਹੁੰਦੀ, ਤਾਂ ਦੂਜੇ ਸੈੱਟ ਦੀ ਵਰਤੋਂ ਕੀਤੀ ਜਾ ਸਕਦੀ ਹੈ। ਹਾਲਾਂਕਿ, ਪ੍ਰੋਟੋਕੋਲ ਵਿੱਚ ਇਹ ਸਪੱਸ਼ਟ ਤੌਰ 'ਤੇ ਨਹੀਂ ਦੱਸਿਆ ਗਿਆ ਹੈ ਕਿ ਜੇ ਦੂਜੇ ਸੈੱਟ ਦੀ ਸਿਰਿੰਜ ਦੇਣ ਤੋਂ ਬਾਅਦ ਵੀ ਵਿਅਕਤੀ ਜ਼ਿੰਦਾ ਰਹਿੰਦਾ ਹੈ ਤਾਂ ਕੀ ਕੀਤਾ ਜਾਵੇਗਾ। ਜਿਵੇਂ ਕਿ ਪਾਈਕ ਦੇ ਮਾਮਲੇ ਵਿੱਚ ਹੋਇਆ।



ਅਮਰੀਕੀ ਮੀਡੀਆ ਨੂੰ ਦਿੱਤੇ ਇੱਕ ਬਿਆਨ ਵਿੱਚ ਟੇਨੇਸੀ ਦੇ ਗਵਰਨਰ ਬਿਲ ਲੀ ਨੇ ਕਿਹਾ ਕਿ ਉਨ੍ਹਾਂ ਨੇ "ਅਸਲ ਵਿੱਚ ਕੀ ਹੋਇਆ, ਇਹ ਪਤਾ ਲਗਾਉਣ ਲਈ ਇੱਕ ਸੁਤੰਤਰ ਅਤੇ ਵਿਆਪਕ ਸਮੀਖਿਆ" ਦੇ ਹੁਕਮ ਦਿੱਤੇ ਹਨ। ਉਨ੍ਹਾਂ ਕਿਹਾ ਕਿ ਇਸ ਸਾਲ ਸੂਬੇ ਵਿੱਚ ਹੋਣ ਵਾਲੀ ਆਖ਼ਰੀ ਮੌਤ ਦੀ ਸਜ਼ਾ ਹੁਣ ਤੈਅ ਯੋਜਨਾ ਮੁਤਾਬਕ ਨਹੀਂ ਦਿੱਤੀ ਜਾਵੇਗੀ। ਪਾਈਕ ਨੂੰ ਮੌਤ ਦੀ ਸਜ਼ਾ ਦੇਣ ਦੀ ਕੋਸ਼ਿਸ਼ ਦਾ ਨਾਕਾਮ ਹੋਣਾ ਇਸ ਸਾਲ ਟੇਨੇਸੀ ਵਿੱਚ ਅਜਿਹੀ ਪਹਿਲੀ ਘਟਨਾ ਨਹੀਂ ਹੈ।

ਮਈ ਵਿੱਚ 1994 ਵਿੱਚ ਤਿੰਨ ਲੋਕਾਂ ਦੇ ਅਗਵਾ ਅਤੇ ਕਤਲ ਦੇ ਦੋਸ਼ੀ ਟੋਨੀ ਕੈਰੁਥਰਜ਼ ਦੀ ਮੌਤ ਦੀ ਸਜ਼ਾ ਰੋਕ ਦਿੱਤੀ ਗਈ ਸੀ। ਉਸ ਸਮੇਂ ਕਰਮਚਾਰੀ ਉਸ ਨੂੰ ਘਾਤਕ ਦਵਾਈ ਦੇਣ ਲਈ ਨਾੜ ਨਹੀਂ ਲੱਭ ਸਕੇ ਸਨ। ਟੇਨੇਸੀ ਸੁਧਾਰ ਵਿਭਾਗ ਨੇ ਕਿਹਾ ਹੈ ਕਿ ਪਾਈਕ ਨੂੰ ਘਾਤਕ ਟੀਕਾ ਦੇਣ ਦੌਰਾਨ ਸਾਰੀਆਂ ਪ੍ਰਕਿਰਿਆਵਾਂ ਠੀਕ ਤਰੀਕੇ ਨਾਲ ਕੀਤੀਆਂ ਗਈਆਂ ਸਨ। ਟੇਨੇਸੀ ਸੁਧਾਰ ਵਿਭਾਗ ਦੀ ਬੁਲਾਰਨ ਡੋਰਿੰਡਾ ਕਾਰਟਰ ਨੇ ਟੇਨੇਸੀਅਨ ਅਖ਼ਬਾਰ ਨੂੰ ਕਿਹਾ, "ਵਿਭਾਗ ਨੇ ਅਟਾਰਨੀ ਜਨਰਲ ਦੇ ਦਫ਼ਤਰ ਤੋਂ ਮੌਤ ਦੀ ਸਜ਼ਾ ਲਈ ਮਨਜ਼ੂਰ ਸੂਬੇ ਦੇ ਤੈਅ ਅਤੇ ਕਾਨੂੰਨੀ ਪ੍ਰੋਟੋਕੋਲ ਦੇ ਹਰ ਪੜਾਅ ਦੀ ਪਾਲਣਾ ਕੀਤੀ।" ਉਨ੍ਹਾਂ ਕਿਹਾ, "ਪ੍ਰਕਿਰਿਆ ਵਿੱਚ ਵਰਤੇ ਗਏ ਘਾਤਕ ਟੀਕੇ ਦੇ ਰਸਾਇਣ ਲਗਾਤਾਰ ਪ੍ਰਭਾਵੀ ਰਹੇ ਹਨ ਅਤੇ ਇਸ ਪ੍ਰਕਿਰਿਆ ਵਿੱਚ ਅੱਜ ਸ਼ਾਮ ਜੋ ਕੀਤਾ ਗਿਆ, ਉਸ ਤੋਂ ਇਲਾਵਾ ਕਿਸੇ ਹੋਰ ਪ੍ਰਕਿਰਿਆ ਦੀ ਇਜਾਜ਼ਤ ਨਹੀਂ ਹੈ। ਕ੍ਰਿਸਟਾ ਪਾਈਕ ਨੂੰ ਇੱਕ ਬਾਹਰੀ ਮੈਡੀਕਲ ਕੇਂਦਰ ਲਿਆਂਦਾ ਗਿਆ ਹੈ।" ਪਾਈਕ ਦੀ ਕਾਨੂੰਨੀ ਟੀਮ ਨੇ ਟੇਨੇਸੀਅਨ ਅਖ਼ਬਾਰ ਨੂੰ ਦਿੱਤੇ ਇੱਕ ਬਿਆਨ ਵਿੱਚ ਕਿਹਾ, "ਅੱਜ ਰਾਤ ਟੇਨੇਸੀ ਸੂਬਾ ਇੱਕ ਵਾਰ ਫਿਰ ਕਾਨੂੰਨੀ ਤੌਰ 'ਤੇ ਮੌਤ ਦੀ ਸਜ਼ਾ ਦੇਣ ਵਿੱਚ ਨਾਕਾਮ ਰਿਹਾ।" ਉਨ੍ਹਾਂ ਕਿਹਾ, "ਸਾਨੂੰ ਸਹੀ ਸਾਬਤ ਹੋਣ ਵਿੱਚ ਕੋਈ ਖ਼ੁਸ਼ੀ ਨਹੀਂ ਹੈ। ਪਰ ਪਾਈਕ ਨੇ ਜਿਨ੍ਹਾਂ ਮੁੱਦਿਆਂ ਨੂੰ ਉਠਾਇਆ ਸੀ, ਉਹ ਸੱਚ ਸਾਬਤ ਹੋਏ। ਇਨ੍ਹਾਂ ਵਿੱਚ ਨਾੜਾਂ ਤੱਕ ਪਹੁੰਚਣ ਵਿੱਚ ਦਿੱਕਤ, ਨਾੜਾਂ ਦਾ ਫਟ ਜਾਣਾ, ਪੈਂਟੋਬਾਰਬਿਟਲ ਦੀ ਖ਼ਰਾਬ ਕੁਆਲਟੀ ਅਤੇ ਹਾਲਾਤ ਵਿਗੜਨ 'ਤੇ ਤੁਰੰਤ ਮੈਡੀਕਲ ਮਦਦ ਦਾ ਉਪਲਬਧ ਨਾ ਹੋਣਾ ਸ਼ਾਮਲ ਹੈ।" "ਇਹ ਸਭ ਅਜਿਹੇ ਪ੍ਰੋਟੋਕੋਲ ਤਹਿਤ ਹੋਇਆ, ਜਿਸ ਬਾਰੇ ਬਹੁਤ ਘੱਟ ਜਾਣਕਾਰੀ ਜਨਤਕ ਕੀਤੀ ਜਾਂਦੀ ਹੈ।"

ਪਾਈਕ ਦੇ ਵਕੀਲਾਂ ਨੇ ਉਸ ਦੀ ਫਾਂਸੀ ਰੋਕਣ ਅਤੇ ਘਾਤਕ ਟੀਕਾ ਦੇਣ ਵਿੱਚ ਹੋਈ ਕਥਿਤ ਗੜਬੜ ਤੋਂ ਬਾਅਦ ਉਸ ਨੂੰ ਮੈਡੀਕਲ ਮਦਦ ਦੇਣ ਲਈ ਇੱਕ ਐਮਰਜੈਂਸੀ ਪਟੀਸ਼ਨ ਦਾਇਰ ਕੀਤੀ। ਜ਼ਿਲ੍ਹਾ ਜੱਜ ਕਲਿਫਟਨ ਐੱਲ। ਕੌਰਕ ਨੇ ਹੁਕਮ ਜਾਰੀ ਕਰਦਿਆਂ ਕਿਹਾ ਕਿ "ਮੈਡੀਕਲ ਕਰਮਚਾਰੀਆਂ ਨੇ ਪਟੀਸ਼ਨ ਵਿੱਚ ਮੰਗੀ ਗਈ ਮੈਡੀਕਲ ਮਦਦ ਦੇਣੀ ਸ਼ੁਰੂ ਕਰ ਦਿੱਤੀ ਹੈ।" ਐਮੋਰੀ ਯੂਨੀਵਰਸਿਟੀ ਸਕੂਲ ਆਫ਼ ਮੈਡੀਸਨ ਦੇ ਪ੍ਰੋਫੈਸਰ ਡਾ। ਜੋਏਲ ਜ਼ਿਵੋਟ ਨੇ ਦੱਸਿਆ ਕਿ ਪਾਈਕ ਦੀ ਕਾਨੂੰਨੀ ਟੀਮ ਨੇ ਉਨ੍ਹਾਂ ਨੂੰ ਮੈਡੀਕਲ ਮਾਹਿਰ ਵਜੋਂ ਨਿਯੁਕਤ ਕੀਤਾ ਸੀ। ਉਨ੍ਹਾਂ ਕਿਹਾ ਕਿ ਮੌਤ ਦੀ ਸਜ਼ਾ ਦੇਣ ਦੀ ਕੋਸ਼ਿਸ਼ ਦੌਰਾਨ ਪਾਈਕ ਦੇ ਖ਼ੂਨ ਵਿੱਚ ਪੈਂਟੋਬਾਰਬਿਟਲ ਦੀ ਲੋੜੀਂਦੀ ਮਾਤਰਾ ਸ਼ਾਇਦ ਨਹੀਂ ਪਹੁੰਚ ਸਕੀ। ਇਸ ਕਾਰਨ ਉਨ੍ਹਾਂ ਦੇ ਸਾਹ ਰੁਕਣ ਅਤੇ ਦਿਲ ਦਾ ਕੰਮ ਬੰਦ ਹੋਣ ਦੀ ਸਥਿਤੀ ਪੈਦਾ ਨਹੀਂ ਹੋਈ। ਜ਼ਿਵੋਟ ਨੇ ਇੱਕ ਈਮੇਲ ਵਿੱਚ ਕਿਹਾ, "ਇਹ ਬਹੁਤ ਸੰਭਵ ਹੈ ਕਿ ਉਨ੍ਹਾਂ ਨੂੰ ਮੈਡੀਕਲ ਮਦਦ ਦੇਣ ਵਿੱਚ ਹੋਈ ਦੇਰੀ ਕਾਰਨ ਉਨ੍ਹਾਂ ਦੇ ਦਿਮਾਗ਼ ਨੂੰ ਨੁਕਸਾਨ ਪਹੁੰਚਿਆ ਹੋਵੇ।"

ਆਪਣੀ ਮਾਫ਼ੀ ਦੀ ਅਰਜ਼ੀ ਵਿੱਚ ਪਾਈਕ ਨੇ ਕਿਹਾ ਕਿ ਉਸ ਦਾ ਇਰਾਦਾ ਸਲੇਮਰ ਨੂੰ ਕੁੱਟਣ ਦਾ ਸੀ, ਉਸ ਨੂੰ ਮਾਰਨ ਦਾ ਨਹੀਂ। ਪਰ ਉਹ ਖ਼ੁਦ ਨੂੰ ਰੋਕ ਨਹੀਂ ਸਕੀ। ਇੱਕ ਬਿਆਨ ਵਿੱਚ ਉਸ ਨੇ ਕਿਹਾ, "ਮੈਂ ਮਾਨਸਿਕ ਤੌਰ 'ਤੇ ਬਿਮਾਰ 18 ਸਾਲ ਦੀ ਕੁੜੀ ਸੀ। ਮੈਨੂੰ ਆਪਣੇ ਕੀਤੇ ਦੀ ਗੰਭੀਰਤਾ ਸਮਝਣ ਵਿੱਚ ਕਈ ਸਾਲ ਲੱਗ ਗਏ।" "ਇਹ ਮੰਨਣ ਵਿੱਚ ਉਸ ਤੋਂ ਵੀ ਜ਼ਿਆਦਾ ਸਮਾਂ ਲੱਗਾ ਕਿ ਮੈਂ ਕਿੰਨੇ ਲੋਕਾਂ ਦੀ ਜ਼ਿੰਦਗੀ ਨੂੰ ਪ੍ਰਭਾਵਿਤ ਕੀਤਾ। ਮੈਂ ਕਿਸੇ ਦੀ ਧੀ, ਭੈਣ ਅਤੇ ਦੋਸਤ ਦੀ ਜਾਨ ਲੈ ਲਈ। ਹੁਣ ਇਹ ਸੋਚ ਕੇ ਮੈਨੂੰ ਘਿਣ ਆਉਂਦੀ ਹੈ ਕਿ ਮੈਂ ਅਜਿਹਾ ਅਪਰਾਧ ਕਰ ਸਕਦੀ ਸੀ।"

1995 ਵਿੱਚ ਹੋਈ ਇਸ ਹੱਤਿਆ ਨੇ ਟੇਨੇਸੀ ਦੇ ਨੌਕਸਵਿਲ ਵਿੱਚ ਕਾਫ਼ੀ ਸਨਸਨੀ ਪੈਦਾ ਕੀਤੀ ਸੀ। ਕੋਲੀਨ ਦੀ ਛਾਤੀ 'ਤੇ ਇੱਕ ਅਜਿਹਾ ਨਿਸ਼ਾਨ ਬਣਿਆ ਹੋਇਆ ਮਿਲਿਆ ਸੀ ਜਿਸ ਨੂੰ ਸ਼ੈਤਾਨੀ ਸਮੂਹਾਂ ਨਾਲ ਜੋੜਿਆ ਜਾਂਦਾ ਹੈ। ਹਾਲਾਂਕਿ, ਪਾਈਕ ਨੇ ਖ਼ੁਦ ਇਹ ਪ੍ਰਤੀਕ ਬਣਾਉਣ ਤੋਂ ਇਨਕਾਰ ਕੀਤਾ ਹੈ। ਕਤਲ ਤੋਂ ਪਹਿਲਾਂ ਪਾਈਕ ਨੇ ਕੋਲੀਨ 'ਤੇ ਉਸ ਦਾ ਅਪਮਾਨ ਕਰਨ ਅਤੇ ਆਪਣੇ ਉਸ ਸਮੇਂ ਦੇ ਪ੍ਰੇਮੀ ਨੂੰ ਉਸ ਤੋਂ ਖੋਹਣ ਦੀ ਕੋਸ਼ਿਸ਼ ਕਰਨ ਦਾ ਇਲਜ਼ਾਮ ਲਗਾਇਆ ਸੀ। ਕੈਂਪ ਵਿੱਚ ਰਹਿਣ ਵਾਲੇ ਦੋ ਹੋਰ ਲੋਕਾਂ ਨੇ ਬਾਅਦ ਵਿੱਚ ਗਵਾਹੀ ਦਿੱਤੀ ਕਿ ਪਾਈਕ ਨੇ ਕਤਲ ਤੋਂ ਪਹਿਲਾਂ ਅਤੇ ਉਸ ਤੋਂ ਬਾਅਦ ਇਸ ਬਾਰੇ ਸ਼ੇਖ਼ੀ ਮਾਰੀ ਸੀ। ਉਨ੍ਹਾਂ ਨੇ ਇਹ ਵੀ ਕਿਹਾ ਕਿ ਪਾਈਕ ਨੇ ਉਨ੍ਹਾਂ ਨੂੰ ਕੋਲੀਨ ਦੀ ਖੋਪੜੀ ਦਾ ਇੱਕ ਟੁਕੜਾ ਦਿਖਾਇਆ ਸੀ। ਸਲੇਮਰ ਦੀ ਮਾਂ ਮਾਰਟਿਨੇਜ਼ ਨੇ ਹਫ਼ਤੇ ਦੇ ਅਖੀਰ ਵਿੱਚ ਕਿਹਾ ਸੀ ਕਿ ਉਨ੍ਹਾਂ ਨੇ ਪਾਈਕ ਨੂੰ ਮਿਲੀ ਸਜ਼ਾ ਨੂੰ ਲਾਗੂ ਹੁੰਦੇ ਦੇਖਣ ਲਈ ਦਹਾਕਿਆਂ ਤੱਕ ਇੰਤਜ਼ਾਰ ਕੀਤਾ ਹੈ।

ਉਨ੍ਹਾਂ ਨੇ ਦੱਸਿਆ ਕਿ ਇੱਕ ਸਮੂਹ ਨੇ ਉਨ੍ਹਾਂ ਅਤੇ ਉਨ੍ਹਾਂ ਦੇ ਪਤੀ ਲਈ ਫਲੋਰੀਡਾ ਤੋਂ ਟੇਨੇਸੀ ਜਾਣ ਦਾ ਖ਼ਰਚਾ ਇਕੱਠਾ ਕਰਨ ਵਿੱਚ ਮਦਦ ਕੀਤੀ, ਤਾਂ ਜੋ ਉਹ ਪਾਈਕ ਨੂੰ ਮਰਦੇ ਦੇਖ ਸਕਣ। ਮਾਰਟਿਨੇਜ਼ ਨੇ ਕਿਹਾ, "ਅਜਿਹਾ ਕੋਈ ਦਿਨ ਜਾਂ ਇੱਕ ਮਿੰਟ ਵੀ ਨਹੀਂ ਲੰਘਦਾ, ਜਦੋਂ ਮੈਂ ਕੋਲੀਨ ਬਾਰੇ ਨਾ ਸੋਚਾਂ। ਛੁੱਟੀਆਂ ਸਭ ਤੋਂ ਮੁਸ਼ਕਲ ਸਮਾਂ ਹੁੰਦੀਆਂ ਹਨ।" 1976 ਵਿੱਚ ਸੁਪਰੀਮ ਕੋਰਟ ਵੱਲੋਂ ਅਮਰੀਕਾ ਵਿੱਚ ਮੌਤ ਦੀ ਸਜ਼ਾ ਮੁੜ ਲਾਗੂ ਕੀਤੇ ਜਾਣ ਤੋਂ ਲੈ ਕੇ ਹੁਣ ਤੱਕ ਸਿਰਫ਼ 18 ਔਰਤਾਂ ਨੂੰ ਮੌਤ ਦੀ ਸਜ਼ਾ ਦਿੱਤੀ ਗਈ ਹੈ। ਇਸ ਦੇ ਮੁਕਾਬਲੇ 1,663 ਪੁਰਸ਼ਾਂ ਨੂੰ ਮੌਤ ਦੀ ਸਜ਼ਾ ਦਿੱਤੀ ਗਈ ਹੈ। ਭਾਵ ਅਮਰੀਕਾ ਵਿੱਚ ਦਿੱਤੀਆਂ ਗਈਆਂ ਕੁੱਲ ਮੌਤ ਦੀਆਂ ਸਜ਼ਾਵਾਂ ਵਿੱਚ ਮਹਿਲਾ ਕੈਦੀਆਂ ਦੀ ਗਿਣਤੀ ਸਿਰਫ਼ ਇੱਕ ਫ਼ੀਸਦੀ ਹੈ।

# ਕੂੜਾ-ਕਰਕਟ ਵੀ ਬਣ ਸਕਦਾ ਹੈ ਤੇਲ ਦਾ ਵਿਕਲਪ



ਪਿੰਡਾਂ ਵਿੱਚ ਪਸ਼ੂਆਂ ਦਾ ਗੋਬਰ, ਖੇਤੀਬਾੜੀ ਰਹਿੰਦ-ਖੂੰਹਦ ਅਤੇ ਰਸੋਈ ਤੋਂ ਨਿਕਲਣ ਵਾਲਾ ਜੈਵਿਕ ਕੂੜਾ ਆਮ ਤੌਰ 'ਤੇ ਰਹਿੰਦ-ਖੂੰਹਦ ਸਮਝਿਆ ਜਾਂਦਾ ਹੈ। ਪਰ ਕੇਂਦਰ ਸਰਕਾਰ ਦੀ ਗੋਬਰਧਨ ਯੋਜਨਾ ਦਾ ਮਕਸਦ ਇਸੇ ਜੈਵਿਕ ਰਹਿੰਦ-ਖੂੰਹਦ ਨੂੰ ਊਰਜਾ, ਜੈਵਿਕ ਖਾਦ ਅਤੇ ਆਮਦਨ ਦੇ ਸਰੋਤ ਵਿੱਚ ਬਦਲਣਾ ਹੈ। ਪੰਜਾਬ ਦੇ ਮਾਨਸਾ ਜ਼ਿਲ੍ਹੇ ਦੀ ਇੱਕ ਗਊਸ਼ਾਲਾ ਵਿੱਚ ਗੋਬਰ ਤੋਂ ਗੈਸ ਬਣਾਉਣ ਦੇ ਨਾਲ-ਨਾਲ ਇਸ ਨਾਲ ਜਨਰੇਟਰ ਚਲਾ ਕੇ ਬਿਜਲੀ ਪੈਦਾ ਕੀਤੀ ਜਾ ਰਹੀ ਹੈ ਅਤੇ ਬਚੀ ਸਲਰੀ ਤੋਂ ਵਰਮੀ ਕੰਪੋਸਟ ਤਿਆਰ ਕੀਤੀ ਜਾ ਰਹੀ ਹੈ। ਆਖ਼ਰ ਇਹ ਪ੍ਰਕਿਰਿਆ ਕਿਵੇਂ ਕੰਮ ਕਰਦੀ ਹੈ ਅਤੇ ਕਿਸਾਨਾਂ ਲਈ ਇਸ ਦਾ ਕੀ ਫਾਇਦਾ ਹੈ?

ਪਿੰਡਾਂ ਵਿੱਚ ਪੈਦਾ ਹੋਣ ਵਾਲਾ ਗੋਬਰ, ਖੇਤੀਬਾੜੀ ਰਹਿੰਦ-ਖੂੰਹਦ, ਰਸੋਈ ਦਾ ਜੈਵਿਕ ਕੂੜਾ ਅਤੇ ਹੋਰ ਬਾਇਓ-ਵੇਸਟ ਅਕਸਰ ਕੂੜੇ ਦੇ ਰੂਪ ਵਿੱਚ ਦੇਖਿਆ ਜਾਂਦਾ ਹੈ। ਪਰ ਕੇਂਦਰ ਸਰਕਾਰ ਦੀ ਗੋਬਰਧਨ ਯੋਜਨਾ ਦਾ ਮਕਸਦ ਇਸੇ ਜੈਵਿਕ ਰਹਿੰਦ-ਖੂੰਹਦ ਨੂੰ ਊਰਜਾ, ਜੈਵਿਕ ਖਾਦ ਅਤੇ ਆਮਦਨ ਦੇ ਸਰੋਤ ਵਿੱਚ ਬਦਲਣਾ ਹੈ। ਗੋਬਰਧਨ ਦਾ ਪੂਰਾ ਨਾਮ ਗਾਲਵੀਨਾਈਜ਼ਿੰਗ ਓਰਗੈਨਿਕ ਬਾਓ-ਐਗਰੋ ਰਿਸੋਰਸਸ ਧਨ ਹੈ। ਇਸ ਦਾ ਐਲਾਨ 2018 ਦੇ ਕੇਂਦਰੀ ਬਜਟ ਵਿੱਚ ਕੀਤਾ ਗਿਆ ਸੀ ਅਤੇ 30 ਅਪ੍ਰੈਲ 2018 ਨੂੰ ਇਸ ਨੂੰ ਲਾਂਚ ਕੀਤਾ ਗਿਆ। ਯੋਜਨਾ ਦਾ ਮੁੱਖ ਵਿਚਾਰ ਇਹ ਹੈ ਕਿ ਪਿੰਡਾਂ ਵਿੱਚ ਉਪਲਬਧ ਜੈਵਿਕ ਰਹਿੰਦ-ਖੂੰਹਦ ਨੂੰ ਵਿਗਿਆਨਕ ਢੰਗ ਨਾਲ ਇਕੱਠਾ ਕਰਕੇ ਉਸ ਤੋਂ ਬਾਇਓਗੈਸ, ਕੰਪ੍ਰੈੱਸਡ ਬਾਇਓਗੈਸ (ਸੀਬੀਜੀ) ਅਤੇ ਜੈਵਿਕ ਖਾਦ ਵਰਗੇ ਉਤਪਾਦ ਤਿਆਰ ਕੀਤੇ ਜਾਣ। ਇਸ ਤਹਿਤ ਪੰਜਾਬ ਵਿੱਚ ਵੀ ਵੱਖ-ਵੱਖ ਪੱਧਰਾਂ 'ਤੇ ਬਾਇਓਗੈਸ ਪਲਾਂਟ ਲਗਾਏ ਗਏ ਹਨ।

ਮਾਨਸਾ ਜ਼ਿਲ੍ਹੇ ਦੇ ਪਿੰਡ ਖੋਖਰ ਕਲਾਂ ਦੀ ਸਰਕਾਰੀ ਗਊਸ਼ਾਲਾ ਵਿੱਚ ਵੀ ਅਜਿਹਾ ਹੀ ਇੱਕ ਬਾਇਓਗੈਸ ਪਲਾਂਟ ਲੱਗਿਆ ਹੋਇਆ ਹੈ। ਇਸ ਪਲਾਂਟ ਦੀ ਸਮਰੱਥਾ 100 ਘਣ ਮੀਟਰ ਦੱਸੀ ਗਈ ਹੈ। ਗਊਸ਼ਾਲਾ ਦੇ ਮੈਨੇਜਰ ਹਰਪ੍ਰੀਤ ਸਿੰਘ ਮੁਤਾਬਕ ਪਲਾਂਟ ਨੂੰ ਚਲਾਉਣ ਲਈ ਰੋਜ਼ਾਨਾ ਕਰੀਬ 2,500 ਕਿਲੋਗ੍ਰਾਮ ਗੋਬਰ ਦੀ ਲੋੜ ਹੁੰਦੀ ਹੈ। ਇਸ ਲਈ ਗਊਸ਼ਾਲਾ ਵਿੱਚ ਗੋਬਰ ਨੂੰ ਸਾਫ਼ ਤਰੀਕੇ ਨਾਲ ਇਕੱਠਾ ਕਰਨ ਦਾ ਪ੍ਰਬੰਧ ਕੀਤਾ ਗਿਆ ਹੈ। ਉਹ ਦੱਸਦੇ ਹਨ, "ਗਊਸ਼ਾਲਾ ਵਿੱਚ ਫਰਸ਼ ਬਣਾਏ ਗਏ ਹਨ, ਜਿਸ ਨਾਲ ਗੋਬਰ ਨੂੰ ਮਿੱਟੀ ਜਾਂ ਹੋਰ ਕੂੜੇ ਨਾਲ ਮਿਲਣ ਤੋਂ ਬਚਾਇਆ ਜਾ ਸਕੇ। ਇਕੱਠਾ ਕੀਤਾ ਗਿਆ ਗੋਬਰ ਬਾਇਓਗੈਸ ਪਲਾਂਟ ਵਿੱਚ ਪਾਇਆ ਜਾਂਦਾ ਹੈ ਅਤੇ ਇਸ ਤੋਂ ਪੈਦਾ ਹੋਣ ਵਾਲੀ ਗੈਸ ਨਾਲ ਜਨਰੇਟਰ ਚਲਾਇਆ ਜਾਂਦਾ ਹੈ।"

ਹਰਪ੍ਰੀਤ ਸਿੰਘ ਮੁਤਾਬਕ ਇਸ ਜਨਰੇਟਰ ਤੋਂ ਪੈਦਾ ਹੋਣ ਵਾਲੀ ਬਿਜਲੀ ਗਊਸ਼ਾਲਾ ਵਿੱਚ ਵਰਤੀ ਜਾਂਦੀ ਹੈ। ਇਸ ਤੋਂ ਇਲਾਵਾ ਬਾਇਓਗੈਸ ਦੀ ਵਰਤੋਂ ਗਊਸ਼ਾਲਾ ਦੀ ਰਸੋਈ ਵਿੱਚ ਵੀ ਕੀਤੀ ਜਾਂਦੀ ਹੈ। ਉਨ੍ਹਾਂ ਮੁਤਾਬਕ, "ਰਸੋਈ ਵਿੱਚ ਰੋਜ਼ਾਨਾ ਲਗਭਗ 30 ਤੋਂ 35 ਲੋਕਾਂ ਲਈ ਖਾਣਾ ਤਿਆਰ ਹੁੰਦਾ ਹੈ ਅਤੇ ਇਸ ਲਈ ਬਾਇਓਗੈਸ ਨਾਲ ਚੱਲਣ ਵਾਲੇ ਚੁੱਲ੍ਹੇ ਦੀ ਵਰਤੋਂ ਕੀਤੀ ਜਾਂਦੀ ਹੈ।" ਇਸ ਪ੍ਰਬੰਧ ਦਾ ਇੱਕ ਹੋਰ ਫਾਇਦਾ ਬਿਜਲੀ ਦੇ ਕੱਟਾਂ ਦੌਰਾਨ ਹੁੰਦਾ ਹੈ। ਹਰਪ੍ਰੀਤ ਸਿੰਘ ਦੱਸਦੇ ਹਨ ਕਿ ਜਦੋਂ ਬਿਜਲੀ ਦੀ ਸਪਲਾਈ ਬੰਦ ਹੁੰਦੀ ਹੈ ਤਾਂ ਬਾਇਓਗੈਸ ਨਾਲ ਚੱਲਣ ਵਾਲਾ ਜਨਰੇਟਰ ਆਪਣੇ ਆਪ ਚਾਲੂ ਹੋ ਜਾਂਦਾ ਹੈ ਅਤੇ ਗਊਸ਼ਾਲਾ ਵਿੱਚ ਜ਼ਰੂਰੀ ਬਿਜਲੀ ਦੀ ਸਪਲਾਈ ਜਾਰੀ ਰੱਖਣ ਵਿੱਚ ਮਦਦ ਕਰਦਾ ਹੈ। ਗਊਸ਼ਾਲਾ ਵਿੱਚ ਪੈਦਾ ਹੋਣ ਵਾਲੀ ਬਿਜਲੀ ਨੂੰ ਵੱਖ-ਵੱਖ ਲੋੜਾਂ ਲਈ ਵੰਡਿਆ ਗਿਆ ਹੈ। ਹਰਪ੍ਰੀਤ ਸਿੰਘ ਮੁਤਾਬਕ ਜਨਰੇਟਰ ਦੀ ਬਿਜਲੀ ਤਿੰਨ ਫੇਜ਼ ਵਿੱਚ ਵੰਡੀ ਗਈ ਹੈ ਅਤੇ ਹਰ ਫੇਜ਼ 'ਤੇ ਲਗਭਗ 15 ਐਂਪੀਅਰ ਦਾ ਲੋਡ ਰੱਖਿਆ ਗਿਆ ਹੈ। ਉਨ੍ਹਾਂ ਮੁਤਾਬਕ ਇੱਕ ਫੇਜ਼ ਦੀ ਵਰਤੋਂ ਦਫ਼ਤਰ ਲਈ, ਦੂਜੇ ਦੀਆਂ ਲਾਈਟਾਂ ਲਈ ਅਤੇ ਤੀਜੇ ਫੇਜ਼ ਦੀ ਵਰਤੋਂ ਗਊਸ਼ਾਲਾ ਵਿੱਚ ਬਣੇ ਮਿਨੀ ਵਾਟਰ ਪਾਰਕ ਲਈ ਕੀਤੀ ਜਾਂਦੀ ਹੈ।

ਉਨ੍ਹਾਂ ਅਨੁਸਾਰ, "ਬਾਇਓਗੈਸ ਪਲਾਂਟ ਤੋਂ ਬਣੀ ਬਿਜਲੀ ਦੀ ਸਮਰੱਥਾ ਨੂੰ ਲਗਭਗ ਸੱਤ ਤੋਂ ਅੱਠ ਘੰਟਿਆਂ ਤੱਕ ਨਿਯਮਤ ਤੌਰ 'ਤੇ ਵਰਤਿਆ ਜਾ ਸਕਦਾ ਹੈ। ਹਾਲਾਂਕਿ ਗਊਸ਼ਾਲਾ ਵਿੱਚ ਪੈਦਾ ਹੋਣ ਵਾਲੀ ਬਾਇਓਗੈਸ ਦਾ ਇੱਕ ਹਿੱਸਾ ਰਸੋਈ ਵਿੱਚ ਵਰਤਿਆ ਜਾਂਦਾ ਹੈ, ਇਸ ਲਈ ਜਨਰੇਟਰ ਨੂੰ ਲਗਾਤਾਰ ਇੰਨੇ ਲੰਬੇ ਸਮੇਂ ਤੱਕ ਨਹੀਂ ਚਲਾਇਆ ਜਾਂਦਾ।" ਬਾਇਓਗੈਸ ਬਣਾਉਣ ਦੀ ਪ੍ਰਕਿਰਿਆ ਤੋਂ ਬਾਅਦ ਜੋ ਸਲਰੀ ਬਚਦੀ ਹੈ, ਉਸ ਨੂੰ ਵੀ ਕੂੜੇ ਵਜੋਂ ਨਹੀਂ ਸੁੱਟਿਆ ਜਾ ਰਿਹਾ। ਗਊਸ਼ਾਲਾ ਵਿੱਚ ਇਸ ਸਲਰੀ ਤੋਂ ਵਰਮੀ ਕੰਪੋਸਟ ਤਿਆਰ ਕਰਨ ਲਈ ਵੱਖਰਾ ਪ੍ਰਬੰਧ ਕੀਤਾ ਗਿਆ ਹੈ। ਹਰਪ੍ਰੀਤ ਸਿੰਘ ਮੁਤਾਬਕ, "ਬਾਇਓਗੈਸ ਪਲਾਂਟ ਵਿੱਚੋਂ ਨਿਕਲਣ ਵਾਲੀ ਸਲਰੀ ਨੂੰ ਪਹਿਲਾਂ ਠੰਢਾ ਹੋਣ ਦਿੱਤਾ ਜਾਂਦਾ ਹੈ। ਇਸ ਤੋਂ ਬਾਅਦ ਪਿੱਟਾਂ ਅਤੇ ਬੈੱਡ ਤਿਆਰ ਕਰਕੇ ਉਨ੍ਹਾਂ ਵਿੱਚ ਗੰਡੋਏ ਪਾਏ ਜਾਂਦੇ ਹਨ। ਗੰਡੋਇਆਂ ਦੀ ਮਦਦ ਨਾਲ ਇਸ ਸਲਰੀ ਨੂੰ ਵਰਮੀ ਕੰਪੋਸਟ ਵਿੱਚ ਬਦਲਿਆ ਜਾਂਦਾ ਹੈ।" "ਜੇ ਪਲਾਂਟ ਨੂੰ ਪੂਰੀ ਸਮਰੱਥਾ ਨਾਲ ਚਲਾਇਆ ਜਾਵੇ ਤਾਂ ਮਹੀਨੇ ਵਿੱਚ ਔਸਤਨ ਲਗਭਗ 100 ਕੁਇੰਟਲ ਵਰਮੀ ਕੰਪੋਸਟ ਤਿਆਰ ਕੀਤੀ ਜਾ ਸਕਦੀ ਹੈ। ਰੋਜ਼ਾਨਾ ਦੇ ਹਿਸਾਬ ਨਾਲ ਇਹ ਮਾਤਰਾ ਕਰੀਬ ਤਿੰਨ ਕੁਇੰਟਲ ਤੱਕ ਹੋ ਸਕਦੀ ਹੈ।" ਇਸ ਤਰ੍ਹਾਂ ਇੱਕੋ ਪ੍ਰਕਿਰਿਆ ਵਿੱਚ ਗੋਬਰ ਤੋਂ ਬਾਇਓਗੈਸ, ਬਿਜਲੀ ਅਤੇ ਰਸੋਈ ਲਈ ਗੈਸ ਮਿਲਣ ਦੇ ਨਾਲ-ਨਾਲ ਬਚੀ ਹੋਈ ਸਲਰੀ ਤੋਂ ਜੈਵਿਕ ਖਾਦ ਤਿਆਰ ਕਰਨ ਦਾ ਮਾਡਲ ਬਣਦਾ ਹੈ।

ਵੱਡੀਆਂ ਗਊਸ਼ਾਲਾਵਾਂ ਤੋਂ ਇਲਾਵਾ ਘਰੇਲੂ ਪੱਧਰ 'ਤੇ ਵੀ ਛੋਟੇ ਬਾਇਓਗੈਸ ਪਲਾਂਟ ਲਗਾਉਣ ਦੀ ਵਿਵਸਥਾ ਹੈ। ਪੰਜਾਬ ਵਿੱਚ ਛੋਟੇ ਬਾਇਓਗੈਸ ਪਲਾਂਟਾਂ ਨਾਲ ਸਬੰਧਤ ਪ੍ਰੋਗਰਾਮ ਨੂੰ ਪੰਜਾਬ ਐਨਰਜੀ ਡਿਵੈਲਪਮੈਂਟ ਏਜੰਸੀ (ਪੀਈਡੀਓ) ਰਾਹੀਂ ਲਾਗੂ ਕੀਤਾ ਜਾਂਦਾ ਹੈ। ਇਸ ਕੰਮ ਨਾਲ ਜੁੜੇ ਗੁਰਚਰਨ ਸਿੰਘ ਮੁਤਾਬਕ ਉਹ ਪੰਜਾਬ ਦੇ ਕਿਸਾਨਾਂ ਅਤੇ ਪਸ਼ੂ ਪਾਲਕਾਂ ਨੂੰ ਘਰੇਲੂ ਪੱਧਰ 'ਤੇ ਬਾਇਓਗੈਸ ਪਲਾਂਟ ਲਗਾਉਣ ਸਬੰਧੀ ਜਾਣਕਾਰੀ ਦਿੰਦੇ

**(ਬਾਕੀ ਅਗਲੇ ਸਫੇ 'ਤੇ)**

# ਕੂੜਾ-ਕਰਕਟ ਵੀ ਬਣ ਸਕਦਾ ਹੈ ਤੇਲ ਦਾ ਵਿਕਲਪ

(ਸਫਾ 21 ਦੀ ਬਾਕੀ)

ਹਨ। ਉਨ੍ਹਾਂ ਮੁਤਾਬਕ, "ਇਸ ਸਬੰਧੀ ਇੱਕ ਕੈਟਾਲਾਗ ਵੀ ਤਿਆਰ ਕੀਤਾ ਗਿਆ ਹੈ, ਜਿਸ ਵਿੱਚ ਪਲਾਂਟ ਲਗਾਉਣ ਲਈ ਲੋੜੀਂਦੀ ਸਮੱਗਰੀ, ਪਸ਼ੂਆਂ ਦੀ ਗਿਣਤੀ, ਗੋਬਰ ਦੀ ਲੋੜ ਅਤੇ ਉਪਲਬਧ ਸਬਸਿਡੀ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ।" "ਤਿੰਨ ਘਣ ਮੀਟਰ ਸਮਰੱਥਾ ਵਾਲੇ ਛੋਟੇ ਬਾਇਓਗੈਸ ਪਲਾਂਟ ਲਈ ਲਗਭਗ ਚਾਰ ਤੋਂ ਪੰਜ ਪਸ਼ੂਆਂ ਦੀ ਲੋੜ ਹੁੰਦੀ ਹੈ। ਚਾਰ ਘਣ ਮੀਟਰ ਵਾਲੇ ਪਲਾਂਟ ਲਈ ਪੰਜ ਤੋਂ ਛੇ ਪਸ਼ੂ ਅਤੇ ਛੇ ਘਣ ਮੀਟਰ ਵਾਲੇ ਪਲਾਂਟ ਲਈ ਲਗਭਗ 10 ਤੋਂ 14 ਪਸ਼ੂਆਂ ਦੀ ਲੋੜ ਪੈ ਸਕਦੀ ਹੈ।" ਉਨ੍ਹਾਂ ਮੁਤਾਬਕ ਛੋਟੇ ਪਲਾਂਟ ਵਿੱਚ ਰੋਜ਼ਾਨਾ ਲਗਭਗ 50 ਤੋਂ 60 ਕਿਲੋਗ੍ਰਾਮ ਗੋਬਰ ਦੀ ਲੋੜ ਹੁੰਦੀ ਹੈ, ਜਦਕਿ ਵੱਡੇ ਪਲਾਂਟ ਵਿੱਚ ਇਸ ਤੋਂ ਵੱਧ ਗੋਬਰ ਦੀ ਲੋੜ ਪੈਂਦੀ ਹੈ। ਛੇ ਘਣ ਮੀਟਰ ਵਾਲੇ ਪਲਾਂਟ ਲਈ ਉਨ੍ਹਾਂ ਨੇ ਲਗਭਗ ਡੇਢ ਕੁਇੰਟਲ ਗੋਬਰ ਰੋਜ਼ਾਨਾ ਦੀ ਲੋੜ ਦੱਸੀ।

ਇਸ ਤਰ੍ਹਾਂ ਦਾ ਵੱਡਾ ਘਰੇਲੂ ਪਲਾਂਟ ਲਗਭਗ 14 ਤੋਂ 15 ਲੋਕਾਂ ਦੇ ਪਰਿਵਾਰ ਲਈ ਖਾਣਾ ਬਣਾਉਣ ਵਿੱਚ ਵਰਤੀ ਜਾਣ ਵਾਲੀ ਗੈਸ ਮੁਹੱਈਆ ਕਰਵਾ ਸਕਦਾ ਹੈ। ਪੀਈਡੀਏ ਦੇ ਮਲੇਰਕੋਟਲਾ ਅਤੇ ਮਾਨਸਾ ਦੇ ਜ਼ਿਲ੍ਹਾ ਮੈਨੇਜਰ ਹਰਮਿੰਦਰ ਸਿੰਘ ਨੇ ਬੀਬੀਸੀ ਨੂੰ ਦੱਸਿਆ ਕਿ ਆਮ ਤੌਰ 'ਤੇ 4 ਅਤੇ 6 ਕਿਊਬਿਕ ਮੀਟਰ ਸਮਰੱਥਾ ਵਾਲੇ ਪਲਾਂਟ ਲਗਾਏ ਜਾਂਦੇ ਹਨ ਅਤੇ ਪੰਜਾਬ ਵਿੱਚ ਇਨ੍ਹਾਂ ਦੀ ਮੰਗ ਲਗਾਤਾਰ ਵਧ ਰਹੀ ਹੈ।

ਉਨ੍ਹਾਂ ਕਿਹਾ ਕਿ ਇਸ ਯੋਜਨਾ ਤਹਿਤ ਪਲਾਂਟ ਲਗਵਾਉਣ ਲਈ ਲੋਕਾਂ ਵੱਲੋਂ ਦਿਲਚਸਪੀ ਦਿਖਾਈ ਜਾ ਰਹੀ ਹੈ ਅਤੇ ਵੱਡੀ ਗਿਣਤੀ ਵਿੱਚ ਅਰਜ਼ੀਆਂ ਵੀ ਆ ਰਹੀਆਂ ਹਨ। ਪੀਈਡੀਏ ਦੇ ਮਲੇਰਕੋਟਲਾ ਅਤੇ ਮਾਨਸਾ ਦੇ ਜ਼ਿਲ੍ਹਾ ਮੈਨੇਜਰ ਹਰਮਿੰਦਰ ਸਿੰਘ ਦਾ ਕਹਿਣਾ ਹੈ ਕਿ ਕੇਂਦਰ ਸਰਕਾਰ ਦੀ ਗੋਬਰਧਨ ਯੋਜਨਾ ਤਹਿਤ ਪੰਜਾਬ ਵਿੱਚ ਘਰੇਲੂ ਪੱਧਰ 'ਤੇ ਵੀ ਬਾਇਓਗੈਸ ਪਲਾਂਟ ਲਗਾਏ ਜਾ ਰਹੇ ਹਨ। ਇਨ੍ਹਾਂ ਘਰੇਲੂ ਪਲਾਂਟਾਂ ਵਿੱਚ ਆਮ ਤੌਰ 'ਤੇ 4 ਕਿਊਬਿਕ ਮੀਟਰ (ਸੀਸੀ) ਅਤੇ 6 ਕਿਊਬਿਕ ਮੀਟਰ ਸਮਰੱਥਾ ਵਾਲੇ ਪਲਾਂਟ ਲਗਾਏ ਜਾਂਦੇ ਹਨ। ਉਨ੍ਹਾਂ ਮੁਤਾਬਕ ਇਨ੍ਹਾਂ ਪਲਾਂਟਾਂ ਦੀ ਮੰਗ ਪੰਜਾਬ ਵਿੱਚ ਲਗਾਤਾਰ ਵਧ ਰਹੀ ਹੈ ਅਤੇ ਲੋਕ ਇਸ ਯੋਜਨਾ ਤਹਿਤ ਪਲਾਂਟ ਲਗਵਾਉਣ ਲਈ ਦਿਲਚਸਪੀ ਦਿਖਾ ਰਹੇ ਹਨ। ਇਸ ਕਾਰਨ ਵੱਡੀ ਗਿਣਤੀ ਵਿੱਚ ਲੋਕਾਂ ਵੱਲੋਂ ਬਾਇਓਗੈਸ ਪਲਾਂਟਾਂ ਲਈ ਅਰਜ਼ੀਆਂ ਵੀ ਦਿੱਤੀਆਂ ਜਾ ਰਹੀਆਂ ਹਨ।

ਰਮਿੰਦਰ ਸਿੰਘ ਨੇ ਦੱਸਿਆ, "ਇਸ ਤੋਂ ਇਲਾਵਾ ਪੰਜਾਬ ਸਰਕਾਰ ਵੱਲੋਂ ਸੂਬੇ ਦੀਆਂ ਸਰਕਾਰੀ ਗਊਸ਼ਾਲਾਵਾਂ ਵਿੱਚ ਵੱਡੀ ਸਮਰੱਥਾ ਵਾਲੇ ਬਾਇਓਗੈਸ ਪਲਾਂਟ ਵੀ ਲਗਾਏ ਗਏ ਹਨ। ਇਨ੍ਹਾਂ ਵਿੱਚ 100 ਕਿਊਬਿਕ ਮੀਟਰ ਸਮਰੱਥਾ ਵਾਲੇ ਪਲਾਂਟ ਵੀ ਸ਼ਾਮਲ ਹਨ।" "ਇਨ੍ਹਾਂ ਵੱਡੇ ਪਲਾਂਟਾਂ ਦਾ ਇੱਕ ਮੁੱਖ ਮਕਸਦ ਗਊਸ਼ਾਲਾਵਾਂ ਵਿੱਚ ਪੈਦਾ ਹੋਣ ਵਾਲੇ ਗੋਬਰ ਅਤੇ ਹੋਰ ਜੈਵਿਕ ਰਹਿੰਦ-ਖੂੰਹਦ ਦੀ ਵਰਤੋਂ ਕਰਕੇ ਬਾਇਓਗੈਸ ਤਿਆਰ ਕਰਨਾ ਹੈ। ਇਸ ਗੈਸ ਦੀ ਵਰਤੋਂ ਗਊਸ਼ਾਲਾ ਵਿੱਚ ਬਿਜਲੀ ਨਾਲ ਚੱਲਣ ਵਾਲੇ ਵੱਖ-ਵੱਖ ਕੰਮਾਂ ਲਈ ਕੀਤੀ ਜਾ ਸਕਦੀ ਹੈ। ਇਸ ਨਾਲ ਗਊਸ਼ਾਲਾਵਾਂ ਦੀ ਬਿਜਲੀ ਲਈ ਪੀਐੱਸਪੀਸੀਐੱਲ 'ਤੇ ਨਿਰਭਰਤਾ ਘਟਾਉਣ ਵਿੱਚ ਮਦਦ ਮਿਲ ਸਕਦੀ ਹੈ।" ਹਰਮਿੰਦਰ ਸਿੰਘ ਮੁਤਾਬਕ ਬਾਇਓਗੈਸ ਅਤੇ ਜੈਵਿਕ ਖਾਦ ਦੇ ਉਤਪਾਦਨ ਨਾਲ ਜੈਵਿਕ ਰਹਿੰਦ-ਖੂੰਹਦ ਦੇ ਪ੍ਰਬੰਧਨ ਵਿੱਚ ਵੀ ਮਦਦ ਮਿਲਦੀ ਹੈ। ਇਸ ਦੇ ਨਾਲ ਰਵਾਇਤੀ ਊਰਜਾ ਸਰੋਤਾਂ 'ਤੇ ਨਿਰਭਰਤਾ ਘਟਾਉਣ ਅਤੇ ਵਾਤਾਵਰਨ 'ਤੇ ਪੈਣ ਵਾਲੇ ਪ੍ਰਭਾਵ ਨੂੰ ਘਟਾਉਣ ਦੀ ਸੰਭਾਵਨਾ ਹੈ। ਛੋਟੇ ਬਾਇਓਗੈਸ ਪਲਾਂਟ ਲਗਾਉਣ ਲਈ ਕੇਂਦਰੀ ਵਿੱਤੀ ਸਹਾਇਤਾ ਦਾ ਵੀ ਪ੍ਰਬੰਧ ਹੈ। ਨਵੀਂ ਅਤੇ ਨਵਿਆਉਣਯੋਗ ਊਰਜਾ ਮੰਤਰਾਲੇ (ਐੱਮਐੱਨਆਰਈ) ਦੇ ਬਾਇਓਗੈਸ ਪ੍ਰੋਗਰਾਮ ਤਹਿਤ 1 ਤੋਂ 25 ਘਣ ਮੀਟਰ ਪ੍ਰਤੀ ਦਿਨ ਸਮਰੱਥਾ ਵਾਲੇ ਪਲਾਂਟਾਂ ਲਈ ਸਮਰੱਥਾ ਦੇ ਅਨੁਸਾਰ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ। ਆਮ ਸ਼੍ਰੇਣੀ ਲਈ ਇਹ ਸਹਾਇਤਾ ਲਗਭਗ 9,800 ਰੁਪਏ ਤੋਂ 52,800 ਰੁਪਏ ਤੱਕ ਹੈ, ਜਦਕਿ ਅਨੁਸੂਚਿਤ ਜਾਤੀ/ਜਨਜਾਤੀ ਅਤੇ ਕੁਝ ਹੋਰ ਵਿਸ਼ੇਸ਼ ਸ਼੍ਰੇਣੀਆਂ ਲਈ ਇਹ ਰਕਮ ਲਗਭਗ 17,000 ਰੁਪਏ ਤੋਂ 70,400 ਰੁਪਏ ਤੱਕ ਹੋ ਸਕਦੀ ਹੈ। ਯੋਗ ਪਲਾਂਟ ਨੂੰ ਸੈਨੇਟਰੀ ਟਾਇਲਟ ਨਾਲ ਜੋੜਨ ਦੀ ਸਥਿਤੀ ਵਿੱਚ ਕੁਝ ਸਮਰੱਥਾਵਾਂ ਲਈ 1,600 ਰੁਪਏ ਦੀ ਵਾਧੂ ਸਹਾਇਤਾ ਦਾ ਵੀ ਪ੍ਰਬੰਧ ਹੈ।

ਗੁਰਚਰਨ ਸਿੰਘ ਮੁਤਾਬਕ, "ਤਿੰਨ ਅਤੇ ਚਾਰ ਘਣ ਮੀਟਰ ਵਾਲੇ ਪਲਾਂਟਾਂ ਲਈ ਲਗਭਗ 14,350 ਰੁਪਏ ਅਤੇ ਛੇ ਘਣ ਮੀਟਰ ਵਾਲੇ ਪਲਾਂਟ ਲਈ ਕਰੀਬ 22,750 ਰੁਪਏ ਦੀ ਸਬਸਿਡੀ ਮਿਲਦੀ ਹੈ।" "ਪਲਾਂਟ ਬਣਾਉਣ ਵਿੱਚ ਇੱਟ, ਸੀਮੈਂਟ, ਰੇਤਾ ਅਤੇ ਹੋਰ ਨਿਰਮਾਣ ਸਮੱਗਰੀ ਦੀ ਲਾਗਤ ਕਾਫ਼ੀ ਵੱਧ ਜਾਂਦੀ ਹੈ। ਇਸ ਕਰਕੇ ਉਪਲਬਧ ਸਬਸਿਡੀ ਕਈ ਕਿਸਾਨਾਂ ਲਈ ਪਲਾਂਟ ਲਗਾਉਣ ਦੀ ਕੁੱਲ ਲਾਗਤ ਦੇ ਮੁਕਾਬਲੇ ਘੱਟ ਪੈਂਦੀ ਹੈ।" ਉਨ੍ਹਾਂ ਮੁਤਾਬਕ ਕਿਸਾਨਾਂ ਵੱਲੋਂ ਬਾਇਓਗੈਸ ਪਲਾਂਟ ਲਗਾਉਣ ਵਿੱਚ ਦਿਲਚਸਪੀ ਅਤੇ ਮੰਗ ਮੌਜੂਦ ਹੈ, ਪਰ ਨਿਰਮਾਣ ਸਮੱਗਰੀ ਦੀ ਲਾਗਤ ਅਤੇ ਸਬਸਿਡੀ ਦੀ ਰਕਮ ਇਸ ਪ੍ਰਕਿਰਿਆ ਨੂੰ ਪ੍ਰਭਾਵਿਤ ਕਰਦੀ ਹੈ। ਬਾਇਓਗੈਸ ਪਲਾਂਟ ਦਾ ਸਿੱਧਾ ਫਾਇਦਾ ਇਹ ਹੈ ਕਿ ਪਸ਼ੂਆਂ ਦੇ ਗੋਬਰ ਨੂੰ ਖਾਣਾ ਬਣਾਉਣ ਲਈ ਵਰਤੀ ਜਾਣ ਵਾਲੀ ਗੈਸ ਵਿੱਚ ਬਦਲਿਆ ਜਾ ਸਕਦਾ ਹੈ। ਇਸ ਨਾਲ ਘਰੇਲੂ ਰਸੋਈ ਵਿੱਚ ਹੋਰ ਇੰਧਨ 'ਤੇ ਨਿਰਭਰਤਾ ਘਟਾਉਣ ਵਿੱਚ ਮਦਦ ਮਿਲ ਸਕਦੀ ਹੈ।

ਇਸ ਪ੍ਰਕਿਰਿਆ ਤੋਂ ਬਾਅਦ ਬਚਣ ਵਾਲੀ ਸਲਰੀ ਨੂੰ ਜੈਵਿਕ ਖਾਦ ਵਜੋਂ ਵਰਤਿਆ ਜਾ ਸਕਦਾ ਹੈ। ਇਸ ਨਾਲ ਕਿਸਾਨਾਂ ਨੂੰ ਇੱਕ ਪਾਸੇ ਇੰਧਨ ਮਿਲਦਾ ਹੈ ਅਤੇ ਦੂਜੇ ਪਾਸੇ ਖੇਤੀ ਲਈ ਖਾਦ ਦਾ ਸਰੋਤ ਵੀ ਮਿਲਦਾ ਹੈ। ਪੀਈਡੀਏ ਮੁਤਾਬਕ ਬਾਇਓਗੈਸ ਪਲਾਂਟ ਤੋਂ ਨਿਕਲਣ ਵਾਲੀ ਸਲਰੀ ਜੈਵਿਕ ਖਾਦ ਦੇ ਸਰੋਤ ਵਜੋਂ ਵਰਤੀ ਜਾ ਸਕਦੀ ਹੈ। ਇਸ ਤਰ੍ਹਾਂ ਬਾਇਓਗੈਸ ਪਲਾਂਟ ਸਿਰਫ਼ ਗੋਬਰ ਦੇ ਨਿਪਟਾਰੇ ਦਾ ਸਾਧਨ ਨਹੀਂ ਰਹਿੰਦਾ, ਸਗੋਂ ਗੋਬਰ ਨੂੰ ਇੱਕ ਉਪਯੋਗੀ ਸਰੋਤ ਵਿੱਚ ਬਦਲਣ ਦਾ ਤਰੀਕਾ ਬਣ ਜਾਂਦਾ ਹੈ।

ਗੋਬਰਧਨ ਦਾ ਦਾਇਰਾ ਹੁਣ ਸਿਰਫ਼ ਛੋਟੇ ਜਾਂ ਘਰੇਲੂ ਬਾਇਓਗੈਸ ਪਲਾਂਟਾਂ ਤੱਕ ਸੀਮਤ ਨਹੀਂ ਹੈ। ਜੈਵਿਕ ਰਹਿੰਦ-ਖੂੰਹਦ ਤੋਂ ਊਰਜਾ ਪੈਦਾ ਕਰਨ ਨੂੰ ਵੱਡੇ ਪੱਧਰ 'ਤੇ ਅੱਗੇ ਵਧਾਉਣ ਲਈ ਕੇਂਦਰ ਸਰਕਾਰ ਵੱਲੋਂ ਛਭਗ ਉਤਪਾਦਨ 'ਤੇ ਵੀ ਜ਼ੋਰ ਦਿੱਤਾ ਜਾ ਰਿਹਾ ਹੈ। ਛੇ ਅਗਸਤ 2026 ਨੂੰ ਕੇਂਦਰੀ ਮੰਤਰੀ ਮੰਡਲ ਨੇ ਨੈਸ਼ਨਲ ਸਰਕੂਲਰ ਬੀਓਐਨਰਜੀ ਸਕੀਮ ਨੂੰ ਮਨਜ਼ੂਰੀ ਦਿੱਤੀ। ਇਸ ਯੋਜਨਾ ਦਾ ਕੁੱਲ ਵਿੱਤੀ ਆਉਟਲੇ 23,731 ਕਰੋੜ ਰੁਪਏ ਹੈ ਅਤੇ ਇਹ ਵਿੱਤੀ ਸਾਲ 2026-27 ਤੋਂ 2035-36 ਤੱਕ ਲਾਗੂ ਕੀਤੀ ਜਾਣੀ ਹੈ। ਇਸ ਯੋਜਨਾ ਦਾ ਇੱਕ ਮੁੱਖ ਉਦੇਸ਼ ਜੈਵਿਕ ਰਹਿੰਦ-ਖੂੰਹਦ ਤੋਂ ਕੰਪ੍ਰੈੱਸਡ ਬਾਇਓਗੈਸ ਯਾਨੀ ਸੀਬੀਜੀ ਦੇ ਉਤਪਾਦਨ ਨੂੰ ਵਧਾਉਣਾ ਹੈ।

ਇਸ ਦੇ ਨਾਲ ਜੈਵਿਕ ਰਹਿੰਦ-ਖੂੰਹਦ ਨੂੰ ਊਰਜਾ ਵਿੱਚ ਬਦਲਣ, ਪਿੰਡਾਂ ਵਿੱਚ ਆਮਦਨ ਦੇ ਮੌਕੇ ਪੈਦਾ ਕਰਨ ਅਤੇ ਦੇਸ਼ ਦੀ ਊਰਜਾ ਸੁਰੱਖਿਆ ਨੂੰ ਮਜ਼ਬੂਤ ਕਰਨ 'ਤੇ ਵੀ ਧਿਆਨ ਦਿੱਤਾ ਜਾ ਰਿਹਾ ਹੈ। ਗੋਬਰਧਨ ਮਾਡਲ ਦਾ ਮੂਲ ਵਿਚਾਰ ਇਹ ਹੈ ਕਿ ਗੋਬਰ, ਖੇਤੀਬਾੜੀ ਰਹਿੰਦ-ਖੂੰਹਦ ਅਤੇ ਹੋਰ ਜੈਵਿਕ ਕੂੜੇ ਨੂੰ ਸਿਰਫ਼ ਕੂੜਾ ਮੰਨ ਕੇ ਉਸ ਦੇ ਨਿਪਟਾਰੇ ਦੀ ਬਜਾਏ ਉਸ ਤੋਂ ਕੋਈ ਉਪਯੋਗੀ ਉਤਪਾਦ ਤਿਆਰ ਕੀਤਾ ਜਾਵੇ। ਮਾਨਸਾ ਦੀ ਗਊਸ਼ਾਲਾ ਵਿੱਚ ਇਸ ਦੀ ਇੱਕ ਛੋਟੀ ਉਦਾਹਰਨ ਦਿਖਾਈ ਦਿੰਦੀ ਹੈ, ਜਿੱਥੇ ਗੋਬਰ ਤੋਂ ਬਾਇਓਗੈਸ ਬਣ ਰਹੀ ਹੈ, ਉਸ ਨਾਲ ਬਿਜਲੀ ਅਤੇ ਰਸੋਈ ਲਈ ਗੈਸ ਮਿਲ ਰਹੀ ਹੈ ਅਤੇ ਬਚੀ ਸਲਰੀ ਤੋਂ ਵਰਮੀ ਕੰਪੋਸਟ ਤਿਆਰ ਕੀਤੀ ਜਾ ਰਹੀ ਹੈ।

ਘਰੇਲੂ ਪੱਧਰ 'ਤੇ ਵੀ ਇਹੀ ਪ੍ਰਕਿਰਿਆ ਛੋਟੇ ਪੱਧਰ 'ਤੇ ਅਪਣਾਈ ਜਾ ਸਕਦੀ ਹੈ। ਕਿਸਾਨ ਲਈ ਇਸ ਦਾ ਮਤਲਬ ਹੈ ਕਿ ਪਸ਼ੂਆਂ ਤੋਂ ਮਿਲਣ ਵਾਲੇ ਗੋਬਰ ਨੂੰ ਖੇਤ ਜਾਂ ਘਰ ਦੇ ਬਾਹਰ ਪਏ ਰਹਿੰਦ-ਖੂੰਹਦ ਵਜੋਂ ਦੇਖਣ ਦੀ ਬਜਾਏ ਉਸ ਨੂੰ ਊਰਜਾ ਅਤੇ ਖਾਦ ਦੇ ਸਰੋਤ ਵਜੋਂ ਵਰਤਿਆ ਜਾ ਸਕਦਾ ਹੈ। ਇਸ ਤਰ੍ਹਾਂ ਗੋਬਰਧਨ ਦਾ ਮਾਡਲ ਗੋਬਰ ਦੇ ਨਿਪਟਾਰੇ ਤੋਂ ਅੱਗੇ ਵਧ ਕੇ ਬਾਇਓਗੈਸ, ਸੀਬੀਜੀ, ਬਿਜਲੀ ਅਤੇ ਜੈਵਿਕ ਖਾਦ ਤੱਕ ਪਹੁੰਚਦਾ ਹੈ। ਇਸ ਦਾ ਉਦੇਸ਼ ਪਿੰਡਾਂ ਵਿੱਚ ਪੈਦਾ ਹੋਣ ਵਾਲੇ ਜੈਵਿਕ ਕੂੜੇ ਨੂੰ ਇੱਕ ਅਜਿਹੇ ਸਰੋਤ ਵਿੱਚ ਬਦਲਣਾ ਹੈ, ਜਿਸ ਤੋਂ ਊਰਜਾ ਦੇ ਨਾਲ-ਨਾਲ ਆਮਦਨ ਅਤੇ ਖੇਤੀ ਲਈ ਉਪਯੋਗੀ ਉਤਪਾਦ ਵੀ ਤਿਆਰ ਕੀਤੇ ਜਾ ਸਕਣ।

# ਪੰਜਾਬ ਦੀ ਅਮੀਰ ਵਿਰਾਸਤ ਦਾ ਪ੍ਰਤੀਕ ਮੇਲੇ

ਲਲਿਤਾ ਗੁਪਤਾ

ਮੇਲੇ ਪੰਜਾਬ ਦੀ ਧੜਕਣ ਹਨ ਅਤੇ ਜਦੋਂ ਗੱਲ ਮਾਲਵੇ ਦੇ ਮੇਲਿਆਂ ਦੀ ਚੱਲਦੀ ਹੈ ਤਾਂ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਛਪਾਰ ਵਿਖੇ ਲੱਗਣ ਵਾਲਾ 'ਛਪਾਰ ਦਾ ਮੇਲਾ' ਆਪਣੀ ਵਿਲੱਖਣ ਪਛਾਣ ਅਤੇ ਇਤਿਹਾਸਕ ਮਹੱਤਤਾ ਕਰਕੇ ਪੂਰੇ ਉੱਤਰੀ ਭਾਰਤ ਵਿੱਚ ਪ੍ਰਸਿੱਧ ਹੈ। ਹਰ ਸਾਲ ਭਾਦੋਂ ਮਹੀਨੇ ਦੀ ਚਾਨਣੀ ਚੌਦਸ ਨੂੰ ਗੁੱਗਾ ਪੀਰ (ਜ਼ਾਹਰ ਪੀਰ) ਦੀ ਯਾਦ ਵਿੱਚ ਲੱਗਣ ਵਾਲਾ ਇਹ ਮੇਲਾ ਸਿਰਫ਼ ਇੱਕ ਧਾਰਮਿਕ ਇਕੱਠ ਨਹੀਂ, ਸਗੋਂ ਪੰਜਾਬ ਦੀ ਸੱਭਿਆਚਾਰਕ, ਸਮਾਜਿਕ ਅਤੇ ਸਾਂਝੀਵਾਲਤਾ ਦੀ ਜਿਊਂਦੀ-ਜਾਗਦੀ ਮਿਸਾਲ ਹੈ।

ਭਾਦੋਂ ਮਹੀਨੇ ਦੀ ਚਾਨਣੀ ਚੌਦਸ
ਸਭ ਦੇ ਮਨ ਨੂੰ ਭਾਵੇ
ਲੱਖਾਂ ਦੀ ਗਿਣਤੀ ਵਿੱਚ ਸੰਗਤ
ਛਪਾਰ ਪਿੰਡ ਨੂੰ ਆਵੇ।
ਸੱਤ ਵਾਰੀ ਸਭ ਮਿੱਟੀ ਕੱਢਦੇ
ਕੋਈ ਨਾ ਦਿਲੋਂ ਭੁਲਾਵੇ।
ਗੁੱਗੇ ਦੀ ਮਾੜੀ ਦੇ ਉੱਤੇ
ਹਰ ਕੋਈ ਸੀਸ ਝੁਕਾਵੇ।
ਬਈ ਸੁੱਖਾਂ ਸੁੱਖਦੀ ਦੁਨੀਆ ਆਵੇ
ਖ਼ੁਸ਼ੀ-ਖ਼ੁਸ਼ੀ ਘਰ ਜਾਵੇ।

ਛਪਾਰ ਦੇ ਮੇਲੇ ਦਾ ਇਤਿਹਾਸ ਸਦੀਆਂ ਪੁਰਾਣਾ ਮੰਨਿਆ ਜਾਂਦਾ ਹੈ। ਇਹ ਮੇਲਾ ਮੁੱਖ ਤੌਰ 'ਤੇ ਗੁੱਗਾ ਪੀਰ ਅਤੇ ਸਰਪ ਪੂਜਾ (ਨਾਗ ਦੇਵਤਾ) ਨਾਲ ਸਬੰਧਿਤ ਹੈ। ਲੋਕ-ਧਾਰਾ ਅਨੁਸਾਰ ਗੁੱਗਾ ਜੀ ਇੱਕ ਚੌਹਾਨ ਰਾਜਪੂਤ ਯੋਧੇ ਸਨ ਜਿਨ੍ਹਾਂ ਦਾ ਜਨਮ ਗਿਆਰ੍ਹਵੀਂ ਸਦੀ ਵਿੱਚ ਰਾਜਸਥਾਨ (ਬੀਕਾਨੇਰ) ਦੇ ਇਲਾਕੇ ਵਿੱਚ ਹੋਇਆ ਸੀ। ਉਨ੍ਹਾਂ ਨੂੰ ਸੱਪਾਂ ਦੇ ਮਾਲਕ ਵਜੋਂ ਪੂਜਿਆ ਜਾਂਦਾ ਹੈ। ਛਪਾਰ ਵਿਖੇ ਸਥਿਤ 'ਗੁੱਗੇ ਦੀ ਮਾੜੀ' ਦੀ ਸਥਾਪਨਾ ਬਾਰੇ ਇੱਕ ਦੰਤ-ਕਥਾ ਬਹੁਤ ਮਸ਼ਹੂਰ ਹੈ। ਕਿਹਾ ਜਾਂਦਾ ਹੈ ਕਿ ਰਾਜਸਥਾਨ (ਬਾਗੜ) ਤੋਂ ਇੱਕ ਸ਼ਰਧਾਲੂ ਪਰਿਵਾਰ ਇੱਥੇ ਆਇਆ ਸੀ ਅਤੇ ਪਰਿਵਾਰ ਦੀ ਇੱਕ ਮਹਿਲਾ ਨੂੰ ਸੁਪਨੇ ਵਿੱਚ ਗੁੱਗਾ ਪੀਰ ਦੇ ਦਰਸ਼ਨ ਹੋਏ ਜਿਸ ਤੋਂ ਬਾਅਦ ਰਾਜਸਥਾਨ ਤੋਂ ਮਿੱਟੀ ਜਾਂ ਇੱਟਾਂ ਲਿਆ ਕੇ ਇੱਥੇ ਮਾੜੀ ਦੀ ਸਥਾਪਨਾ ਕੀਤੀ ਗਈ। ਇੱਕ ਹੋਰ ਪ੍ਰਚੱਲਿਤ ਲੋਕ-ਕਥਾ ਮੁਤਾਬਿਕ ਇੱਕ ਕਿਸਾਨ ਪਰਿਵਾਰ ਵਿੱਚ ਇੱਕ ਲੜਕਾ ਅਤੇ ਇੱਕ ਸੱਪ ਇਕੱਠੇ ਪੈਦਾ ਹੋਏ ਸਨ, ਜਿਨ੍ਹਾਂ ਵਿੱਚ ਅਥਾਹ ਪਿਆਰ ਸੀ। ਉਸੇ ਪਿਆਰ ਅਤੇ ਅਕੀਦਤ ਦੀ ਯਾਦ ਵਿੱਚ ਇਹ ਅਸਥਾਨ ਹੋਂਦ ਵਿੱਚ ਆਇਆ। ਲਗਭਗ 1890 ਵਿੱਚ ਇੱਥੇ ਇੱਕ ਵੱਡੀ ਮਾੜੀ ਦਾ ਨਿਰਮਾਣ ਕਰਵਾਇਆ ਗਿਆ ਜੋ ਅੱਜ ਇੱਕ ਵਿਸ਼ਾਲ ਧਾਰਮਿਕ ਕੰਪਲੈਕਸ ਦਾ ਰੂਪ ਧਾਰਨ ਕਰ ਚੁੱਕੀ ਹੈ।



ਇਹ ਮੇਲਾ ਆਮ ਤੌਰ 'ਤੇ ਚਾਰ ਤੋਂ ਪੰਜ ਦਿਨਾਂ ਤੱਕ ਬੜੀ ਧੂਮ-ਧਾਮ ਨਾਲ ਚੱਲਦਾ ਹੈ। ਮੇਲੇ ਦੇ ਵੱਖ-ਵੱਖ ਦਿਨਾਂ ਦੀਆਂ ਆਪਣੀਆਂ ਵਿਸ਼ੇਸ਼ ਰਸਮਾਂ ਹਨ। ਮੇਲੇ ਦੇ ਪਹਿਲੇ ਦਿਨ ਨੂੰ 'ਚੌਂਕੀਆਂ' ਕਿਹਾ ਜਾਂਦਾ ਹੈ। ਇਸ ਦਿਨ ਸ਼ਰਧਾਲੂ ਖ਼ਾਸ ਕਰਕੇ ਔਰਤਾਂ ਅਤੇ ਬੱਚੇ ਵੱਡੀ ਗਿਣਤੀ ਵਿੱਚ ਪਹੁੰਚਦੇ ਹਨ। ਲੋਕ ਗੁੱਗਾ ਮਾੜੀ ਦੇ ਦਰਸ਼ਨ ਕਰਦੇ ਹਨ ਅਤੇ ਸਾਰੀ ਰਾਤ ਜਾਗ ਕੇ ਗੁੱਗੇ ਦੇ ਜਸ (ਭੇਟਾਂ) ਗਾਉਂਦੇ ਹਨ।

ਛਪਾਰ ਦੇ ਮੇਲੇ ਦੀ ਸਭ ਤੋਂ ਅਹਿਮ ਰਸਮ 'ਮਿੱਟੀ ਕੱਢਣਾ' ਹੈ। ਸ਼ਰਧਾਲੂ ਮਾੜੀ ਦੇ ਆਲੇ-ਦੁਆਲੇ ਦੀ ਜ਼ਮੀਨ ਤੋਂ ਸੱਤ ਵਾਰ ਮਿੱਟੀ ਕੱਢ ਕੇ ਇੱਕ ਥਾਂ ਇਕੱਠੀ ਕਰਦੇ ਹਨ। ਮੰਨਿਆ ਜਾਂਦਾ ਹੈ ਕਿ ਇਸ ਤਰ੍ਹਾਂ ਕਰਨ ਨਾਲ ਪਰਿਵਾਰ ਅਤੇ ਪਾਲਤੂ ਪਸ਼ੂ ਸੱਪਾਂ ਦੇ ਡੰਗ (ਖ਼ਤਰੇ) ਤੋਂ ਸੁਰੱਖਿਅਤ ਰਹਿੰਦੇ ਹਨ। ਪਹਿਲੇ ਦਿਨ ਤੋਂ ਬਾਅਦ ਅਗਲੇ ਦਿਨ ਮਰਦਾਂ ਦੇ ਮੇਲੇ ਵਜੋਂ ਜਾਣੇ ਜਾਂਦੇ ਹਨ ਜਿੱਥੇ ਪੂਰੇ ਪੰਜਾਬ ਅਤੇ ਗੁਆਂਢੀ ਰਾਜਾਂ ਤੋਂ ਹਜ਼ਾਰਾਂ ਦੀ ਗਿਣਤੀ ਵਿੱਚ ਲੋਕ ਪਹੁੰਚ ਕੇ ਮੇਲੇ ਦੀ ਰੌਣਕ ਵਧਾਉਂਦੇ ਹਨ।

ਛਪਾਰ ਦੇ ਮੇਲੇ ਦੀ ਸਭ ਤੋਂ ਵੱਡੀ ਵਿਲੱਖਣਤਾ ਇਹ ਹੈ ਕਿ ਇਹ ਸਰਬ-ਸਾਂਝੀਵਾਲਤਾ ਦਾ ਪ੍ਰਤੀਕ ਹੈ। ਇੱਥੇ ਹਿੰਦੂ, ਸਿੱਖ, ਮੁਸਲਮਾਨ ਅਤੇ ਈਸਾਈ ਧਰਮਾਂ ਦੇ ਲੋਕ ਬਿਨਾਂ ਕਿਸੇ ਭੇਦਭਾਵ ਦੇ ਇਕੱਠੇ ਹੁੰਦੇ ਹਨ। ਗੁੱਗਾ ਪੀਰ ਨੂੰ ਸਭ ਧਰਮਾਂ ਦੇ ਲੋਕ ਆਪੋ-ਆਪਣੀ ਆਸਥਾ ਅਨੁਸਾਰ ਪੂਜਦੇ ਹਨ। ਇਹ ਮੇਲਾ ਜਾਤਾਂ-ਪਾਤਾਂ ਦੇ ਵਖਰੇਵਿਆਂ ਨੂੰ ਮਿਟਾ ਕੇ ਆਪਸੀ ਭਾਈਚਾਰੇ ਨੂੰ ਮਜ਼ਬੂਤ ਕਰਨ ਦਾ ਇੱਕ ਵੱਡਾ ਜ਼ਰੀਆ ਬਣਦਾ ਹੈ।

ਪੁਰਾਣੇ ਸਮਿਆਂ ਤੋਂ ਹੀ ਛਪਾਰ ਦਾ ਮੇਲਾ ਆਪਣੇ ਸੱਭਿਆਚਾਰਕ ਰੰਗਾਂ ਲਈ ਜਾਣਿਆ ਜਾਂਦਾ ਰਿਹਾ ਹੈ। ਇਸ ਮੇਲੇ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ 'ਢਾਣੀਆਂ ਦੇ ਗਿੱਧੇ' ਹੁੰਦੇ ਸਨ। ਮਾਲਵੇ ਦੇ ਵੱਖ-ਵੱਖ ਪਿੰਡਾਂ ਤੋਂ ਗਿੱਧਾ ਪਾਉਣ ਵਾਲੇ ਮੁੰਡਿਆਂ ਅਤੇ ਮਰਦਾਂ ਦੀਆਂ ਢਾਣੀਆਂ (ਟੋਲੀਆਂ) ਮੇਲੇ ਵਿੱਚ ਪਹੁੰਚਦੀਆਂ ਸਨ। ਇੱਕ-ਦੂਜੇ ਦੇ ਸਾਹਮਣੇ ਖੜ੍ਹ ਕੇ ਮੁਕਾਬਲੇ ਵਜੋਂ ਬੋਲੀਆਂ ਪਾਈਆਂ ਜਾਂਦੀਆਂ ਸਨ। ਢੋਲਕੀ, ਛੈਣੇ, ਕਾਟੋ, ਸੱਪ ਅਤੇ ਚਿਮਟਿਆਂ ਦੀ ਗੂੰਜ ਨਾਲ ਪੂਰਾ ਮੇਲਾ ਨੱਚ ਉੱਠਦਾ ਹੈ। ਹਾਲਾਂਕਿ ਸਮੇਂ ਦੇ ਨਾਲ ਇਨ੍ਹਾਂ ਪਰੰਪਰਾਗਤ ਢਾਣੀਆਂ ਦਾ ਰੂਪ ਬਦਲ ਗਿਆ ਹੈ, ਪਰ ਅੱਜ ਵੀ ਮੇਲੇ ਵਿੱਚ ਲੋਕ-ਗੀਤਾਂ ਅਤੇ ਬੋਲੀਆਂ ਦੇ ਰੰਗ ਦੇਖਣ ਨੂੰ ਮਿਲਦੇ ਹਨ।

ਛਪਾਰ ਦਾ ਮੇਲਾ ਆਪਣੇ ਪੇਂਡੂ ਬਾਜ਼ਾਰ ਅਤੇ ਪਕਵਾਨਾਂ ਲਈ ਵੀ ਬਹੁਤ ਮਸ਼ਹੂਰ ਹੈ। ਛਪਾਰ ਦੇ ਮੇਲੇ ਦੀ ਸਭ ਤੋਂ ਪ੍ਰਸਿੱਧ ਸੌਗਾਤ 'ਖਜਲਾ ਮਠਿਆਈ' ਹੈ। ਇਹ ਇੱਕ ਖ਼ਾਸ ਕਿਸਮ ਦੀ ਕਰਾਰੀ ਮਠਿਆਈ ਹੁੰਦੀ ਹੈ ਜਿਸ ਨੂੰ ਲੋਕ ਮੇਲੇ ਵਿੱਚ ਬੜੇ ਚਾਅ ਨਾਲ ਖਾਂਦੇ ਹਨ ਅਤੇ ਘਰਾਂ ਲਈ ਪੰਡਾਂ ਬੰਨ੍ਹ ਕੇ ਲੈ ਜਾਂਦੇ ਹਨ। ਇਸ ਤੋਂ ਇਲਾਵਾ ਪਰੰਪਰਾਗਤ ਜਲੇਬੀਆਂ, ਪਕੌੜੇ ਅਤੇ ਹੋਰ ਦੇਸੀ ਮਠਿਆਈਆਂ ਦੇ ਵੱਡੇ-ਵੱਡੇ ਸਟਾਲ ਲੱਗਦੇ ਹਨ। ਬਾਜ਼ਾਰਾਂ ਵਿੱਚ ਪੇਂਡੂ ਦਸਤਕਾਰੀ ਦੇ ਨਮੂਨੇ, ਖੇਤੀਬਾੜੀ ਦੇ ਸੰਦ, ਘਰੇਲੂ ਸਾਮਾਨ ਅਤੇ ਬੱਚਿਆਂ ਲਈ ਲੱਕੜ ਤੇ ਮਿੱਟੀ ਦੇ ਖਿਡੌਣੇ ਮਿਲਦੇ ਹਨ। ਮੇਲੇ ਵਿੱਚ ਵੱਡੇ-ਵੱਡੇ ਅਸਮਾਨੀ ਝੂਲੇ ਚੰਡੋਲ, ਕਿਸ਼ਤੀ, ਮੌਤ ਦਾ ਖੂਹ, ਸਰਕਸ ਅਤੇ ਜਾਦੂਗਰਾਂ ਦੇ ਕਰਤਬ ਬੱਚਿਆਂ ਅਤੇ ਨੌਜਵਾਨਾਂ ਲਈ ਖਿੱਚ ਦਾ ਕੇਂਦਰ ਹੁੰਦੇ ਹਨ। ਧਾਰਮਿਕ ਅਤੇ ਸੱਭਿਆਚਾਰਕ ਮਹੱਤਤਾ ਦੇ ਨਾਲ-ਨਾਲ ਛਪਾਰ ਦਾ ਮੇਲਾ ਪੰਜਾਬ ਦੀ ਸਿਆਸਤ ਦਾ ਵੀ ਇੱਕ ਵੱਡਾ ਅਖਾੜਾ ਰਿਹਾ ਹੈ। ਪੁਰਾਣੇ ਸਮਿਆਂ ਤੋਂ ਹੀ ਪੰਜਾਬ ਦੀਆਂ ਪ੍ਰਮੁੱਖ ਰਾਜਨੀਤਕ ਪਾਰਟੀਆਂ (ਕਾਂਗਰਸ, ਸ਼੍ਰੋਮਣੀ ਅਕਾਲੀ ਦਲ, ਆਮ ਆਦਮੀ ਪਾਰਟੀ ਆਦਿ ਮੇਲੇ ਦੇ ਮੁੱਖ ਦਿਨਾਂ 'ਤੇ ਆਪਣੀਆਂ ਵੱਡੀਆਂ ਸਿਆਸੀ ਕਾਨਫਰੰਸਾਂ ਕਰਦੀਆਂ ਰਹੀਆਂ ਹਨ। ਇੱਥੇ ਲੀਡਰ ਆਪਣੀ ਸ਼ਕਤੀ ਦਾ ਪ੍ਰਦਰਸ਼ਨ ਕਰਦੇ ਹਨ ਅਤੇ ਆਉਣ ਵਾਲੀਆਂ ਚੋਣਾਂ ਲਈ ਰਣਨੀਤੀਆਂ ਦਾ ਮੁੱਢ ਬੰਨ੍ਹਦੇ ਹਨ। ਹਾਲਾਂਕਿ ਪਿਛਲੇ ਕੁਝ ਸਮੇਂ ਤੋਂ ਇਨ੍ਹਾਂ ਕਾਨਫਰੰਸਾਂ ਦੇ ਸਰੂਪ ਵਿੱਚ ਬਦਲਾਅ ਆਇਆ ਹੈ, ਪਰ ਫਿਰ ਵੀ ਰਾਜਨੀਤਕ ਹਲਚਲ ਮੇਲੇ ਦਾ ਇੱਕ ਅਹਿਮ ਹਿੱਸਾ ਬਣੀ ਹੋਈ ਹੈ।

ਅਜੋਕੇ ਦੌਰ ਵਿੱਚ ਜਿੱਥੇ ਤਕਨਾਲੋਜੀ ਅਤੇ ਸੋਸ਼ਲ ਮੀਡੀਆ ਨੇ ਲੋਕਾਂ ਦੇ ਮਨੋਰੰਜਨ ਦੇ ਸਾਧਨ ਬਦਲ ਦਿੱਤੇ ਹਨ, ਉੱਥੇ ਛਪਾਰ ਦੇ ਮੇਲੇ ਦੇ ਸਰੂਪ ਵਿੱਚ ਵੀ ਕਾਫ਼ੀ ਤਬਦੀਲੀ ਆਈ ਹੈ। ਪੁਰਾਤਨ ਲੋਕ-ਕਲਾਵਾਂ, ਭੰਡ, ਨਕਲਚੀਆਂ ਅਤੇ ਪਰੰਪਰਾਗਤ ਗਾਇਕੀ ਹੁਣ ਹੌਲੀ-ਹੌਲੀ ਗਾਇਬ ਹੋ ਰਹੀ ਹੈ। ਮੇਲੇ ਵਿੱਚ ਵਪਾਰੀਕਰਨ ਅਤੇ ਲਾਊਡ ਸਪੀਕਰਾਂ ਦੇ ਸ਼ੋਰ ਨੇ ਪੁਰਾਣੇ ਪੇਂਡੂ ਸਕੂਨ ਨੂੰ ਕੁਝ ਹੱਦ ਤੱਕ ਪ੍ਰਭਾਵਿਤ ਕੀਤਾ ਹੈ। ਇਸ ਤੋਂ ਇਲਾਵਾ ਭਾਰੀ ਭੀੜ ਕਾਰਨ ਟ੍ਰੈਫਿਕ ਅਤੇ ਪ੍ਰਬੰਧਕੀ ਚੁਣੌਤੀਆਂ ਵੀ ਖੜ੍ਹੀਆਂ ਹੁੰਦੀਆਂ ਹਨ, ਪਰ ਇਨ੍ਹਾਂ ਸਭ ਦੇ ਬਾਵਜੂਦ ਲੋਕਾਂ ਦੀ ਸ਼ਰਧਾ ਅਤੇ ਮੇਲੇ ਪ੍ਰਤੀ ਚਾਅ ਵਿੱਚ ਕੋਈ ਕਮੀ ਨਹੀਂ ਆਈ। ਹਾਲ ਹੀ ਦੇ ਸਾਲਾਂ ਵਿੱਚ ਵੀ ਸ਼ਰਧਾਲੂਆਂ ਦਾ ਵੱਡੀ ਗਿਣਤੀ ਵਿੱਚ ਪਹੁੰਚਣਾ ਇਹ ਸਾਬਤ ਕਰਦਾ ਹੈ ਕਿ ਇਹ ਮੇਲਾ ਪੰਜਾਬੀਆਂ ਦੇ ਦਿਲਾਂ ਵਿੱਚ ਡੂੰਘਾ ਉਤਰਿਆ ਹੋਇਆ ਹੈ।

ਛਪਾਰ ਦਾ ਮੇਲਾ ਮਹਿਜ਼ ਇੱਕ ਮੇਲਾ ਨਹੀਂ, ਸਗੋਂ ਪੰਜਾਬ ਦੀ ਧਰਤੀ ਦਾ ਉਹ ਸ਼ੀਸ਼ਾ ਹੈ ਜਿਸ ਵਿੱਚੋਂ ਮਾਲਵੇ ਦੀ ਰੂਹ, ਆਪਸੀ ਭਾਈਚਾਰਾ ਅਤੇ ਸੱਭਿਆਚਾਰਕ ਅਮੀਰੀ ਸਾਫ਼ ਨਜ਼ਰ ਆਉਂਦੀ ਹੈ। ਇਹ ਮੇਲੇ ਸਾਨੂੰ ਸਾਡੀਆਂ ਜੜ੍ਹਾਂ ਨਾਲ ਜੋੜੀ ਰੱਖਣ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਅਜੋਕੀ ਨਵੀਂ ਪੀੜ੍ਹੀ ਨੂੰ ਆਪਣੀ ਇਸ ਅਮੀਰ ਵਿਰਾਸਤ ਤੋਂ ਜਾਣੂ ਕਰਵਾਉਣ ਅਤੇ ਮੇਲੇ ਦੇ ਪਵਿੱਤਰ ਤੇ ਸੱਭਿਆਚਾਰਕ ਸਰੂਪ ਨੂੰ ਸੰਭਾਲ ਕੇ ਰੱਖਣ ਦੀ ਸਖ਼ਤ ਲੋੜ ਹੈ ਤਾਂ ਜੋ ਪੰਜਾਬੀਅਤ ਦਾ ਇਹ ਰੰਗ ਹਮੇਸ਼ਾ ਇਵੇਂ ਹੀ ਚਮਕਦਾ ਰਹੇ।

# ਜ਼ਖਮੀ ਪਾਇਲਟ ਸੁਮਿਤ ਮਛਾਰ ਦਰਵਾਜ਼ਾ ਨਾ ਖੋਲਦਾ ਤਾਂ ਵੱਡੀ ਅਣਹੋਣੀ ਹੋ ਸਕਦੀ ਸੀ

ਫਲਾਈਦੁਬਈ ਦੀ ਉਡਾਣ ਵਿਚ ਜਿਸ ਭਾਰਤੀ ਨਾਗਰਿਕ ਪਾਇਲਟ ਸੁਮਿਤ ਮਛਾਰ 'ਤੇ ਚਾਕੂ ਨਾਲ ਹਮਲਾ ਕੀਤਾ ਗਿਆ, ਉਨ੍ਹਾਂ ਨੇ ਕਥਿਤ ਤੌਰ 'ਤੇ ਬੇਹੋਸ਼ ਹੋਣ ਤੋਂ ਪਹਿਲਾਂ ਕਾਕਪਿਟ ਦਾ ਦਰਵਾਜ਼ਾ ਖੋਲ੍ਹ ਦਿੱਤਾ ਸੀ। ਇਜ਼ਰਾਇਲੀ ਯਾਤਰੀ ਯਾਨਿਵ ਹਯੂਨ ਨੇ ਬੁੱਧਵਾਰ ਨੂੰ ਬੇਨ ਗੁਰਿਅਨ ਹਵਾਈ ਅੱਡੇ 'ਤੇ ਪ੍ਰਧਾਨ ਮੰਤਰੀ ਬੇਂਜਾਮਿਨ ਨੇਤਨਯਾਹੂ ਨਾਲ ਗੱਲਬਾਤ ਦੌਰਾਨ ਇਹ ਜਾਣਕਾਰੀ ਦਿੱਤੀ।

ਹਯੂਨ ਨੇ ਨੇਤਨਯਾਹੂ ਨੂੰ ਦੱਸਿਆ ਕਿ ਕਾਕਪਿਟ ਦਾ ਦਰਵਾਜ਼ਾ ਖੁੱਲ੍ਹਾ ਹੋਇਆ ਸੀ, ਪਰ ਮੱਛਰ ਦਰਵਾਜ਼ੇ ਦੇ ਇੰਨੇ ਨੇੜੇ ਬੇਹੋਸ਼ ਸਨ ਕਿ ਉਸ ਨੂੰ ਖੋਲ੍ਹਣਾ ਮੁਸ਼ਕਿਲ ਸੀ। ਉਨ੍ਹਾਂ ਕਿਹਾ, "ਮੇਰਾ ਮੰਨਣਾ ਇਹ ਹੈ ਕਿ ਉਨ੍ਹਾਂ ਨੇ ਆਪਣੀ ਸੂਝਬੂਝ ਦਾ ਇਸਤੇਮਾਲ ਕਰਦੇ ਹੋਏ ਸਾਡੇ ਲਈ ਦਰਵਾਜ਼ਾ ਖੋਲ੍ਹ ਦਿੱਤਾ ਅਤੇ ਉਸ ਤੋਂ ਬਾਅਦ ਬੇਹੋਸ਼ ਹੋ ਗਏ।" ਬਾਅਦ ਵਿੱਚ ਨੇਤਨਯਾਹੂ ਨੇ ਐਕਸ 'ਤੇ ਦਿੱਤੇ ਇੱਕ ਬਿਆਨ ਵਿੱਚ ਸੁਮਿਤ ਮਛਾਰ ਦੀ ਬਹਾਦਰੀ ਦੀ ਤਾਰੀਫ਼ ਕਰਦੇ ਹੋਏ ਇਸ ਘਟਨਾ ਦਾ ਜ਼ਿਕਰ ਕੀਤਾ।

ਇਜ਼ਰਾਇਲੀ ਪ੍ਰਧਾਨ ਮੰਤਰੀ ਨੇ ਲਿਖਿਆ, "ਚਾਕੂ ਨਾਲ ਹਮਲਾ ਹੋਣ ਅਤੇ ਗੰਭੀਰ ਰੂਪ ਨਾਲ ਜ਼ਖ਼ਮੀ ਹੋਣ ਦੇ ਬਾਵਜੂਦ ਉਨ੍ਹਾਂ ਨੇ ਜਵਾਬੀ ਕਾਰਵਾਈ ਕੀਤੀ, ਹਮਲਾਵਰ ਦਾ ਵਿਰੋਧ ਕੀਤਾ, ਕਾਕਪਿਟ ਦਾ ਦਰਵਾਜ਼ਾ ਖੋਲ੍ਹਿਆ ਅਤੇ ਯਾਤਰੀਆਂ ਅਤੇ ਚਾਲਕ ਦਲ ਦੇ ਮੈਂਬਰਾਂ ਨੂੰ ਹਮਲਾਵਰ 'ਤੇ ਕਾਬੂ ਪਾਉਣ ਦੇ ਸਮਰੱਥ ਬਣਾਇਆ। ਇਸ ਨਾਲ ਹਵਾ ਵਿੱਚ ਇੱਕ ਵੱਡੀ ਤ੍ਰਾਸਦੀ ਹੋਣ ਤੋਂ ਬਚ ਗਈ।" ਨੇਤਨਯਾਹੂ ਨੇ ਕਿਹਾ ਕਿ ਸੁਮਿਤ ਮਛਾਰ ਨੇ ਇਜ਼ਰਾਇਲੀ ਨਾਗਰਿਕਾਂ ਅਤੇ ਹੋਰ ਦੇਸ਼ਾਂ ਦੇ ਨਾਗਰਿਕਾਂ ਸਮੇਤ 174 ਲੋਕਾਂ ਦੀ ਜਾਨ ਬਚਾਈ।

ਸਮਿਤ ਮੱਛਰ ਦੀ ਸੋਸ਼ਲ ਮੀਡੀਆ 'ਤੇ ਵੀ ਕਾਫ਼ੀ ਤਾਰੀਫ਼ ਹੋ ਰਹੀ ਹੈ। ਈਰਾਨ ਦੀ ਇੱਕ ਮਹਿਲਾ ਨੇ ਐਕਸ 'ਤੇ ਲਿਖਿਆ, "ਮੇਰੇ ਪਤੀ ਪਾਇਲਟ ਹਨ। ਉਨ੍ਹਾਂ ਨੇ ਦੱਸਿਆ ਕਿ ਪਾਇਲਟਾਂ ਕੋਲ ਕਾਕਪਿਟ ਵਿੱਚ ਇੱਕ ਸਵਿੱਚ ਹੁੰਦਾ ਹੈ, ਜਿਸ ਨਾਲ ਅੰਦਰੋਂ ਕਾਕਪਿਟ ਦਾ ਦਰਵਾਜ਼ਾ ਅਨਲੌਕ ਕੀਤਾ ਜਾ ਸਕਦਾ ਹੈ। ਇਸ ਲਈ ਸੰਭਵ ਹੈ ਕਿ ਕੈਪਟਨ ਸਮਿਤ ਮੱਛਰ ਨੇ ਸਿਰਫ਼ ਮਦਦ ਲਈ ਆਵਾਜ਼ ਹੀ ਨਾ ਲਗਾਈ ਹੋਵੇ, ਸਗੋਂ ਬੇਹੋਸ਼ ਹੋਣ ਤੋਂ ਪਹਿਲਾਂ ਉਨ੍ਹਾਂ ਨੇ ਉਹ ਸਵਿੱਚ ਵੀ ਦਬਾਇਆ ਹੋਵੇ, ਤਾਂ ਜੋ ਫਲਾਈਟ ਅਟੈਂਡੈਂਟ ਅਤੇ ਯਾਤਰੀ ਕਾਕਪਿਟ ਦੇ ਅੰਦਰ ਪਹੁੰਚ ਸਕਣ।" "ਜੇ ਕਾਕਪਿਟ ਦਾ ਦਰਵਾਜ਼ਾ ਲੌਕ ਹੀ ਰਹਿੰਦਾ, ਤਾਂ ਸ਼ਾਇਦ ਕੋਈ ਅੰਦਰ ਜਾ ਕੇ ਜਹਾਜ਼ ਨੂੰ ਬਚਾਉਣ ਵਿੱਚ ਮਦਦ ਨਾ ਕਰ ਪਾਉਂਦਾ। ਉਨ੍ਹਾਂ ਨੂੰ ਸਲਾਮ। ਉਨ੍ਹਾਂ ਦੇ ਉਸ ਇੱਕ ਫ਼ੈਸਲੇ ਨੇ ਜਹਾਜ਼ ਵਿੱਚ ਸਵਾਰ ਸਾਰੇ ਲੋਕਾਂ ਦੀ ਜਾਨ ਬਚਾਉਣ ਵਿੱਚ ਅਹਿਮ ਭੂਮਿਕਾ ਨਿਭਾਈ।" ਇਜ਼ਰਾਇਲੀ ਨਿਊਜ਼ ਵੈੱਬਸਾਈਟ ਯੇਰੂਸ਼ਲਮ ਪੋਸਟ ਦੀ ਰਿਪੋਰਟ ਮੁਤਾਬਕ, ਕਈ ਯਾਤਰੀਆਂ ਨੇ ਜ਼ਖ਼ਮੀ ਸਮਿਤ ਨੂੰ ਮੁੱਢਲੀ ਸਹਾਇਤਾ ਦਿੱਤੀ। ਇਨ੍ਹਾਂ ਵਿੱਚ ਇਜ਼ਰਾਇਲੀ ਡੈਂਟਿਸਟ ਸ਼ੋਤਾ ਮੁਸਾਏਵ ਵੀ ਸ਼ਾਮਿਲ ਸਨ। ਜਹਾਜ਼ ਦੀ ਤਾਬੂਕ ਹਵਾਈ ਅੱਡੇ 'ਤੇ ਐਮਰਜੈਂਸੀ ਲੈਂਡਿੰਗ ਤੋਂ ਬਾਅਦ ਮੱਛਰ ਨੂੰ ਸਾਊਦੀ ਅਰਬ ਦੇ ਇੱਕ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ।

ਮੁਸਾਏਵ ਨੇ ਇਜ਼ਰਾਇਲੀ ਮੀਡੀਆ ਨੂੰ ਦੱਸਿਆ ਕਿ ਸੁਮਿਤ ਮਛਾਰ ਗੰਭੀਰ ਰੂਪ ਵਿੱਚ ਜ਼ਖ਼ਮੀ ਸਨ ਅਤੇ ਉਨ੍ਹਾਂ ਦੇ ਸਿਰ ਅਤੇ ਹੱਥਾਂ ਤੋਂ ਕਾਫ਼ੀ ਖ਼ੂਨ ਵਗ ਰਿਹਾ ਸੀ। ਡੈਂਟਿਸਟ ਨੇ ਖ਼ੂਨ ਰੋਕਣ ਵਿੱਚ ਮਦਦ ਕੀਤੀ। ਉਨ੍ਹਾਂ ਦੱਸਿਆ ਕਿ ਇਸ ਤੋਂ ਬਾਅਦ ਮੱਛਰ ਦੀ ਹਾਲਤ ਸਥਿਰ ਹੋਈ, ਪਰ ਜਹਾਜ਼ ਦੀ ਲੈਂਡਿੰਗ ਦੌਰਾਨ ਉਨ੍ਹਾਂ ਦੀ ਹਾਲਤ ਫਿਰ ਵਿਗੜ ਗਈ। ਮੁਸਾਏਵ ਨੇ ਇਹ ਵੀ ਦੱਸਿਆ ਕਿ ਸੁਮਿਤ ਮਛਾਰ ਬੋਲ ਕੇ ਇਹ ਦੱਸਣ ਦੇ ਸਮਰੱਥ ਸਨ ਕਿ ਦੂਜੇ ਪਾਇਲਟ ਨੇ ਉਨ੍ਹਾਂ 'ਤੇ ਚਾਕੂ ਨਾਲ ਹਮਲਾ ਕੀਤਾ ਸੀ। ਸੁਮਿਤ ਮਛਾਰ ਤਜਰਬੇਕਾਰ ਪਾਇਲਟ ਹਨ, ਨਵੇਂ ਪਾਇਲਟਾਂ ਨੂੰ ਟ੍ਰੇਨਿੰਗ ਵੀ ਦੇ ਚੁੱਕੇ ਹਨ। ਕੈਪਟਨ ਸੁਮਿਤ ਮਛਾਰ ਭਾਰਤ ਦਾ ਪਾਲਣ-ਪੋਸ਼ਣ ਮੁੰਬਈ ਵਿੱਚ ਹੋਇਆ ਹੈ। ਉਨ੍ਹਾਂ ਦੇ ਮਾਪੇ ਅਜੇ ਵੀ ਉੱਥੇ ਹੀ ਰਹਿੰਦੇ ਹਨ। ਉਨ੍ਹਾਂ ਨੇ ਦੁਬਈ ਜਾਣ ਤੋਂ ਪਹਿਲਾਂ ਸਾਲ 2011 ਵਿੱਚ ਭਾਰਤੀ ਏਅਰਲਾਈਨ ਸਪਾਈਸਜੈਟ ਜੁਆਇੰਨ ਕੀਤੀ ਸੀ। ਸਾਲ 2022 ਤੱਕ ਉਹ ਤਜਰਬੇਕਾਰ ਪਾਇਲਟ ਬਣ ਚੁੱਕੇ ਸਨ ਜਦੋਂ ਉਨ੍ਹਾਂ ਨੇ ਫਲਾਈਦੁਬਈ ਵਿੱਚ ਨੌਕਰੀ ਸ਼ੁਰੂ ਕੀਤੀ।



ਉਨ੍ਹਾਂ ਦੇ ਲਿੰਕਡਇਨ ਪ੍ਰੋਫਾਈਲ ਮੁਤਾਬਕ, ਉਨ੍ਹਾਂ ਨੂੰ ਫਲਾਈਟਸ ਉਡਾਉਣ ਦਾ 9,750 ਘੰਟਿਆਂ ਦਾ ਤਜਰਬਾ ਹੈ। ਇਸ ਵਿੱਚ 6,400 ਘੰਟਿਆਂ ਤੋਂ ਵੱਧ ਦਾ ਤਜਰਬਾ ਪਾਇਲਟ-ਇਨ-ਕਮਾਂਡ ਵਜੋਂ ਹੈ। ਸਪਾਈਸਜੈੱਟ ਨੇ ਇੱਕ ਬਿਆਨ ਜਾਰੀ ਕਰਕੇ ਸੁਮਿਤ ਮਛਾਰ ਨੂੰ "ਹੀਰੋ" ਦੱਸਿਆ ਅਤੇ ਕਿਹਾ ਕਿ ਉਨ੍ਹਾਂ ਨੇ "ਜਾਨਾਂ ਬਚਾਈਆਂ"। ਪਿਛਲੇ ਸਾਲ ਕੈਪਟਨ ਸੁਮਿਤ ਮਛਾਰ ਨੇ "ਬੋਨਾ-ਫਾਈਡ ਬੈਂਟਰ" ਨਾਮ ਦੇ ਇੱਕ ਪੌਡਕਾਸਟ ਵਿੱਚ ਦੱਸਿਆ ਸੀ ਕਿ ਉਨ੍ਹਾਂ ਨੇ ਪਾਇਲਟ ਵਜੋਂ ਆਪਣਾ ਕਰੀਅਰ ਕਿਵੇਂ ਸ਼ੁਰੂ ਕੀਤਾ ਅਤੇ ਇਸ ਦੌਰਾਨ ਉਨ੍ਹਾਂ ਦੇ ਕੀ ਤਜਰਬੇ ਰਹੇ। ਉਨ੍ਹਾਂ ਨੇ ਕਿਹਾ ਕਿ ਏਵੀਏਸ਼ਨ "ਕਦੇ ਵੀ ਬਚਪਨ ਦਾ ਸੁਪਨਾ ਨਹੀਂ ਸੀ"। ਜਦੋਂ ਉਹ ਲਗਭਗ 19 ਸਾਲ ਦੇ ਸਨ ਤਾਂ ਉਨ੍ਹਾਂ ਨੇ ਮੈਨੇਜਮੈਂਟ ਕੋਰਸ ਵਿੱਚ ਦਾਖ਼ਲਾ ਲਿਆ ਸੀ ਅਤੇ ਪਰਿਵਾਰ ਦੇ ਕਾਰੋਬਾਰ ਨਾਲ ਜੁੜਨ ਦੀ ਯੋਜਨਾ ਬਣਾਈ ਸੀ। ਪਰ ਇਸ ਤੋਂ ਬਾਅਦ ਉਹ ਇੱਕ ਏਵੀਏਸ਼ਨ ਸੈਮੀਨਾਰ ਵਿੱਚ ਗਏ ਅਤੇ ਉਨ੍ਹਾਂ ਮੁਤਾਬਕ, "ਉਨ੍ਹਾਂ ਨੂੰ ਸ਼ੌਕ ਪੈ ਗਿਆ।" ਸਮਿਤ ਨੇ ਇਹ ਵੀ ਦੱਸਿਆ ਕਿ ਜਦੋਂ ਉਹ ਪਾਇਲਟ ਦੀ ਵਰਦੀ ਪਹਿਨਦੇ ਸਨ ਤਾਂ ਉਹ "ਕੰਮ ਦੇ ਮਾਮਲੇ ਵਿੱਚ ਬਹੁਤ ਸਖ਼ਤ ਅਤੇ ਗੰਭੀਰ" ਹੁੰਦੇ ਸਨ ਅਤੇ "100 ਫ਼ੀਸਦੀ ਕੰਮ ਬਾਰੇ ਹੀ ਸੋਚਦੇ ਸਨ"।

ਹਾਲਾਂਕਿ, ਉਨ੍ਹਾਂ ਨੇ ਕਿਹਾ ਕਿ ਉਮਰ ਵਧਣ ਨਾਲ ਹੁਣ ਉਹ ਕੰਮ ਅਤੇ ਨਿੱਜੀ ਜ਼ਿੰਦਗੀ ਵਿਚਕਾਰ ਸੰਤੁਲਨ ਬਣਾਉਣ ਅਤੇ ਪਰਿਵਾਰ ਨਾਲ ਸਮਾਂ ਬਿਤਾਉਣ ਨੂੰ ਵਧੇਰੇ ਮਹੱਤਵ ਦਿੰਦੇ ਹਨ। ਸਾਊਦੀ ਅਰਬ ਵਿੱਚ ਭਾਰਤੀ ਦੂਤਾਘਰ ਨੇ ਕਿਹਾ ਕਿ ਸੁਮਿਤ ਮਛਾਰ ਨੂੰ "ਉੱਤਰ-ਪੱਛਮੀ ਸਾਊਦੀ ਅਰਬ ਦੇ ਤਾਬੂਕ ਸ਼ਹਿਰ ਦੇ ਇੱਕ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ ਹੈ ਅਤੇ ਉਨ੍ਹਾਂ ਨੂੰ ਜ਼ਰੂਰੀ ਇਲਾਜ ਦਿੱਤਾ ਜਾ ਰਿਹਾ ਹੈ।"

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਫਲਾਈਦੁਬਈ ਦੀ ਫਲਾਈਟ ਵਿੱਚ ਸਵਾਰ ਭਾਰਤੀ ਨਾਗਰਿਕ ਕੈਪਟਨ ਸਮਿਤ ਮੱਛਰ ਦੀ ਪ੍ਰਸ਼ੰਸਾ ਕਰਦੇ ਹੋਏ ਉਨ੍ਹਾਂ ਨੂੰ 'ਹੀਰੋ' ਦੱਸਿਆ ਹੈ। ਪੀਐਮ ਮੋਦੀ ਨੇ ਵੀਰਵਾਰ ਸਵੇਰੇ ਕਿਹਾ ਹੈ ਕਿ ਸਮਿਤ ਦੀ ਬਹਾਦਰੀ ਨਾਲ ਇੱਕ ਵੱਡੀ ਘਟਨਾ ਨੂੰ ਟਾਲਣ ਵਿੱਚ ਮਦਦ ਮਿਲੀ ਹੈ। ਉਨ੍ਹਾਂ ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਲਿਖਿਆ, "ਕੈਪਟਨ ਸਮਿਤ ਮੱਛਰ ਇੱਕ ਹੀਰੋ ਹਨ। ਸਭ ਤੋਂ ਵੱਡੇ ਖ਼ਤਰੇ ਦੇ ਸਾਹਮਣੇ ਅਤੇ ਗੰਭੀਰ ਰੂਪ ਵਿੱਚ ਜ਼ਖ਼ਮੀ ਹੋਣ ਦੇ ਬਾਵਜੂਦ, ਉਨ੍ਹਾਂ ਨੇ ਦੂਜਿਆਂ ਦੀ ਜਾਨ ਬਚਾਉਣ ਲਈ ਬਹੁਤ ਹਿੰਮਤ ਅਤੇ ਮਜ਼ਬੂਤ ਹੌਸਲਾ ਦਿਖਾਇਆ।"

ਉਨ੍ਹਾਂ ਅੱਗੇ ਲਿਖਿਆ, "ਉਨ੍ਹਾਂ ਦੀ ਬਹਾਦਰੀ ਨਾਲ ਸੈਂਕੜੇ ਲੋਕਾਂ ਦੀ ਜਾਨ ਬਚਾਉਣ ਅਤੇ ਇੱਕ ਵੱਡੀ ਘਟਨਾ ਨੂੰ ਟਾਲਣ ਵਿੱਚ ਮਦਦ ਮਿਲੀ। ਭਾਰਤ ਨੂੰ ਕੈਪਟਨ ਮੱਛਰ 'ਤੇ ਮਾਣ ਹੈ। ਉਨ੍ਹਾਂ ਦੇ ਜਲਦੀ ਠੀਕ ਹੋਣ, ਨਵੀਂ ਤਾਕਤ ਅਤੇ ਚੰਗੀ ਸਿਹਤ ਲਈ ਪ੍ਰਾਰਥਨਾ ਕਰਦਾ ਹਾਂ।" ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਵੀ ਕੈਪਟਨ ਸਮਿਤ ਦੀ ਤਾਰੀਫ ਕੀਤੀ ਹੈ। ਦ੍ਰੋਪਦੀ ਮੁਰਮੂ ਨੇ ਕਿਹਾ ਹੈ ਕਿ ਪਾਇਲਟ ਦੀ ਬਹਾਦੁਰੀ ਅਤੇ ਤੁਰੰਤ ਕਾਰਵਾਈ ਨੇ ਇੱਕ ਵੱਡੀ ਦੁਰਘਟਨਾ ਨੂੰ ਰੋਕਣ ਵਿੱਚ ਮਦਦ ਕੀਤੀ ਹੈ। ਉਨ੍ਹਾਂ ਨੇ ਐਕਸ ਉੱਤੇ ਲਿਖਿਆ,"ਦੇਸ਼ ਨੂੰ ਕੈਪਟਨ ਸਮਿਤ ਉੱਤੇ ਮਾਣ ਹੈ। ਉਨ੍ਹਾਂ ਦੀ ਬਹਾਦੁਰੀ ਅਤੇ ਮੁਸ਼ਕਿਲ ਸਮੇਂ ਵਿੱਚ ਤੁਰੰਤ ਸਹੀ ਫੈਸਲਾ ਲੈਣ ਦੀ ਉਨ੍ਹਾਂ ਦੀ ਸਮਰਥਾ ਨੇ ਸਾਨੂੰ ਵੀ ਬਹੁਤ ਪ੍ਰਭਾਵਿਤ ਕੀਤਾ ਹੈ।"

ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਨੇ ਫਲਾਈਦੁਬਈ ਦੇ ਪਾਇਲਟ ਨੂੰ ਹੀਰੋ ਦੱਸਿਆ। ਉਨ੍ਹਾਂ ਕਿਹਾ ਕਿ ਪਾਇਲਟ ਨੇ ਕੋ-ਪਾਇਲਟ ਦੁਆਰਾ ਚਾਕੂ ਨਾਲ ਕੀਤੇ ਹਮਲੇ ਦਾ ਮੁਕਾਬਲਾ ਕੀਤਾ, ਕਾਕਪਿਟ ਦਾ ਦਰਵਾਜ਼ਾ ਖੋਲ੍ਹਿਆ ਅਤੇ ਮਦਦ ਲਈ ਆਵਾਜ਼ ਲਗਾਈ, ਜਿਸ ਨਾਲ ਜਹਾਜ਼ ਨੂੰ ਜਾਣਬੁੱਝ ਕੇ ਹਾਦਸੇ ਦਾ ਸ਼ਿਕਾਰ ਬਣਾਉਣ ਦੀ ਕਥਿਤ ਕੋਸ਼ਿਸ਼ ਨੂੰ ਨਾਕਾਮ ਕਰਨ ਵਿੱਚ ਮਦਦ ਮਿਲੀ। ਵਲ ਆਫਿਸ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਟਰੰਪ ਨੇ ਕਿਹਾ ਕਿ ਉਨ੍ਹਾਂ ਨੇ ਇਜ਼ਰਾਇਲੀ ਪ੍ਰਧਾਨ ਮੰਤਰੀ ਬਿਨਿਆਮਿਨ ਨੇਤਨਯਾਹੂ ਨਾਲ ਗੱਲ ਕੀਤੀ ਸੀ। ਟਰੰਪ ਮੁਤਾਬਕ, ਨੇਤਨਯਾਹੂ ਨੇ ਉਨ੍ਹਾਂ ਨੂੰ ਦੱਸਿਆ ਕਿ ਇੱਕ ਪਲੰਬਰ, ਜਿਸ ਨੇ ਕਦੇ ਜਹਾਜ਼ ਨਹੀਂ ਉਡਾਇਆ ਸੀ, ਨੇ ਦੁਬਈ ਤੋਂ ਤੇਲ ਅਵੀਵ ਜਾ ਰਹੀ ਉਸ ਉਡਾਣ ਨੂੰ ਸੰਭਾਲਣ ਵਿੱਚ ਅਹਿਮ ਭੂਮਿਕਾ ਨਿਭਾਈ, ਜੋ ਬਾਅਦ ਵਿੱਚ ਸਾਊਦੀ ਅਰਬ ਵਿੱਚ ਉਤਰੀ। ਟਰੰਪ ਨੇ ਕਿਹਾ, "ਪਾਇਲਟ ਦੀ ਹਾਲਤ ਬਹੁਤ ਖ਼ਰਾਬ ਸੀ। ਮੇਰਾ ਅਨੁਮਾਨ ਹੈ ਕਿ ਹੁਣ ਵੀ ਉਨ੍ਹਾਂ ਦੀ ਹਾਲਤ ਬਹੁਤ ਖ਼ਰਾਬ ਹੈ। ਪਰ ਉਨ੍ਹਾਂ ਵਿੱਚ ਇੰਨੀ ਸੂਝਬੂਝ ਸੀ ਕਿ ਉਨ੍ਹਾਂ ਨੇ, ਇਹ ਵਾਕਈ ਕਮਾਲ ਸੀ, ਇੱਕ ਤਰ੍ਹਾਂ ਨਾਲ ਉਹ ਹੀਰੋ ਹਨ।"

ਟਰੰਪ ਨੇ ਕਿਹਾ ਕਿ ਪਾਇਲਟ ਨੇ ਕਾਕਪਿਟ ਦਾ ਦਰਵਾਜ਼ਾ ਖੋਲ੍ਹਿਆ ਅਤੇ ਮਦਦ ਲਈ ਚੀਕਣ ਵਿੱਚ ਕਾਮਯਾਬ ਰਹੇ। ਅਮਰੀਕੀ ਰਾਸ਼ਟਰਪਤੀ ਨੇ ਕਿਹਾ, "ਅਜਿਹਾ ਲੱਗਦਾ ਹੈ ਕਿ ਕੋ-ਪਾਇਲਟ ਸ਼ਾਇਦ ਅੱਤਵਾਦੀ ਸੀ ਜਾਂ ਸ਼ਾਇਦ ਮਾਨਸਿਕ ਤੌਰ 'ਤੇ ਅਸਧਾਰਨ ਵਿਅਕਤੀ ਸੀ ਅਤੇ ਉਸ ਨੇ ਪਾਇਲਟ 'ਤੇ ਚਾਕੂ ਨਾਲ ਹਮਲਾ ਕੀਤਾ।" ਇਸ ਤੋਂ ਬਾਅਦ ਟਰੰਪ ਨੇ ਇੱਕ ਇਜ਼ਰਾਇਲੀ ਯਾਤਰੀ ਦੀ "ਅਸਾਧਾਰਣ" ਭੂਮਿਕਾ ਦਾ ਜ਼ਿਕਰ ਕੀਤਾ, ਜਿਸ ਦੀ ਪਛਾਣ ਉਨ੍ਹਾਂ ਨੇ ਇੱਕ ਪਲੰਬਰ ਵਜੋਂ ਕੀਤੀ। ਟਰੰਪ ਮੁਤਾਬਕ, ਇੱਕ ਯਾਤਰੀ, ਜਿਸ ਨੇ ਕਦੇ ਜਹਾਜ਼ ਨਹੀਂ ਉਡਾਇਆ ਸੀ, ਕਾਕਪਿਟ ਵਿੱਚ ਗਿਆ, ਕੋ-ਪਾਇਲਟ ਨੂੰ ਉਸ ਦੀ ਸੀਟ ਤੋਂ ਖਿੱਚ ਕੇ ਪਿੱਛੇ ਵੱਲ ਸੁੱਟ ਦਿੱਤਾ। ਇਸ ਤੋਂ ਬਾਅਦ ਦੂਜੇ ਯਾਤਰੀਆਂ ਨੇ ਉਸ ਨੂੰ ਫੜ ਕੇ ਕਾਬੂ ਵਿੱਚ ਕੀਤਾ।

ਟਰੰਪ ਨੇ ਦੱਸਿਆ ਕਿ ਬਾਅਦ ਵਿੱਚ ਉਸ ਯਾਤਰੀ ਨੇ ਕਿਹਾ ਕਿ ਉਸ ਨੇ ਟੀਵੀ ਪ੍ਰੋਗਰਾਮ 'ਏਅਰ ਡਿਜ਼ਾਸਟਰਜ਼' ਦੇਖ ਕੇ ਜਹਾਜ਼ ਉਡਾਉਣ ਨਾਲ ਜੁੜੇ ਕੁਝ ਬੁਨਿਆਦੀ ਸਿਧਾਂਤ ਸਿੱਖੇ ਸਨ। ਟਰੰਪ ਨੇ ਕਿਹਾ, "ਉਨ੍ਹਾਂ ਨੇ ਦੱਸਿਆ ਕਿ ਉਹ ਇਹ ਪ੍ਰੋਗਰਾਮ ਬਹੁਤ ਦੇਖਦੇ ਹਨ ਅਤੇ ਇਸ ਨੂੰ ਦੇਖ ਕੇ ਉਨ੍ਹਾਂ ਨੇ ਕੁਝ ਹੱਦ ਤੱਕ ਜਹਾਜ਼ ਉਡਾਉਣਾ ਸਿੱਖ ਲਿਆ।" ਟਰੰਪ ਮੁਤਾਬਕ, ਜਹਾਜ਼ ਦੇ ਪਿਛਲੇ ਹਿੱਸੇ ਵਿੱਚ ਮੌਜੂਦ ਵਾਧੂ ਪਾਇਲਟ ਅਤੇ ਸੁਰੱਖਿਆ ਕਰਮਚਾਰੀ ਬਾਅਦ ਵਿੱਚ ਕਾਕਪਿਟ ਤੱਕ ਪਹੁੰਚੇ ਅਤੇ ਜਹਾਜ਼ ਦਾ ਕੰਟਰੋਲ ਸੰਭਾਲ ਲਿਆ। ਟਰੰਪ ਨੇ ਕਿਹਾ, "ਮੈਨੂੰ ਲੱਗਦਾ ਹੈ ਕਿ ਇਹ ਬਹੁਤ ਵਿਲੱਖਣ ਕਹਾਣੀ ਹੈ।" ਹਾਲਾਂਕਿ, ਟਰੰਪ ਨੇ ਇਹ ਵੀ ਸਪਸ਼ਟ ਕੀਤਾ ਕਿ ਉਹ ਕੇਵਲ ਉਨ੍ਹਾਂ ਨੂੰ ਮਿਲੀ ਜਾਣਕਾਰੀ ਦੱਸ ਰਹੇ ਹਨ ਅਤੇ ਉਨ੍ਹਾਂ ਨੇ ਇਨ੍ਹਾਂ ਤੱਥਾਂ ਦੀ ਸੁਤੰਤਰ ਤੌਰ 'ਤੇ ਪੁਸ਼ਟੀ ਨਹੀਂ ਕੀਤੀ ਹੈ।

# ਐੱਸਆਈਆਰ ਦਾ ਵਿਰੋਧ ਸਿਰਫ ਰਾਜਨੀਤੀ ਤੋਂ ਇਲਾਵਾ ਕੁਝ ਨਹੀਂ

ਵੋਟਰ ਸੂਚੀਆਂ ਦੀ ਵਿਸ਼ੇਸ਼ ਤੀਬਰ ਸੁਧਾਈ ਯਾਨੀ ਕਿ ਐੱਸਆਈਆਰ ਦੀ ਪ੍ਰਕਿਰਿਆ ਵਿਚ ਛੁੱਟ ਗਏ ਵੋਟਰਾਂ ਦਾ ਪਤਾ ਲਗਾ ਕੇ ਉਨ੍ਹਾਂ ਦਾ ਨਾਂ ਵੋਟਰ ਲਿਸਟ ’ਚ ਸ਼ਾਮਲ ਕਰਨ ਲਈ ਵਿਸ਼ੇਸ਼ ਮੁਹਿੰਮ ਦੀ ਚੋਣ ਕਮਿਸ਼ਨ ਦੀ ਤਿਆਰੀ ਦੇ ਬਾਅਦ ਵੀ ਵਿਰੋਧੀ ਧਿਰ ਮੁੱਖ ਚੋਣ ਕਮਿਸ਼ਨਰ ਦੇ ਖ਼ਿਲਾਫ਼ ਧਰਨਾ-ਪ੍ਰਦਰਸ਼ਨ ਕਰਨ ਵਿਚ ਲੱਗਿਆ ਹੋਇਆ ਹੈ। ਸਮਝਣਾ ਔਖਾ ਹੈ ਕਿ ਇਸ ਨਾਲ ਉਸ ਨੂੰ ਹਾਸਲ ਕੀ ਹੋਵੇਗਾ, ਕਿਉਂਕਿ ਉਹ ਐੱਸਆਈਆਰ ਦਾ ਵੀ ਵਿਰੋਧ ਕਰ ਰਿਹਾ ਹੈ। ਐੱਸਆਈਆਰ ਦੇ ਵਿਰੋਧ ਦਾ ਸਿੱਧਾ ਅਰਥ ਇਹ ਹੈ ਕਿ ਵਿਰੋਧੀ ਵੋਟਰ ਸੂਚੀਆਂ ਨੂੰ ਸਹੀ ਕਰਨ ਦੇ ਹੱਕ ਵਿਚ ਨਹੀਂ ਹੈ। ਕੀ ਇਹ ਵਿਲੱਖਣ ਨਹੀਂ ਹੈ ਕਿ ਇਕ ਪਾਸੇ ਉਹ ਵੋਟਰ ਸੂਚੀਆਂ ਵਿਚ ਗ਼ਲਤੀਆਂ ਦੀ ਸ਼ਿਕਾਇਤ ਵੀ ਕਰ ਰਿਹਾ ਹੈ ਤੇ ਦੂਜੇ ਪਾਸੇ ਉਨ੍ਹਾਂ ਨੂੰ ਦੂਰ ਕਰਨ ਲਈ ਐੱਸਆਈਆਰ ਵੀ ਨਹੀਂ ਹੋਣ ਦੇਣਾ ਚਾਹੁੰਦਾ। ਉਸ ਦੇ ਇਸ ਰਵੱਈਏ ਤੋਂ ਤਾਂ ਇਹੀ ਲੱਗਦਾ ਹੈ ਕਿ ਉਸ ਦਾ ਇਕੋ-ਇਕ ਉਦੇਸ਼ ਚੋਣ ਕਮਿਸ਼ਨ ਨੂੰ ਬਦਨਾਮ ਕਰਨਾ ਹੈ ਤੇ ਉਸ ਦੀ ਭਰੋਸੇਯੋਗਤਾ ਨੂੰ ਸ਼ੱਕੀ ਕਰਾਰ ਦੇਣਾ ਹੈ। ਤੰਗ ਸਿਆਸੀ ਹਿੱਤਾਂ ਦੀ ਪੂਰਤੀ ਦੇ ਲਈ ਬੇਸਿਰ-ਪੈਰ ਦੇ ਇਲਜ਼ਾਮਾਂ ਦਾ ਸਹਾਰਾ ਲੈ ਕੇ ਕਿਸੇ ਸੰਵਿਧਾਨਕ ਸੰਸਥਾ ਦੀ ਸਾਖ਼ ਨਾਲ ਖਿਲਵਾੜ ਕਰਨਾ ਇਕ ਤਰ੍ਹਾਂ ਨਾਲ ਲੋਕਤੰਤਰ ਨੂੰ ਕਮਜ਼ੋਰ ਕਰਨ ਵਾਲਾ ਹੀ ਕਾਰਜ ਹੈ। ਲੋਕਤੰਤਰ ਆਪਣੀਆਂ ਸੰਸਥਾਵਾਂ ਰਾਹੀਂ ਹੀ ਸਸ਼ਕਤ ਹੁੰਦਾ ਹੈ। ਇਸ ਤੋਂ ਵੱਡੀ ਵਿਡੰਬਨਾ ਹੋਰ ਕੋਈ ਨਹੀਂ ਕਿ ਲੋਕਤੰਤਰ ਦੀ ਦੁਹਾਈ ਦੇ ਰਹੀਆਂ ਵਿਰੋਧੀ ਧਿਰਾਂ ਇਕ ਤਰ੍ਹਾਂ ਨਾਲ ਉਸ ਦੀਆਂ ਜੜ੍ਹਾਂ ’ਤੇ ਹੀ ਵਾਰ ਕਰਨ ਦਾ ਕੰਮ ਕਰ ਰਹੀਆਂ ਹਨ। ਇਸ ਸੱਚ ਤੋਂ ਮੂੰਹ ਮੋੜਨ ਦਾ ਕੋਈ ਮਤਲਬ ਨਹੀਂ ਹੈ ਕਿ ਕਰੀਬ ਦੋ ਦਹਾਕੇ ਤੋਂ ਵੋਟਰ ਸੂਚੀਆਂ ਨੂੰ ਸਹੀ ਨਾ ਕੀਤੇ ਜਾਣ ਕਾਰਨ ਉਸ ਵਿਚ ਤਮਾਮ ਗੜਬੜੀਆਂ ਪੈਦਾ ਹੋ ਗਈਆਂ ਹਨ। ਇਨ੍ਹਾਂ ਨੂੰ



ਐੱਸਆਈਆਰ ਰਾਹੀਂ ਹੀ ਦੂਰ ਕੀਤਾ ਜਾ ਸਕਦਾ ਹੈ ਤੇ ਇਸ ਪ੍ਰਕਿਰਿਆ ਦਾ ਪਾਲਣ ਕਰਨਾ ਚੋਣ ਕਮਿਸ਼ਨ ਦਾ ਸੰਵਿਧਾਨਕ ਅਧਿਕਾਰ ਹੈ। ਇਸ ਨੂੰ ਸੁਪਰੀਮ ਕੋਰਟ ਨੇ ਵੀ ਵਾਰ ਵਾਰ ਸਪੱਸ਼ਟ ਕੀਤਾ ਹੈ। ਇਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਜਿੱਥੇ ਲਗਪਗ 90 ਕਰੋੜ ਤੋਂ ਵੱਧ ਵੋਟਰ ਹੋਣ, ਉੱਥੇ ਵੋਟਰ ਸੂਚੀਆਂ ਨੂੰ ਦਰੁਸਤ ਕਰਨ ਦੀ ਪ੍ਰਕਿਰਿਆ ਵਿਚ ਕੁਝ ਨਾ ਕੁਝ ਗੜਬੜ ਰਹਿ ਹੀ ਜਾਵੇਗੀ ਪਰ ਇਸ ਦੇ ਆਧਾਰ ’ਤੇ ਇਹ ਨਤੀਜਾ ਕੱਢਣਾ ਲੋਕਾਂ ਨੂੰ ਗੁੰਮਰਾਹ ਕਰਨ ਹੀ ਹੈ ਕਿ ਚੋਣ ਕਮਿਸ਼ਨ ਕਿਸੇ ਖ਼ਾਸ ਧਿਰ ਦੇ ਪੱਖ ਵਿਚ ਕੰਮ ਕਰ ਰਿਹਾ ਹੈ। ਵਿਰੋਧੀ ਚੋਣ ਕਮਿਸ਼ਨ ’ਤੇ ਅਜਿਹੇ ਇਲਜ਼ਾਮ ਤਾਂ ਵੱਧ-ਚੜ੍ਹ ਕੇ ਲਗਾ ਰਹੇ ਹਨ ਪਰ ਐੱਸਆਈਆਰ ਦੀ ਪ੍ਰਕਿਰਿਆ ਵਿਚ ਉਸ ਦਾ ਸਹਿਯੋਗ ਕਰਨ ਲਈ ਬਿਲਕੁਲ ਵੀ ਤਿਆਰ ਨਹੀਂ ਹਨ। ਇਸੇ ਤਰ੍ਹਾਂ ਉਹ ਐੱਸਆਈਆਰ ਕਰ ਰਹੇ ਕਰਮਚਾਰੀਆਂ ਦੀਆਂ ਗ਼ਲਤੀਆਂ ਨੂੰ ਤਾਂ ਤੂਲ ਦੇ ਰਹੇ ਹਨ ਪਰ ਉਸ ਦੀ ਅਣਦੇਖੀ ਕਰ ਰਹੇ ਹਨ ਕਿ ਚੋਣ ਕਮਿਸ਼ਨ ਉਸ ਨੂੰ ਠੀਕ ਕਰਨ ਲਈ ਵੀ ਵੱਡੇ ਪੱਧਰ ’ਤੇ ਕਦਮ ਚੁੱਕ ਰਿਹਾ ਹੈ। ਇਸ ਸੰਦਰਭ ਵਿਚ ਸੁਪਰੀਮ ਕੋਰਟ ਵੀ ਉਸ ਨੂੰ ਜ਼ਰੂਰੀ ਨਿਰਦੇਸ਼ ਦੇ ਰਿਹਾ ਹੈ। ਆਖ਼ਰ ਜਿਸ ਪ੍ਰਕਿਰਿਆ ਨੂੰ ਸੁਪਰੀਮ ਕੋਰਟ ਸਹੀ ਮੰਨ ਰਿਹਾ ਹੈ, ਉਸ ਨੂੰ ਗ਼ਲਤ ਠਹਿਰਾਉਣ ਦਾ ਕੀ ਮਤਲਬ ਰਹਿ ਜਾਂਦਾ ਹੈ? ਹੁਣ ਜਦੋਂ ਵਿਰੋਧੀ ਦਲ ਚੋਣ ਕਮਿਸ਼ਨ ਨੂੰ ਦਾਗ਼ਦਾਰ ਕਰਨ ਲਈ ਇਕ ਸੂਤਰੀ ਪ੍ਰੋਗਰਾਮ ਵਿਚ ਲੱਗ ਗਏ ਹਨ, ਉਦੋਂ ਕਮਿਸ਼ਨ ਨੂੰ ਵੀ ਦੇਖਣਾ ਹੋਵੇਗਾ ਕਿ ਉਹ ਇਸ ਕੂੜ ਪ੍ਰਚਾਰ ਦੀ ਕਿਵੇਂ ਕਾਟ ਕਰਨਗੇ? ਉਸ ਦੇ ਸਾਹਮਣੇ ਇਸ ਤੋਂ ਇਲਾਵਾ ਹੋਰ ਕੋਈ ਹੱਲ ਨਹੀਂ ਹੈ ਕਿ ਉਹ ਆਪਣੀ ਮਾਣ-ਮਰਿਆਦਾ ਦੀ ਰਾਖੀ ਲਈ ਸਰਗਰਮੀ ਨਾਲ ਅੱਗੇ ਆਵੇ। ਕਿਉਂਕਿ ਇਹ ਮੁਲਕ ਦੀ ਇਕ ਸੰਵਿਧਾਨਕ ਸੰਸਥਾ ਦੀ ਸਾਖ਼ ਨਾਲ ਜੁੜਿਆ ਹੋਇਆ ਸਵਾਲ ਹੈ।

# Serving Californians since 1999

Global Green®
INSURANCE AGENCY
Lic #oF34231

Mann Insurance Brokers Inc.
dba Global Green Insurance Agency of the Bay Area

AUTO, HOME, BUSINESS, LIFE

510-487-1000

WWW.GGIABA.COM

COVERED CALIFORNIA™

Certified INSURANCE AGENT

Free Confidential Help

Call : Gurcharan Singh Mann CA License

Medicare

Licensed Insurance Agent

CA Lic # 0C70672

CALL TO ENROL

510-557-0061

Buying OR Selling Real Estate Let US HELP

MANN Real Estate Services

BAY AREA, TRACY, LATHROP, ELK GROVE, ROSEVILLE, ROCKLIN, MOUNTAIN HOUSE

510-557-0061

Find your home on our website

www.mannres.com



Gurcharan Singh Mann
DRE#02321006